INTERNATIONAL MAGAZINE
RNI No. 61816/95

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਏਕੋ ਬ੍ਰਹਮੁ ਦੁਤੀਯ ਨਾਸਤਿ।
ੴ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ

ਅਗਸਤ
2025



ਬ੍ਰਹਮ ਗਿਆਨੀ
ਸ੍ਰੀਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ
ਰਾੜਾ ਸਾਹਿਬ
5 ਅਗਸਤ 1905 – 26 ਅਗਸਤ 1975

ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ
ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ ਗੁਰਮਤਿ ਸਮਾਗਮ ਦੌਰਾਨ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।
ਕੀਰਤਨ ਦਾ ਅਨੰਦ ਮਾਣਦੀਆਂ ਸੰਗਤਾਂ।







ਪਿੰਡ ਝਾਮਪੁਰ (ਨਿਊ ਚੰਡੀਗੜ੍ਹ) ਵਿਖੇ ਟਰੱਸਟ ਰਤਵਾੜਾ ਸਾਹਿਬ ਵਲੋਂ ਬੱਚੀਆਂ ਨੂੰ ਆਤਮ ਨਿਰਭਰ
ਬਣਾਉਣ ਹਿੱਤ ਫਰੀ ਸਿਲਾਈ ਸਿਖਲਾਈ ਸੈਂਟਰ ਦਾ ਬਾਬਾ ਜੀ ਉਦਘਟਿਨ ਕਰਦੇ ਹੋਏ।



# ਆਤਮ ਮਾਰਗ


ਸਾਲ-ਇਕੱਤੀਵਾਂ, ਮਹੀਨਾ-ਅਗਸਤ, 2025

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Registration Under Foreign Contribution (Regulation) Act 1976 R. No. 115320023

## Postal Address for any Enquiry, Money Order, Cheque and drafts :

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India

## SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

## SUBSCRIPTION FOREIGN (ਵਿਦੇਸ਼)

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-
For Atam Marg Email : atammarg1@yahoo.co.in,
Website & Live video -

www.ratwarasahib.org
www.ratwarasahib.com
www.vgrmct.org
} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network
98728-14385, 94172-14385
98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -
9417214378, 9417214384

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

## ਵਿਸ਼ੇਸ਼ ਜਾਣਕਾਰੀ ਲਈ

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


1. ਸੰਪਾਦਕੀ 5
*ਭਾਈ (ਡਾ.) ਸੁਖਵਿੰਦਰ ਸਿੰਘ*

2. ਬਾਰਹ ਮਾਹਾ 8
*ਡਾ. ਭਾਈ ਵੀਰ ਸਿੰਘ ਜੀ*

3. ਮੰਝ ਪਿਆਰਾ ਗੁਰੂ ਨੂੰ.......। 9
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. ਚਉਥੈ ਪਹਰਿ ਸਬਾਹ ਕੈ....................॥ 21
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. ਗੁਰੂ ਅਤੇ ਸਿੱਖ ਦਾ ਸਬੰਧ 28
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

6. ਐਸੇ ਜਨ ਵਿਰਲੇ ਸੰਸਾਰੇ.....॥ 34
*ਸੰਤ ਬਾਬਾ ਲਖਬੀਰ ਸਿੰਘ ਜੀ*

7. ਧੰਨੁ ਧੰਨੁ ਧੰਨੁ ਜਨੁ ਆਇਆ ॥ 39
*ਸੰਤ ਬਾਬਾ ਹਰਪਾਲ ਸਿੰਘ ਜੀ*

8. ਗੁਰਬਾਣੀ ਅਰਥ ਭੰਡਾਰ 43
*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

9. ਗੁਰ ਨਾਨਕ ਆਗਮਨ 45
*ਡਾ. ਭਾਈ ਵੀਰ ਸਿੰਘ ਜੀ*

10. ਜਨ ਪਰਉਪਕਾਰੀ ਆਏ - ਭਾਗ 4 47
*ਪ੍ਰੋ. ਗੁਰਦੇਵ ਸਿੰਘ*

11. ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਾਂਝੀਵਾਲਤਾ 51
*ਡਾ. ਗੁਰਨੇਕ ਸਿੰਘ*

12. ਈਸ਼੍ਵਰ ਅਮੋਲਕ ਲਾਲ 54
*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

13. ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ 56
ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,
ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ

# ਸੰਪਾਦਕੀ

## ਉੂਤਮ ਮਤਿ ਮੇਰੈ ਰਿਦੈ ਤੂੰ ਆਉ ॥

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

ਪਿਛਲੇ ਅੰਕਾਂ ਵਿਚ ਆਪਣੀ ਵੀਚਾਰ ਸੁਰਤਿ ਸਬਦਿ ਦੇ ਮਾਰਗ ਦੀ ਚਲ ਰਹੀ ਹੈ। ਗੁਰਮਤਿ ਵਿਚ ਸ਼ਬਦ ਦੀ ਪ੍ਰਮੁੱਖਤਾ ਹੈ। ਸੁਰਤਿ ਨੇ ਸ਼ਬਦ ਦੇ ਖੰਭਾਂ ਨਾਲ ਉਡਾਰੀ ਭਰਨੀ ਹੈ। ਇਹ ਉਡਾਰੀ ਗੁਰੂ ਬਖਸ਼ਿਸ਼ ਸਦਕਾ ਸੁਖੈਨ ਨਾਲ ਭਰੀ ਜਾ ਸਕਦੀ ਹੈ। ਜਿਸ ਤਹਿਤ 'ਗੁਰਪ੍ਰਸਾਦਿ' ਦੀ ਅਤੀਅੰਤ ਲੋੜ ਹੈ ਪਰ ਇਸ ਦੇ ਵਿਪਰੀਤ ਇਹ ਰੂਹਾਨੀਅਤ ਦਾ ਪੈਂਡਾ ਤੈਅ ਕਰਨਾ ਔਖਾ ਵੀ ਬਹੁਤ ਹੈ। ਭਾਵ '***ਆਖਣਿ ਅਉਖਾ ਸਾਚਾ ਨਾਉ ॥ (ਅੰਗ–੯)***

*ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥*
*ਅੰਗ – ੬੨੨*

ਸੁਰਤਿ ਨੂੰ ਸਮਝਣ ਵਾਸਤੇ ਮਤਿ (ਅਕਲ) ਦੇ ਵੱਖ–ਵੱਖ ਪੱਧਰਾਂ ਨੂੰ ਸਮਝਣਾ ਅਤੀ ਜ਼ਰੂਰੀ ਹੋ ਜਾਂਦਾ ਹੈ। 'ਮਤਿ' ਨੂੰ ਬਾਣੀ ਵਿਚ 'ਅਕਲ' ਵੀ ਕਿਹਾ ਜਾਂਦਾ ਹੈ। ਇਸ ਦੇ ਤਿੰਨ ਪੱਧਰ ਗੁਰਬਾਣੀ ਵਿਚ ਪ੍ਰਗਟਾਏ ਗਏ ਹਨ। ਇਹ ਨੀਵੀਂ, ਸਾਹਵੀਂ ਤੇ ਉਚਤਾਈ ਵਾਲੇ ਤਿੰਨ ਪੱਧਰ (level) ਹਨ। ਜੇਕਰ ਇਹ ਮਤਿ ਨੀਵੇਂ ਪੱਧਰ ਵਲ ਨੂੰ ਜਾਵੇ ਭਾਵ ਗਲਤ ਕੰਮਾਂ, ਪਾਪਾਂ ਵਿਚ ਗ੍ਰਸਤ ਹੋਵੇ ਤਾਂ ਇਸ ਨੂੰ ਕੁਮਤਿ ਕਿਹਾ ਜਾਂਦਾ ਹੈ। ਨੌਵੇਂ ਪਾਤਸ਼ਾਹ ਮਹਾਰਾਜ ਫੁਰਮਾਨ ਕਰਦੇ ਹਨ–

*ਮਨ ਰੇ ਕਉਨੁ ਕੁਮਤਿ ਤੈ ਲੀਨੀ ॥*
*ਪਰ ਦਾਰਾ ਨਿੰਦਿਆ ਰਸ ਰਚਿਓ*
*ਰਾਮ ਭਗਤਿ ਨਹਿ ਕੀਨੀ ॥ ੧ ॥ ਰਹਾਉ ॥*
*ਮੁਕਤਿ ਪੰਥੁ ਜਾਨਿਓ ਤੈ ਨਾਹਨਿ*
*ਧਨ ਜੋਰਨ ਕਉ ਧਾਇਆ ॥*
*ਅੰਤਿ ਸੰਗ ਕਾਹੂ ਨਹੀ ਦੀਨਾ*
*ਬਿਰਥਾ ਆਪੁ ਬੰਧਾਇਆ ॥ ੧ ॥*
*ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ*
*ਨਹ ਉਪਜਿਓ ਕਛੁ ਗਿਆਨਾ ॥*
*ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥ ੨ ॥*
*ਬਹੁਤੁ ਜਨਮ ਭਰਮਤ ਤੈ ਹਾਰਿਓ*
*ਅਸਥਿਰ ਮਤਿ ਨਹੀ ਪਾਈ ॥*
*ਮਾਨਸ ਦੇਹ ਪਾਇ ਪਦ ਹਰਿ ਭਜੁ*
*ਨਾਨਕ ਬਾਤ ਬਤਾਈ ॥ ਅੰਗ– ੬੩੧*

ਇਸ ਸ਼ਬਦ ਵਿਚ 'ਕੁਮਤਿ' ਦੇ ਸੁਭਾਅ ਦੇ ਨੀਵੇਂ ਪੱਧਰ ਦਾ ਜ਼ਿਕਰ ਹੈ। ਬਾਣੀ ਤਾਕੀਦ ਕਰਦੀ ਹੈ ਕਿ ਹੇ ਜੀਵ! ਤੂੰ 'ਅਸਥਿਰ' ਮਤਿ ਨਹੀਂ ਪਾਈ ਭਾਵ ਅਡੋਲਤਾ ਰੱਖਣ ਵਾਲੀ (ਅਕਲ) (ਮਤਿ) ਨਹੀਂ ਸਿੱਖੀ ਜਿਸ ਨਾਲ ਤੇਰਾ ਜਨਮ ਮਰਨ ਖਤਮ ਹੋ ਜਾਂਦਾ। ਇਸ ਤੋਂ ਇਹ ਭਾਵ ਨਿਕਲਦਾ ਹੈ ਕਿ ਕੋਈ ਹੋਰ ਵੀ ਮਤਿ (ਅਕਲ) ਹੈ ਜਿਸ ਨੂੰ ਅਸਥਿਰ ਮਤਿ ਕਿਹਾ ਗਿਆ ਹੈ। ਇਸ ਦਾ ਪ੍ਰਗਟਾਵਾ ਹੋਰ ਸਪੱਸ਼ਟ ਸ਼ਬਦਾਂ ਵਿਚ ਬਾਣੀ ਕਰਦੀ ਹੈ ਕਿ ਕਿਹੜੀ ਅਕਲ ਪ੍ਰਵਾਨ ਹੈ? –

*ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥*
*ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥*
*ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥*
*ਅੰਗ – ੧੨੪੫*

ਪ੍ਰਭੂ ਦੇ ਸਿਮਰਨ ਵਿਚ ਜੁੜਨ ਵਾਲੇ ਅਤੇ ਉਸ ਦੀ ਸਿਫਤ ਸਲਾਹ ਕਰਨ ਵਾਲੇ ਹੀ ਅਸਲੀ ਅਕਲ ਦੇ ਮਾਲਕ ਹਨ। ਉਹ ਹੀ ਸਹੀ ਸੁੱਘੜ ਸਿਆਣੇ ਪੁਰਸ਼ ਹਨ –

*ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ*
*ਤੇ ਜਨ ਸੁਘੜ ਸਿਆਣੇ ਰਾਮ ਰਾਜੇ ॥ ਅੰਗ – ੪੫੦*

*ਗੁਰ ਕੀ ਮਤਿ ਤੂੰ ਲੇਹਿ ਇਆਨੇ ॥*
*ਭਗਤਿ ਬਿਨਾ ਬਹੁ ਡੂਬੇ ਸਿਆਨੇ ॥ ਅੰਗ – ੨੮੮*

ਭਾਵ –

*ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥*
*ਅੰਗ – ੧*

ਇਸ ਦੀ ਪੁਸ਼ਟੀ ਹੋਰ ਸਪੱਸ਼ਟਤਾ ਨਾਲ ਬਾਣੀ ਵਿਚ ਹੋ ਰਹੀ ਹੈ–

*ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ ॥*
*ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ ॥*
*ਅੰਗ – ੨੦*

ਅਨੇਕਾਂ ਸਿਆਣਪਾਂ (ਚਤੁਰਾਈਆਂ) ਅਤੇ ਅਨੇਕਾਂ ਮਾਇਆਵੀ (ਦੁਨਿਆਵੀ) ਮੇਲ ਮਿਲਾਪ ਕੱਖ ਦੇ ਬਰਾਬਰ ਵੀ ਨਹੀਂ ਹਨ ਜੇ ਗੁਰੂ ਦੀ ਸੰਗਤ ਪ੍ਰਾਪਤ ਨਹੀਂ ਹੋਈ। ਇਸ ਦੀ ਅਣਹੋਂਦ ਨਾਲ ਤ੍ਰਿਸ਼ਨਾ ਕਦੇ ਖਤਮ ਨਹੀਂ ਹੁੰਦੀ ਅਤੇ ਮਾਨਸਿਕ ਦੁਖ ਕਲੇਸ਼ ਬਣਿਆ ਰਹਿੰਦਾ ਹੈ। ਆਪਣੀ ਵੀਚਾਰ 'ਕੁਮਤਿ' ਦੀ ਚਲ ਰਹੀ ਹੈ। ਜੇਕਰ ਇਹ ਮੰਦੇ ਪਾਸੇ ਲਗਦੀ ਹੈ ਤਾਂ ਇਹ 'ਕੁਮਤਿ' ਹੈ। ਬਾਣੀ ਦਾ ਫੁਰਮਾਨ ਹੈ –

*ਮੰਮੈ ਮਤਿ ਹਿਰਿ ਲਈ ਤੇਰੀ ਮੂੜੇ*
*ਹਉਮੈ ਵਡਾ ਰੋਗੁ ਪਇਆ ॥* *ਅੰਗ - ੪੩੫*

ਇਹ 'ਮਤਿ' ਮਨ ਦੇ ਪਿਛੇ ਚਲਦੀ ਹੈ। ਮਨ ਦੇ ਪਿੱਛੇ ਲਗ ਕੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਜਿਹੇ ਵਿਕਾਰਾਂ ਵਿਚ ਪੈ ਕੇ ਪਛਤਾਵਾ ਪੱਲੇ ਰਹਿ ਜਾਂਦਾ ਹੈ ਇਹ ਸਾਰੇ ਝੂਠੇ ਲਾਲਚ ਹਨ -

*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥*
*ਅੰਗ - ੭੨੬*

ਬਾਣੀ ਵਿਚ ਇਸ ਵਰਤਾਰੇ ਨੂੰ ਮਤਿ ਦੀ 'ਹਾਰ' ਕਿਹਾ ਗਿਆ ਹੈ। ਭਾਵ -

*ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ ॥*
*ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥* *ਅੰਗ - ੩੧੪*

ਐਸੀ ਮਤਿ ਨੂੰ ਬਾਣੀ ਵਿਚ ਹੋਰ ਨਾਮ ਵੀ ਦਿਤੇ ਹਨ। ਜਿਵੇਂ ਕਿ ਮਲੀਨ, ਮੁਗਧ, ਅਲਪ, ਬਉਰੀ, ਉਛੀ, ਮੂੜ, ਝੂਠੀ, ਹੀਨੀ ਆਦਿ ਵਿਸ਼ੇਸ਼ਣਾਂ ਨਾਲ ਬਾਣੀ ਵਿਚ ਚਿਤਰਿਆ ਗਿਆ। ਐਸੀ ਮਤਿ ਮਾਇਆ ਦੇ ਭਵਜਲ ਵਿਚ ਡੋਬਦੀ ਹੈ।

ਹੁਣ ਮਨ ਅੰਦਰ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਉਹ ਕਿਹੜੀ ਮਤਿ ਹੈ ਜੋ ਭਵਜਲ ਤੋਂ ਪਾਰ ਕਰਦੀ ਹੈ। ***'ਕਵਨ ਸੁ ਮਤਿ ਜਿਤੁ ਤਰੈ ਇਹ ਮਾਇ ॥ (ਅੰਗ-੧੮੦)*** ਤਾਂ ਫਿਰ ਜਗਿਆਸੂ ਅਰਦਾਸ ਕਰਦਾ ਹੈ ਕਿ ਐਸੀ 'ਮਤਿ' (ਅਕਲ) ਬਖਸ਼ਿਸ਼ ਕਰੋ ਹੇ ਵਾਹਿਗੁਰੂ! ਜਿਹਦੇ ਨਾਲ ਇਹ ਭਵਜਲ ਤਰਿਆ ਜਾ ਸਕੇ। ਭਾਵ -

*ਊਤਮ ਮਤਿ ਮੇਰੈ ਰਿਦੈ ਤੂੰ ਆਉ ॥* *ਅੰਗ - ੩੨੭*

ਇਥੇ ਉਤਮ ਮਤਿ ਦੀ ਜਗਿਆਸਾ ਹੈ ਲੋਚਾ ਹੈ। ਇਹ ਸੁਮਤਿ ਵਲ ਰੁਚਤਿ ਹੋਣਾ ਹੈ। ਭਾਵ ਅਰਦਾਸ ਹੈ -

*ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ ॥*
*ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ ॥* *ਅੰਗ - ੬੭੭*

ਹੁਣ ਜਗਿਆਸੂ, ਗੁਰੂ ਵਲ ਨੂੰ ਮੁੱਖ ਕਰਦਾ ਹੈ ਤਾਂ ਜੋ ਉਸ ਤੋਂ ਮਤਿ (ਅਕਲ) ਲੈ ਕੇ ਗ੍ਰਹਿਣ ਕੀਤੀ ਜਾਵੇ -

*ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ*
*ਜਪਿ ਹਰਿ ਭਵਜਲੁ ਤਰਨਾ ॥* *ਅੰਗ - ੬੭੦*

ਤਾਂਹੀ ਸਾਡੀ ਕੌਮੀ ਅਰਦਾਸ ਦਾ ਇਹ ਭਾਗ ਹੈ ਕਿ 'ਗੁਰਸਿੱਖਾਂ ਦਾ ਮਨ ਨੀਵਾਂ, ਮਤਿ ਉਚੀ, ਮਤਿ ਪਤਿ ਦਾ ਰਾਖਾ ਆਪ ਅਕਾਲ ਪੁਰਖ ਵਾਹਿਗੁਰੂ।' ਮਨ ਗੁਰੂ ਦੀ ਮਤਿ ਅੱਗੇ ਨੀਵਾਂ ਹੈ। ਭਾਵ ਮਨ ਨੇ ਗੁਰੂ ਦੀ ਮਤਿ ਲੈ ਕੇ ਨਵਜੀਵਨ, ਨਵੀਂ ਜ਼ਿੰਦਗੀ ਜਿਉਣੀ ਆਰੰਭ ਕਰਨੀ ਹੈ। ਭਾਵ-

*ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ ਅੰਗ - ੯੪੦*

ਆਪਣਾ ਨਿਜੀ ਜੀਵਨ, ਮਨ ਦੀ ਮਰਜ਼ੀ ਵਾਲਾ ਜੀਵਨ ਛੱਡ ਕੇ ਗੁਰੂ ਦੀਆਂ ਬਖਸ਼ਿਸ਼ਾਂ, ਪੰਜ ਕਕਾਰੀ, ਗੁਰੂ ਦੀ ਰਹਿਤ ਬਹਿਤ ਵਾਲਾ, ਬਾਣੀ ਤੇ ਬਾਣੇ ਦੇ ਧਾਰਨੀ ਹੋ ਕੇ, ਖਾਲਸਾਈ ਰਹਿਤ ਵਿਚ ਪਰਪੱਕ, ਸੰਤ ਤੇ ਸਿਪਾਹੀ ਵਾਲਾ ਜੀਵਨ ਬਤੀਤ ਕਰਨਾ ਹੈ। ਇਹ ਗੁਰਮਤਿ ਦਾ ਗਾਡੀ ਰਾਹ ਹੈ -

*ਗੁਰਸਿਖ ਮੀਤ ਚਲਹੁ ਗੁਰ ਚਾਲੀ ॥*
*ਜੋ ਗੁਰੁ ਕਹੈ ਸੋਈ ਭਲ ਮਾਨਹੁ*
*ਹਰਿ ਹਰਿ ਕਥਾ ਨਿਰਾਲੀ ॥* *ਅੰਗ - ੬੬੭*

ਐਸੀ ਮਤਿ ਨੂੰ ਗੁਰਬਾਣੀ ਵਿਚ, ਨਿਰਮਲ, ਨਉਤਨ, ਪ੍ਰਧਾਨ, ਸੁਧ, ਪੀਰ, ਨਿਹਚਲ, ਪਰਵਾਣ, ਖਰੀ, ਦੁਰਲੱਭ ਆਦਿ ਵਿਸ਼ੇਸ਼ਣਾਂ ਨਾਲ ਦਰਸਾਇਆ ਗਿਆ ਹੈ।

ਇਹ ਗੁਰੂ ਦੀ ਮਤਿ ਹੈ ਭਾਵ ਗੁਰੂ ਦੀ ਸਿਖਿਆ ਰਾਹੀਂ ਪ੍ਰਾਪਤ ਹੋਈ ਮਤਿ ਹੈ। ਤਦੇ ਗੁਰਸਿੱਖ ਜਗਿਆਸੂ ਗੁਰੂ ਅੱਗੇ ਐਸੀ ਮਤਿ ਦੀ ਪ੍ਰਾਪਤੀ ਦੀ ਲੋਚਾ ਕਰਦਾ ਹੈ। ਅਰਦਾਸ ਵਿਚ ਜੁੜਦਾ ਹੈ ਕਿ ਹੇ ਸੱਚੇ ਪਾਤਸ਼ਾਹ -

*ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ ॥*
*ਅੰਗ - ੪੫੦*

ਜਦੋਂ ਪੂਰੀ ਤਰ੍ਹਾਂ ਸਿਰੰਡਰ ਕਰਕੇ, ਆਪਣਾ ਆਪਾ ਗੁਰੂ ਨੂੰ ਸਮਰਪਣ ਕਰਕੇ, ਗੁਰੂ ਦੀ ਸਿੱਖਿਆ 'ਤੇ ਚਲਦਾ ਹੈ ਤਾਂ 'ਸੁਮਤਿ' ਪ੍ਰਗਟ ਹੋ ਜਾਂਦੀ ਹੈ। ਇਹ ਸੁਮਤਿ ਹੈ ਤਾਂ ਸਰੀਰ ਦੇ ਅੰਦਰ ਹੀ ਪਰ ਗੁਰੂ ਕੀ ਮਤਿ ਗ੍ਰਹਿਣ ਕਰੇ ਬਗੈਰ ਪ੍ਰਗਟ ਨਹੀਂ ਹੁੰਦੀ। ਫਿਰ ਅੰਦਰ ਲਿਵ ਲਗਦੀ ਹੈ ਤੇ ਸਹਿਜ ਗਿਆਨ ਪ੍ਰਗਟ ਹੋ ਜਾਂਦਾ ਹੈ। ਭਾਵ -

*ਉਪਜੈ ਸਹਜੁ ਗਿਆਨ ਮਤਿ ਜਾਗੈ ॥*
*ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥* *ਅੰਗ - ੯੨*

ਤਦ ਮਤਿ ਅੰਦਰ ਅਨੇਕਾਂ ਸਤਗੁਣਾਂ ਦੀ ਰਾਸ ਉਤਪੰਨ ਹੋ ਜਾਂਦੀ ਹੈ। ਮਾਣਕ ਮੋਤੀ, (ਰਸ ਰੂਪ, ਪ੍ਰਕਾਸ਼ ਰੂਪ, ਸਬਦ ਰੂਪ ਵਿਚ) ਪ੍ਰਗਟ ਹੋ ਜਾਂਦੇ ਹਨ-

*ਮਤਿ ਵਿਚਿ ਰਤਨ ਜਵਾਹਰ ਮਾਣਿਕ*
*ਜੇ ਇਕ ਗੁਰ ਕੀ ਸਿਖ ਸੁਣੀ ॥* *ਅੰਗ - ੨*

ਪਰ ਇਹ ਜੀਵ ਦੇ ਆਪਣੇ ਵਸ ਦੀ ਬਾਤ ਨਹੀ, ਮਤਿ ਹਮੇਸ਼ਾਂ ਕਦੇ ਉਪਰਲੇ ਪੱਧਰ ਵਲ 'ਤੇ ਕਦੇ ਨੀਵੇਂ ਪੱਧਰ ਵਲ ਨੂੰ ਜਾਂਦੀ ਰਹਿੰਦੀ ਹੈ।

*ਮਤਿ ਪੰਖੇਰੂ ਕਿਰਤੁ ਸਾਥਿ ਕਬ ਉਤਮ ਕਬ ਨੀਚ ॥*
*ਕਬ ਚੰਦਨਿ ਕਬ ਅਕਿ ਡਾਲਿ ਕਬ ਉਚੀ ਪਰੀਤਿ ॥*
*ਨਾਨਕ ਹੁਕਮਿ ਚਲਾਈਐ ਸਾਹਿਬ ਲਗੀ ਰੀਤਿ ॥*
*ਅੰਗ - ੧੪੭*

ਇਹ ਦੋਵੇਂ ਪੱਖ ਅਕਾਲ ਪੁਰਖ ਦੇ ਹੁਕਮ ਵਿਚ ਹਨ।

*ਨਾ ਕੋ ਮੂਰਖੁ ਨਾ ਕੋ ਸਿਆਣਾ ॥*
*ਵਰਤੈ ਸਭ ਕਿਛੁ ਤੇਰਾ ਭਾਣਾ ॥ ਅੰਗ - ੯੮*

*ਆਪਿ ਭੁਲਾਇ ਆਪੇ ਮਤਿ ਦੇਵੈ ॥ ਅੰਗ - ੨੨੪*

ਇਸੇ ਲਈ ਜਗਿਆਸੂ ਇਹ ਬੇਨਤੀ ਕਰਦਾ ਹੈ-

*ਕਰਹੁ ਕ੍ਰਿਪਾ ਭ੍ਰਮੁ ਚੂਕਈ*
*ਮੈ ਸੁਮਤਿ ਦੇਹੁ ਸਮਝਾਇ ॥ ਅੰਗ - ੩੪੬*

ਐਸੀ ਅਰਦਾਸ ਵਿਚ ਜੁੜੀਏ ਸੱਚੇ ਪਾਤਸ਼ਾਹ! ਕ੍ਰਿਪਾ ਕਰੋ -

*ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ ॥*
*ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ ॥ ਅੰਗ - ੬੭੭*

ਸਾਨੂੰ ਆਪਣੇ ਪਿਆਰਿਆਂ ਦੀ, ਜਿਹੜੇ ਸੁਮਤਿ ਧਰੀਕ ਹਨ, ਪੁੱਗੇ ਹੋਏ ਹਨ ਉਹਨਾਂ ਦੀ ਚਰਨ ਧੂੜ ਬਖਸ਼ੋ-

*ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥*
*ਨਾਨਕ ਦਾਸੁ ਇਹੈ ਸੁਖੁ ਮਾਗੈ*
*ਮੋ ਕਉ ਕਰਿ ਸੰਤਨ ਕੀ ਧੂਰੇ ॥ ਅੰਗ - ੧੩*

ਉਨ੍ਹਾਂ ਰੱਬੀ ਰੂਹਾਂ ਨੇ ਐਸੀ ਸੁਮਤਿ ਪਾਈ ਹੈ ਕਿ ਉਹ ਅਭੇਦ ਅਵਸਥਾ ਨੂੰ ਪ੍ਰਾਪਤ ਹੋ ਗਏ ਹਨ। ਐਸੇ ਹਨ ਪੂਰਨ ਬ੍ਰਹਮ ਗਿਆਨੀ ਮਹਾਂਪੁਰਸ਼ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ। ਜਿਨ੍ਹਾਂ 'ਤੇ ਬਾਣੀ ਦੀਆਂ ਅਨੇਕਾਂ ਪੰਕਤੀਆਂ ਪੂਰਨ ਤੌਰ 'ਤੇ 100% ਢੁਕਦੀਆਂ ਹਨ। ਜਿਵੇਂ ਕਿ -

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ- ੩੯੭*

*ਜਿਨ ਹਰਿ ਜਪਿਆ ਸੇ ਹਰਿ ਹੋਏ*
*ਹਰਿ ਮਿਲਿਆ ਕੇਲ ਕੇਲਾਲੀ ॥ ਅੰਗ - ੬੬੭*

*ਹਰਿ ਹਰਿਜਨ ਦੁਇ ਏਕ ਹੈ ਬਿਬ ਬਿਚਾਰ ਕਛੁ ਨਾਹਿ।*
*ਜਲ ਤੇ ਉਪਜ ਤਰੰਗ ਜਿਉ*
*ਜਲ ਹੀ ਬਿਖੈ ਸਮਾਹਿ॥ ਦੋਹਰਾ*

*ਐਸੇ ਜਨ ਵਿਰਲੇ ਸੰਸਾਰੇ ॥*
*ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥*
*ਆਪਿ ਤਰਹਿ ਸੰਗਤਿ ਕੁਲ ਤਾਰਹਿ*
*ਤਿਨ ਸਫਲ ਜਨਮੁ ਜਗਿ ਆਇਆ ॥ ਅੰਗ- ੧੦੩੯*

ਇਕ ਨਹੀਂ ਅਨੇਕਾਂ ਬਾਣੀ ਦੇ ਫੁਰਮਾਨ ਐਸੇ ਮਹਾਂਪੁਰਸ਼ਾਂ ਦੀਆ ਘਾਲਣਾ ਕਮਾਈਆਂ ਅਤੇ ਆਤਮਿਕ ਉਚਤਾਈ ਨੂੰ ਦਰਸਾਉਂਦੇ ਹਨ।

*ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ ॥*
*ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ ॥*
*ਅੰਗ - ੯੨੯*

ਉਨ੍ਹਾਂ ਸਤਿਪੁਰਸ਼ਾਂ ਦਾ ਆਗਮਨ ਦਿਵਸ 5 ਅਗਸਤ ਨੂੰ ਹੈ ਅਤੇ 25 ਅਗਸਤ ਨੂੰ ਪੰਜ ਭੂਤਕ ਸਰੀਰ ਦੇ ਪ੍ਰੀਤਿਆਗ ਦਾ ਦਿਨ ਹੈ। ਰਾੜਾ ਸਾਹਿਬ ਦੀ ਪਾਵਨ ਧਰਤੀ 'ਤੇ ਇਹ ਦਿਹਾੜੇ ਉਪਰੋਕਤ ਤਿੱਥਾਂ ਨੂੰ ਹੀ ਵਿਸ਼ਾਲ ਗੁਰਮਤਿ ਸਮਾਗਮ ਦੇ ਰੂਪ ਵਿਚ ਮਨਾਏ ਜਾਂਦੇ ਹਨ ਪਰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਵੱਖ-ਵੱਖ ਤਿੱਥਾਂ ਨੂੰ ਗੁਰਮਤਿ ਸਮਾਗਮ ਦੇ ਰੂਪ ਵਿਚ ਮਨਾਏ ਜਾਂਦੇ ਹਨ।

ਆਉ! ਜੁੜੀਏ ਇਨ੍ਹਾਂ ਸਮਾਗਮਾਂ ਵਿਚ। ਇਥੇ ਇਹ ਵੀ ਜ਼ਿਕਰ-ਏ-ਯੋਗ ਹੈ ਕਿ ਰਤਵਾੜਾ ਸਾਹਿਬ ਵਿਖੇ 8 ਅਗਸਤ ਨੂੰ ਸਤਿਕਾਰਯੋਗ ਬੀਜੀ (ਮਾਤਾ ਰਣਜੀਤ ਕੌਰ ਜੀ) ਦੇ ਜਨਮ ਦਿਨ ਸਬੰਧੀ ਵੀ ਗੁਰਮਤਿ ਸਮਾਗਮ ਹੋ ਰਹੇ ਹਨ। ਆਉ, ਹੋਈਏ ਸ਼ਾਮਿਲ ਇਨ੍ਹਾਂ ਸਮਾਗਮਾਂ ਵਿਚ। ਆਪਾਂ ਵੀ ਉਨ੍ਹਾਂ ਗੁਣਾਂ ਦੀ ਲੋਚਾ ਕਰੀਏ ਜਿਨ੍ਹਾਂ ਨੂੰ ਧਾਰਨ ਕਰਕੇ ਉਹ ਰੱਬੀ ਰੂਹਾਂ ਪ੍ਰਵਾਨ ਹੋ ਗਈਆਂ ਹਨ। ਇਸੇ ਪ੍ਰਥਾਇ ਇਕ ਨਵਾਂ ਲੇਖ ਟਰੱਸਟ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਵਲੋਂ ਰਚਿਤ ਹਥਲੇ ਅੰਕ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸਿੱਖ ਇਤਿਹਾਸ ਵਿਚ ਸਤਿਕਾਰਤ ਬੀਬੀਆਂ ਦੇ ਯੋਗਦਾਨ ਅਤੇ ਸਤਿਕਾਰਯੋਗ ਬੀਜੀ (ਮਾਤਾ ਰਣਜੀਤ ਕੌਰ ਜੀ) ਦੇ ਜੀਵਨ ਅਤੇ ਕਰਨੀ ਕਮਾਈ ਬਾਰੇ ਵਿਸਥਾਰ ਪੂਰਵਕ ਵਿਚਾਰ ਕੀਤੀ ਗਈ ਹੈ। ਆਸ ਹੈ ਕਿ ਸਮੂੰਹ ਪਾਠਕ ਜਨ ਪੜ੍ਹ ਕੇ, ਸੁਣ ਕੇ ਜੀਵਨ ਦੇ ਲਾਹੇ ਪ੍ਰਾਪਤ ਕਰਨਗੇ।

ਭੁਲਾਂ ਚੁਕਾਂ ਦੀ ਖਿਮਾਂ।

# ਭਾਦੁਇ

**(ਭਾਦੋਂ ਮਹੀਨੇ ਦੀ ਸੰਗਰਾਂਦ : 16 ਅਗਸਤ, ਦਿਨ ਸ਼ਨਿੱਚਰਵਾਰ)**

*ਡਾ. ਭਾਈ ਵੀਰ ਸਿੰਘ ਜੀ*

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥ ੭ ॥

**ਅੰਗ - ੧੩੪**

ਭਾਦੋਂ (ਦੁਆਰਾ ਉਪਦੇਸ਼ ਹੈ ਕਿ ਉਹ) ਜੀਵ ਇਸਤ੍ਰੀਆਂ ਭਰਮ ਵਿਚ ਭੁੱਲੀਆਂ ਹੋਈਆਂ ਹਨ (ਜਿਨ੍ਹਾਂ ਦਾ ਵਾਹਿਗੁਰੂ ਤੋਂ ਛੁੱਟ) ਦੂਜੇ (ਭਾਵ ਸੰਸਾਰ) ਨਾਲ ਪ੍ਰੇਮ ਲੱਗਾ ਹੈ। (ਉਨ੍ਹਾਂ ਦੇ) ਲੱਖਾਂ ਸ਼ਿੰਗਾਰ ਕੀਤੇ ਹੋਏ ਕਿਸੇ ਕੰਮ ਨਹੀਂ ਆਉਣੇ। ਜਿਸ ਦਿਨ (ਇਹ) ਦੇਹੀ ਬਿਨਸੇਗੀ (ਨਾਸ਼ ਹੋਵੇਗੀ) ਉਸ ਵੇਲੇ (ਆਪਣੇ ਘਰ ਦੇ ਹੀ ਇਸ ਦੇਹੀ ਨੂੰ) ਪ੍ਰੇਤ-ਪ੍ਰੇਤ ਕਹਿਣ ਲਗ ਪੈਣਗੇ। (ਉਧਰ ਇਸ ਦੀ ਰੂਹ ਨੂੰ) ਧਰਮ ਰਾਜ ਦੇ ਦੂਤ ਫੜ ਕੇ ਲੈ ਟੁਰਨਗੇ ਤੇ ਕਿਸੇ (ਸਨੇਹੀ) ਨੂੰ ਭੇਤ ਨਹੀਂ ਦੇਣਗੇ (ਕਿ ਇਸਨੂੰ ਕਿਉਂ ਤੇ ਕਿੱਥੇ ਲੈ ਚੱਲੇ ਹਨ। ਇਸ ਤਰ੍ਹਾਂ ਜਮਦੂਤਾਂ ਦੇ ਹੱਥ ਫੜੇ ਜਾਣ ਤੇ) ਜਿਨ੍ਹਾਂ ਨਾਲ ਪਿਆਰ ਪਿਆ ਹੋਇਆ ਸੀ (ਉਹ ਸਾਰੇ) ਓਸੇ ਛਿਨ ਵਿਚ ਛੱਡ ਖਲੋਂਦੇ ਹਨ (ਭਾਵ ਕਿਸੇ ਦੀ ਪੇਸ਼ ਨਹੀਂ ਜਾਂਦੀ। ਉਧਰ ਮਰਨ ਵਾਲਾ ਪ੍ਰਾਣੀ ਜਮਾਂ ਨੂੰ ਦੇਖ ਕੇ ਡਰਦਾ) ਹੱਥ ਮਰੋੜਦਾ ਹੈ, ਤਨ ਕੰਬਦਾ ਹੈ ਤੇ ਰੰਗ (ਜੋ ਕਾਲਾ ਪੈ ਰਿਹਾ ਸੀ, ਮਾਰੇ ਡਰ ਦੇ) ਕਾਲੇ ਤੋਂ ਚਿੱਟਾ ਹੋਣ ਲਗ ਜਾਂਦਾ ਹੈ। (ਕੋਈ ਹੁਣ ਕੀਹ ਕਰੇ) ਕਰਮਾਂ ਦਾ ਖੇਤ ਜੇਹਾ ਬੀਜਿਆ ਸਾਸੁ ਤੇਹਾ ਹੁਣ ਵੱਢੇਗਾ। (ਪਰੰਤੂ ਜੋ) ਪ੍ਰਭੂ ਦੀ ਸ਼ਰਨ ਆ ਜਾਂਦੇ ਹਨ, ਹੇ ਨਾਨਕ! ਵਾਹਿਗੁਰੂ ਜੀ (ਉਨ੍ਹਾਂ ਨੂੰ ਆਪਣੇ) ਚਰਨਾਂ ਰੂਪੀ ਜਹਾਜ਼ ਦੇ ਦਿੰਦੇ ਹਨ (ਤਾਂ ਜੋ ਭਵਜਲ ਤੋਂ ਉਹ ਸੁਖੈਨ ਪਾਰ ਹੋ ਜਾਵਣ) ਉਹ ਨਰਕ ਵਿਚ ਨਹੀਂ ਪਾਏ ਜਾਂਦੇ ਜਿਨ੍ਹਾਂ ਨੂੰ ਹਿਤਕਾਰੀ ਗੁਰੂ ਰਖਿਆ ਕਰਨੇ ਵਾਲਾ ਪ੍ਰਾਪਤ ਹੈ (ਇਹ) ਭਾਦੋਂ ਦਾ ਉਪਦੇਸ਼ ਹੈ।

ਵਿਆਖਿਆ - ਇਹ ਮਹੀਨਾ ਹੈ ਤਾਂ ਤਪਾਵਸ ਦਾ ਹੀ ਪਰ ਇਹ ਵੱਟ ਤੇ ਘਬਰਾ ਲਈ ਮਸ਼ਹੂਰ ਹੈ ਤੇ ਕਈ ਵੇਰ ਤਪਾਲੀ ਆਦਿ ਦੀ ਖੇਚਲ ਬੀ ਫੈਲ ਜਾਂਦੀ ਹੈ। ਸੋ ਇਸ ਮਹੀਨੇ ਵਿਚ ਉਸ ਵਿਛੁੜੇ ਜੀਵ ਦਾ ਜ਼ਿਕਰ ਹੈ ਜੋ ਗਾਫਲ ਰਿਹਾ, ਮਾਇਆ ਵਿਚ ਖਚਿਤ ਰਿਹਾ, ਉਸ ਦੇ ਅੰਤ ਸਮੇਂ ਦੀ ਮਾੜੀ ਦਸ਼ਾ ਦਾ ਵਰਣਨ ਹੈ।

ਅੰਤਲੀਆਂ ਸਤਰਾਂ ਵਿਚ ਭੁੱਲੇ ਜੀਵਾਂ ਨੂੰ ਉਪਦੇਸ਼ ਦੇਂਦੇ ਹਨ ਕਿ ਗੁਰੂ ਨੂੰ ਪ੍ਰਾਪਤ ਹੋਵੋ। ਉਸ ਦੇ ਉਪਦੇਸ਼ ਤੇ ਸਹਾਇਤਾ ਨਾਲ ਪ੍ਰਭੂ ਦੀ ਸ਼ਰਣ ਲੱਭੇਗੀ, ਸ਼ਰਣ ਦਾਤਾ ਫੇਰ ਆਪਣੇ ਚਰਨਾਂ ਦਾ ਤੁਲਹਾ ਦੇ ਕੇ ਸੰਸਾਰ ਸਾਗਰ ਤੋਂ ਪਾਰ ਕਰ ਲਏਗਾ।

ਨਿਰੁੱਕਤ - ਬਿਨਸਸੀ - ਬਿਨਸੇਗੀ, ਮਰੇਗੀ। ਪ੍ਰੇਤ - ਅਪਗਤਿ ਰੂਹ। ਹਥ ਮਰੋੜੈ-ਭਾਵ ਪਛੁਤਾਵੇ ਵਿਚ ਹਥ ਮਲਦਾ ਹੈ।

ਸੇਤੁ-ਚਿੱਟਾ। ਬੋਹਿਥ-ਜਹਾਜ਼

ਹੇਤੁ-ਪਿਆਰ (ਅ) ਹਿਤੂ ਹਿਤਕਾਰੀ।

# ਮੰਝ ਪਿਆਰਾ ਗੁਰੂ ਨੂੰ......।

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਰਾਖੋ ਰਾਖਨਹਾਰ ਦਇਆਲਾ,*
*ਨਾਨਕ ਘਰ ਕੇ ਗੋਲੇ ।*
*ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥*
*ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ*
*ਹਮ ਬਾਰਿਕ ਤੁਮਰੇ ਧਾਰੇ ॥ ੧ ॥*
*ਜਿਹਵਾ ਏਕ ਕਵਨ ਗੁਨ ਕਹੀਐ ॥ ਬੇਸੁਮਾਰ ਬੇਅੰਤ*
*ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ ॥ ੧ ॥ ਰਹਾਉ ॥*
*ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ ॥*
*ਹਮ ਅਗਿਆਨ ਅਲਪ ਮਤਿ ਥੋਰੀ*
*ਤੁਮ ਆਪਨ ਬਿਰਦੁ ਰਖਾਵਹੁ ॥ ੨ ॥*

*ਧਾਰਨਾ - ਨਾਨਕ ਘਰ ਕੇ ਗੋਲੇ, ਸਤਿਗੁਰ ਰਖ ਲਓ ਜੀ।*

*ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥*
*ਰਾਖਹੁ ਰਾਖਨਹਾਰ ਦਇਆਲਾ*
*ਨਾਨਕ ਘਰ ਕੇ ਗੋਲੇ ॥ ੩ ॥ ੧੨ ॥ ਅੰਗ- ੬੭੩*
*ਧਾਰਨਾ - ਜਸ ਕਰੋ ਵਾਹਿਗੁਰੂ ਦਾ ਪਿਆਰਿਓ,*
*ਚਿਤ ਨੂੰ ਇਕਾਗਰ ਕਰਕੇ।*
*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥ ਅੰਗ- ੨੯੫*

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਮਹਾਰਾਜ ਫੁਰਮਾਉਂਦੇ ਨੇ ਕਿ ਜੋ ਕੋਈ ਚਿੱਤ ਨੂੰ ਇਕਾਗਰ ਕਰਕੇ, ਗੁਰੂ ਦੀ ਬਾਣੀ ਨੂੰ ਸਰਵਣ ਕਰਦੈ, ਬੁੱਧੀ ਦੇ ਨਾਲ ਵਿਚਾਰ ਕੇ ਹਿਰਦੇ ਵਿਚ ਧਾਰਦੈ। ਉਸ ਨੂੰ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ- ੫੪੬*

ਕਈ ਕਰੋੜ ਜੱਗਾਂ ਦਾ ਫਲ ਪ੍ਰਾਪਤ ਹੁੰਦੈ। ਜਿਹੜੇ ਸੁਣਦੇ ਨੇ ਤੇ ਫੇਰ ਗਾਉਂਦੇ ਨੇ। ਇਹਦੇ ਵਿਚ ਇਕ ਚੀਜ਼ ਹੈ। ਜਿੰਨਾਂ ਚਿਰ ਅਸੀਂ ਇਹ ਸਮਝ ਨਾ ਲਈਏ, ਓਨੀਂ ਦੇਰ ਤਕ ਅਸੀਂ ਪੂਰਾ-ਪੂਰਾ ਲਾਭ ਨਹੀਂ ਉਠਾ ਸਕਦੇ। ਉਹ ਹੈ ਕਿ ਸਾਡਾ ਸਬੰਧ ਰੂਹਾਨੀਅਤ ਵਿਚ ਮਨ ਦੇ ਨਾਲ ਜ਼ਿਆਦਾ ਹੈ, ਸਰੀਰ ਦੇ ਨਾਲ ਥੋੜ੍ਹਾ ਹੈ। ਸਰੀਰ ਇਕ tool (ਸੰਦ) ਹੈ ਸਾਡੇ ਕੋਲ। ਜਿਸ ਟੂਲ ਨੂੰ ਵਰਤਿਆਂ ਹੋਇਆਂ ਇਹ ਸਰੀਰ ਦਾ ਆਪਣੇ ਆਪ ਹੀ ਭਲਾ ਹੋ ਜਾਇਆ ਕਰਦੈ। ਲੇਕਿਨ ਬਹੁਤਾ ਸਬੰਧ ਸਾਡਾ ਮਨ ਨਾਲ ਹੈ। ਜਦੋਂ ਤਕ ਸਾਡਾ ਮਨ ਮੰਨਦਾ ਨਹੀਂ, ਇਕਾਗਰ ਨਹੀਂ ਹੁੰਦਾ। ਦੌੜਦੈ, ਭੱਜਦੈ, ਸੰਕਲਪ ਕਰਦੈ, ਫੁਰਨਿਆਂ ਦੀ ਲੜੀ ਦੇ ਵਿਚ ਵਹਿੰਦਾ ਹੀ ਤੁਰਿਆ ਜਾਂਦੈ, ਓਨੀ ਦੇਰ ਤਕ ਨਾ ਤਾਂ ਕੋਈ ਗੱਲ ਦੱਸੀ ਹੋਈ, ਕੋਈ ਦਸਿਆ ਹੋਇਆ ਉਪਦੇਸ਼ ਸਹੀ ਤਰੀਕੇ ਨਾਲ ਨਾ ਤਾਂ ਘਰ ਕਰਦੈ। ਨਾ ਇਸ ਦਾ ਆਪਣਾ ਕੀਤਾ ਹੋਇਆ ਕੋਈ ਵੀ ਸਾਧਨ ਕਿਸੇ ਕਿਨਾਰੇ ਨਹੀਂ ਲਾਉਂਦਾ। ਸਾਰੀ ਜ਼ਿੰਦਗੀ ਆਦਮੀ ਖਪ ਜਾਂਦੈ। frustrate (ਨਿਰਾਸ਼) ਹੋ ਜਾਂਦੈ, ਅਖੀਰ ਉਮਰ ਦੇ ਵਿਚ ਕਿ ਸੁਖਮਨੀ ਸਾਹਿਬ ਪੜ੍ਹਦੇ ਹਾਂ, ਜਪੁਜੀ ਸਾਹਿਬ ਪੜ੍ਹਦੇ ਹਾਂ। ਮੂਲਮੰਤ੍ਰ ਦੇ ਪਾਠ ਕਰਦੇ ਹਾਂ, ਹਾਲੇ ਤਕ ਲੱਭਿਆ ਹੀ ਕੁਛ ਨਹੀਂ। ਉਹ ਅਵਸਥਾ ਤਾਂ ਕੋਈ ਵੀ ਪ੍ਰਾਪਤ ਨਹੀਂ ਹੋਈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਫੁਰਮਾਨ ਕੀਤਾ ਗਿਆ ਹੈ। ਕੀ ਉਹ ਸੁਪਰਮੈਨ ਵਾਸਤੇ ਹੈ ਕਿ ਆਮ ਆਦਮੀ ਵਾਸਤੇ ਹੈ। ਇਹ ਵਿਚਾਰ ਥੋੜ੍ਹੇ ਵਿਚਾਰਵਾਨ ਪੁਰਸ਼ ਦੀ ਹੁੰਦੀ ਹੈ। ਉਸ ਤੋਂ ਜੋ ਮੋਟੀ ਬੁੱਧੀ ਦਾ ਬੰਦਾ ਹੈ, ਹੇਠਲੇ ਪੱਧਰ ਦਾ ਉਸ ਨੂੰ ਤਾਂ ਪਤਾ ਹੀ ਨਹੀਂ ਹੈ ਕਿ ਮਨ ਇਕਾਗਰ ਕੀ ਹੁੰਦੈ, ਪਾਠ ਕਰਨਾ ਕੀ ਹੁੰਦੈ? ਮਨ ਇਕਾਗਰ ਕੀ ਹੁੰਦੈ, ਕਿਉਂ ਕਰਨੈ? ਰੱਬ ਦੀ ਕੀ ਲੋੜ ਹੈ? ਅਸੀਂ ਕਾਹਦੇ ਵਾਸਤੇ ਆਏ ਹਾਂ? ਉਹ ਤਾਂ ਕੇਵਲ ਇਕ chemical life (ਰਸਾਇਣਿਕ ਜੀਵਨ) ਗੁਜ਼ਾਰਨ ਇਕ ਬੁੱਤ ਜਿਹਾ ਤੁਰਿਆ ਫਿਰਦੈ-

*ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥*
*ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥ ੧ ॥ ਰਹਾਉ ॥*
*ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥*
*ਮਾਇਆ ਗਈ ਤਬ ਰੋਵਨੁ ਲਗਤੁ ਹੈ ॥ ੧ ॥*
***ਅੰਗ - ੪੮੭***

ਉਹ ਤਾਂ chemical action (ਰਸਾਇਣਿਕ ਕ੍ਰਿਆ) ਹੋ ਰਿਹੈ ਸਰੀਰ ਦੇ ਅੰਦਰ। ਜਿਥੇ ਸਾਡਾ ਦਿਮਾਗ ਸ਼ੁਰੂ ਹੁੰਦੈ। ਇਹਦੇ ਉਪਰਲੇ ਪਾਸੇ ਜੋ ਅਵਸਥਾ ਹੈ ਉਹ ਰੂਹਾਨੀਅਤ ਦੀ ਹੋਇਆ ਕਰਦੀ ਹੈ। brain (ਦਿਮਾਗ) ਤੋਂ ਉਪਰ। ਦਿਮਾਗ matter (ਵਿਚ ਆ ਜਾਂਦੈ) ਇਹਦੇ ਵਿਚ ਜੋ ਸ਼ਕਤੀ ਪ੍ਰਮੇਸ਼ਰ ਦੀ ਹੈ, ਉਹਦੇ ਨਾਲ ਦੋ ਚੀਜ਼ਾਂ ਪਹਿਲਾਂ ਕ੍ਰਿਆ ਵਿਚ ਆਉਂਦੀਆਂ ਨੇ। ਇਕ ਤਾਂ ਮੈਗਨੇਟ ਆਉਂਦੈ, ਇਕ ਇਲੈਕਟ੍ਰਾਨ, ਨਿਊਟ੍ਰਾਨ, ਪ੍ਰੋਟਾਨ ਆਉਂਦੇ ਨੇ। ਤਿੰਨੋਂ ਧਾਰਾਂ ਦਿਮਾਗ ਵਿਚ ਚਲਦੀਆਂ ਨੇ। ਜਦੋਂ ਮੈਗਨੇਟ ਆਪਣੀ ਕ੍ਰਿਆ ਕਰਦੈ, ਉਹਦੇ ਨਾਲ ਦਿਮਾਗ ਦੇ ਵਿਚ ਜਾਗਰੁਕਤਾ ਆ ਜਾਂਦੀ ਹੈ। ਜਾਗ੍ਰਤ ਆ ਕੇ, 'ਮੈਂ' ਕਹਿਣ ਲਗ ਜਾਂਦੈ ਆਪਣੇ ਆਪ ਨੂੰ। ਇਥੋਂ ਹੀ ਸਾਡਾ ਸਾਰਾ ਝਗੜਾ ਸ਼ੁਰੂ ਹੁੰਦੈ। ਕਿਉਂਕਿ matter (ਪਦਾਰਥ) ਦੇ ਵਿਚ ਜਾਗਰੁਕਤਾ ਆਉਣ ਦੇ ਨਾਲ, ਜਾਗ੍ਰਤ ਸ਼ਕਤੀ ਪ੍ਰਕ੍ਰਿਤੀ ਵਿਚ ਆਉਣ ਦੇ ਨਾਲ, ਇਹਨੂੰ ਪ੍ਰਕ੍ਰਿਤੀ ਦੀ ਪਾਰਲੀ ਅਵਸਥਾ ਦਾ ਪਤਾ ਨਹੀਂ ਕਿ ਇਸਤੋਂ ਅਗਾਂਹਾਂ ਵੀ ਕੋਈ ਚੀਜ਼ ਹੋਇਆ ਕਰਦੀ ਹੈ। ਸੋ ਇਹਦਾ ਜੋ ਮੀਡੀਆ ਹੈ ਵਿਚਕਾਰਲਾ ਇਹਨੂੰ 'ਮਨ' ਕਹਿੰਦੇ ਨੇ। ਮਨ ਦੇ ਬਹੁਤ ਅਰਥ ਨੇ। ਲੇਕਿਨ ਚਾਰਾਂ ਚੀਜ਼ਾਂ ਨੂੰ ਇਕੱਠਾ ਕਰਕੇ ਕਹਿੰਦੇ ਹਾਂ ਤਾਂ ਇਹਨੂੰ ਮਨ ਕਹਿ ਦਿੰਦੇ ਹਾਂ। ਇਹਦੇ ਵਿਚ ਮਨ ਹੁੰਦੈ, ਚਿੱਤ ਹੁੰਦੈ, ਬੁੱਧੀ ਹੁੰਦੀ ਹੈ ਤੇ ਅਹੰਭਾਵ ਹੋਇਆ ਕਰਦੈ। ਹੰਕਾਰ ਜਿਹਨੂੰ ਕਹਿੰਦੇ ਨੇ। ਇਨ੍ਹਾਂ ਚਾਰਾਂ ਚੀਜ਼ਾਂ ਨੂੰ ਮਨ ਕਹਿੰਦੇ ਨੇ, ਮਨ ਦੇ ਨਾਲ ਹੀ ਸਾਡਾ ਸਾਰਾ ਸਬੰਧ ਹੈ। ਜਿਸ ਦੇ ਅੰਦਰ ਸ਼ੌਂਕ ਹੈ ਬੰਦਗੀ ਕਰਨ ਦਾ, ਉਹ ਪਹਿਲਾਂ ਇਸ ਗੱਲ ਨੂੰ ਸਮਝੇ ਕਿ ਮਨ ਵਿਚਕਾਰਲਾ ਹੈ, ਜਿਵੇਂ ਦੇਹਲੀ ਦੇ ਉਤੇ ਦੀਵਾ ਰੱਖ ਦੇਈਏ, ਉਹ ਅੰਦਰ ਵੀ ਚਾਨਣਾ ਦਿੰਦੈ, ਬਾਹਰ ਵੀ ਦਿੰਦੈ। ਇਸੇ ਤਰ੍ਹਾਂ ਜਦੋਂ ਇਹੀ ਮਨ ਅੰਦਰ ਨੂੰ ਦੇਖਣ ਲਗ ਜਾਂਦੈ, ਇਹਦਾ ਨਾਉਂ ਮਨ ਤੋਂ ਬਦਲ ਕੇ ਉਨਮਨ ਬਣ ਜਾਂਦੈ ਤੇ ਉਨਮਨੀ ਅਵਸਥਾ ਕਹਾਉਂਦੀ ਹੈ। ਆਤਮਕ ਅਵਸਥਾ ਕਹਾਉਂਦੀ ਹੈ। ਜਦੋਂ ਇਹ matter ਦੇ ਸਰੀਰ ਦੀ ਮਦਦ ਦੇ ਨਾਲ ਅੱਖਾਂ ਵਿਚੀਂ ਦੇਖਦੈ, ਕੰਨਾਂ ਰਾਹੀਂ ਸੁਣਦੈ, ਜ਼ੁਬਾਨ ਰਾਹੀਂ ਚਖਦੈ, ਬੋਲਦੈ; ਨੱਕ ਦੇ ਰਾਹੀਂ ਸੁਗੰਧੀ ਲੈਂਦੈ, ਸਰੀਰ ਦੇ ਸਪਰਸ਼ ਮਹਿਸੂਸ ਕਰਦੈ। ਉਸ ਵੇਲੇ ਇਹ ਸੰਸਾਰੀ ਹੋਇਆ ਕਰਦੈ। ਇਹਦਾ ਰੁਖ ਹੇਠਾਂ ਨੂੰ ਹੋਇਆ ਕਰਦੈ। ਹੁਣ ਅਸੀਂ ਇਸ ਹੇਠਾਂ ਵਾਲੇ ਰੁਖ ਨੂੰ ਅਸੀਂ ਉਪਰ ਕਰ ਲੈਣੈ, ਐਨਾ ਹੀ ਝਗੜਾ ਹੈ, ਬਹੁਤਾ ਰੌਲਾ-ਗੌਲਾ ਨਹੀਂ ਹੈ ਇਹਦਾ। ਫਿਲਾਸਫੀ ਕਿੰਨੀਓਂ ਕਰੀ ਜਾਓ, ਸਮਝ 'ਚ ਨਹੀਂ ਆਇਆ ਕਰਦੀ। ਇਹ ਜਿਹੜਾ ਚਾਨਣਾ ਹੈ, ਅੰਦਰਲੇ ਚਾਨਣੇ ਨੂੰ ਦੇਖਣਾ ਹੈ ਅਸੀਂ, ਬਾਹਰਲਾ ਚਾਨਣਾ ਛੱਡ ਕੇ। ਅੰਦਰ ਬੇਅੰਤ ਚੀਜ਼ਾਂ ਪਈਆਂ ਨੇ, ਭੰਡਾਰ ਦੇ ਅੰਦਰ। ਅਸੀਂ ਬਾਹਰ-ਬਾਹਰ ਭਟਕਦੇ ਹਾਂ, ਬਾਹਰ ਤਾਂ ਕੋਈ ਚੀਜ਼ ਨਹੀਂ ਹੈ। ਸੋ ਇਸ ਕਰਕੇ ਗੁਰੂ ਮਹਾਰਾਜ ਦਾ ਪਹਿਲਾ ਫੁਰਮਾਨ ਹੈ ਕਿ ਜੇ ਤੂੰ ਲੰਘਣਾ ਚਾਹੁੰਨੈਂ, ਉਹ ਵੀ ਕੋਈ ਵਿਰਲਾ-ਵਿਰਲਾ ਪੁਰਸ਼ ਹੈ, ਹਜ਼ਾਰ ਬੰਦਾ ਸਤਿਸੰਗ 'ਚ ਬੈਠਾ ਹੋਵੇ, ਪੰਜ ਜਾਂ ਦਸ ਬੰਦੇ ਬੜੀ ਮੁਸ਼ਕਲ ਨਾਲ ਉਹ ਬੰਦੇ ਹੁੰਦੇ ਨੇ ਜਿਨ੍ਹਾਂ ਨੂੰ ਸਹੀ ਲਗਨ ਹੋਇਆ ਕਰਦੀ ਹੈ। ਜਿਨ੍ਹਾਂ ਦੇ ਇਰਾਦੇ ਬਣਦੇ ਨੇ ਕਿ ਅਸੀਂ ਕਿਸੇ ਕਿਨਾਰੇ ਪਹੁੰਚੀਏ। ਉਮਰ ਲੰਘ ਗਈ, ਸਵਾਸ ਖਤਮ ਹੋ ਜਾਣੇ ਨੇ। ਕੋਈ-ਕੋਈ ਹੁੰਦੈ ਵਿਰਲਾ ਬਾਕੀਆਂ ਨੂੰ ਤਾਂ ਪਤਾ ਹੀ ਨਹੀਂ ਲਗਦਾ ਕਿ ਇਹ ਕੀ ਚੀਜ਼ ਹੈ ਉਹ ਰਸਮੋ-ਰਸਮੀ ਆਉਂਦੇ ਨੇ। ਸੁਣ ਲੈਂਦੇ ਨੇ, ਉਹ ਬੁੱਧੀ ਦੇ ਘੇਰੇ ਤੋਂ ਅੱਗੇ ਨਹੀਂ ਜਾ ਸਕਦੇ, ਇਥੇ ਹੀ ਰਹਿ ਜਾਂਦੇ ਨੇ। ਸੋ ਇਸ ਕਰਕੇ ਮਹਾਰਾਜ ਫੁਰਮਾਨ ਕਰਦੇ ਨੇ ਕਿ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥* *ਅੰਗ- ੩੪੨*

ਜਦੋਂ ਤਕ ਤੂੰ ਮਨ ਨੂੰ ਸਾਧਦਾ ਨਹੀਂ, ਇਹਨੂੰ ਸਹੀ ਨਹੀਂ ਕਰਦਾ, ਓਨੀਂ ਦੇਰ ਤਕ ਤੈਨੂੰ ਸਿੱਧੀ ਪ੍ਰਾਪਤ ਨਹੀਂ ਹੋਣੀ। ਆਹ ਗੱਲ ਵੀ ਜਿਹੜਾ ਤੇਰਾ ਸੁਪਰ ਮਨ ਹੈ, ਉਹ materialistic (ਪਦਾਰਥਵਾਦੀ) ਮਨ ਨਾਲ ਗੱਲ ਕਰ ਰਿਹੈ। ਉਹ ਇਹ ਕਹਿੰਦੈ ਕਿ ਜੇ ਤੂੰ ਆਪਣੇ ਅੰਦਰ ਨੂੰ ਦੇਖੇਂ ਤਾਂ ਤੇਰੇ ਵਰਗਾ ਮਿੱਤਰ ਕੋਈ ਨਹੀਂ। ਜੇ ਤੂੰ ਬਾਹਰ ਨੂੰ ਦੇਖੇਂ ਤਾਂ ਤੇਰੇ ਵਰਗਾ ਦੁਸ਼ਮਣ ਕੋਈ ਨਹੀਂ। ਇਸ ਕਰਕੇ ਸਭ ਤੋਂ ਪਹਿਲਾਂ ਰੂਹਾਨੀਅਤ ਦਾ ਜਿਹੜਾ ਕੰਮ ਹੈ ਉਹ ਮਨ ਨਾਲ ਸਬੰਧ ਰੱਖਣ ਵਾਲੀ ਚੀਜ਼ ਹੈ। ਮਨ ਨੂੰ ਸੁਧਾਰ। ਮਨ ਨੂੰ ਵਿਗਾੜਨ ਵਾਲੀਆਂ ਕਿਹੜੀਆਂ ਚੀਜ਼ਾਂ ਨੇ? ਕਾਮ ਵਿਗਾੜਦੈ, ਕ੍ਰੋਧ ਵਿਗਾੜਦੈ, ਲੋਭ, ਅਭਿਮਾਨ, ਸ਼ਬਦ, ਸਪਰਸ਼, ਰੂਪ, ਰੰਗ, ਰਸ ਵਿਗਾੜਦੈ। ਪੰਜ ਕਿਸਮ ਦੇ ਅਭਿਮਾਨ-ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ। ਇਹ ਇਸ ਨੂੰ ਵਿਗਾੜਦੇ ਨੇ। ਇਸ ਤੋਂ ਇਲਾਵਾ ਨਿੰਦਿਆ, ਚੁਗਲੀ,

ਬਖੀਲੀ, ਝੂਠ, ਛਲ, ਕਪਟ; ਪਤਾ ਨਹੀਂ ਕਿੰਨਾਂ ਕੁਛ ਹੈ ਇਹਦੇ ਅੰਦਰ। ਉਹ ਸਾਰੇ ਇਹਨੂੰ ਹੇਠਾਂ ਨੂੰ ਖਿੱਚ ਰਹੇ ਨੇ। ਉਹਦੇ ਬਾਰੇ ਬਾਣੀ ਵਿਚ ਇਸ ਤਰ੍ਹਾਂ ਆਉਂਦਾ ਹੈ –

*ਕਬੀਰ ਹਰਨਾ ਦੂਬਲਾ ਇਹੁ ਹਰੀਆਰਾ ਤਾਲੁ ॥*
*ਲਾਖ ਅਹੇਰੀ ਏਕੁ ਜੀਉ ਕੇਤਾ ਬੰਚਉ ਕਾਲੁ ॥*
*ਅੰਗ- ੧੩੬੭*

ਕਹਿੰਦੇ, ਇਹਨੂੰ ਹੇਠਾਂ ਨੂੰ ਸੁੱਟਣ ਵਾਲੇ ਨੇ ਪਤਾ ਨਹੀਂ ਕਿੰਨੇ ਹੀ ਨੇ, ਅਣਗਿਣਤ ਨੇ ਤੇ ਉਪਰ ਨੂੰ ਚੁੱਕਣ ਵਾਲੀਆਂ ਸ਼ਕਤੀਆਂ, ਉਹ ਇਕੋ ਹੀ ਸ਼ਕਤੀ ਪ੍ਰਮੇਸ਼ਰ ਦਾ ਨਾਮ ਹੈ। ਵਿਚਾਰ ਹੈ, ਵਿਵੇਕ ਹੈ, ਦ੍ਰਿੜ੍ਹ ਇਰਾਦਾ ਹੈ, ਤਤਿਕਸ਼ਾ ਹੈ, ਸੁਣਨ ਦੀ ਅਵਸਥਾ ਹੈ, ਮੰਨਣ ਦੀ ਅਵਸਥਾ ਹੈ, ਨਿਧਿਆਸਣ ਦੀ ਅਵਸਥਾ ਹੈ ਤੇ ਇਹਦੇ ਨਾਲ ਹੋਰ ਅਨੇਕ ਸ਼ਕਤੀਆਂ ਨੇ। ਸਤਿਸੰਗ ਦਾ ਵਾਯੂਮੰਡਲ ਹੈ, ਗੁਰੂ ਦੀ ਕ੍ਰਿਪਾ ਹੈ। ਸੋ attitude of mind (ਮਨ ਦਾ ਰਵੱਈਆ) ਦੀ ਬਾਤ ਹੈ ਜਿੱਧਰ ਨੂੰ ਇਹ ਕਰ ਲਵੇ, ਉਧਰ ਨੂੰ ਹੋ ਜਾਂਦੈ। ਸੋ ਇਸੇ ਕਰਕੇ ਮਹਾਰਾਜ ਸਾਨੂੰ ਸਾਵਧਾਨ ਕਰਦੇ ਹੋਏ, ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ–

*ਧਾਰਨਾ – ਸਾਧ ਪਿਆਰਿਆ, ਪਹਿਲਾਂ ਮਨ ਆਪਣੇ ਨੂੰ।*

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ – ੩੪੨*

ਸੋ ਬਹੁਤ ਸੂਖਸ਼ਮਤਾ ਦੇ ਨਾਲ ਚਿੱਤ ਨੂੰ ਇਕਾਗਰ ਕਰਕੇ ਜੇ ਸਤਿਸੰਗ ਦੇ ਅੰਦਰ ਕੁਛ ਸੁਣਿਆ ਜਾਵੇ, ਤਾਂ, ਤਾਂ ਕੁਛ ਲਾਹਾ ਹੋਇਆ ਕਰਦੈ। ਕਿਉਂਕਿ ਇਹ ਕਲਾਸ ਹੈ, ਚਾਟਸਾਲ ਹੈ। ਜਿਸ ਤਰ੍ਹਾਂ ਦੇ ਨਾਲ ਕਲਾਸ ਰੂਮ ਹੁੰਦੈ, ਕੋਈ ਉੱਚੀ ਪੜ੍ਹਾਈ ਕਰਾਉਣੀ ਹੋਵੇ, ਉਥੇ ਬੱਚੇ ਬਿਲਕੁਲ attentive (ਧਿਆਨ ਦੇਣ ਵਾਲੇ) ਚਾਹੀਦੇ ਨੇ। ਏਧਰ ਉਧਰ ਦੇਖਣ ਵਾਲੇ ਨਹੀਂ ਚਾਹੀਦੇ। ਸੋ ਜਦੋਂ ਤਕ ਅਸੀਂ ਇਸ ਤਰ੍ਹਾਂ ਨਹੀਂ ਕਰਦੇ, ਓਨੀਂ ਦੇਰ ਤਕ ਸਾਨੂੰ ਕੋਈ ਨਤੀਜਾ ਹੱਥ ਵਿਚ ਨਹੀਂ ਆਇਆ ਕਰਦਾ। ਇਸ ਕਰਕੇ ਸਮਾਂ ਘੱਟ ਤੋਂ ਘੱਟ ਲੱਗੇ ਸਾਡਾ, ਪ੍ਰਾਪਤੀ ਵੱਧ ਤੋਂ ਵੱਧ ਹੋਵੇ। ਕੋਈ ਐਸਾ ਸਾਧਨ ਹੋਣਾ ਚਾਹੀਦਾ ਹੈ। ਉਹ ਤਾਂ ਗੁਰੂ ਮਹਾਰਾਜ ਨੇ curtail (ਘਟਾ ਦਿਤਾ) ਦਿਤਾ ਸਮਾਂ। ਪਹਿਲੇ ਯੁੱਗਾਂ ਦੇ ਅੰਦਰ, ਸਤਿਜੁਗ 'ਚ ਜੇ ਕੋਈ ਦਸ ਹਜ਼ਾਰ ਸਾਲ ਤਪੱਸਿਆ ਕਰਦਾ ਸੀ, ਉਹ ਤ੍ਰੇਤੇ ਯੁਗ ਦੇ ਇਕ ਹਜ਼ਾਰ ਸਾਲ ਦੀ ਸਾਧਨਾ ਦੇ ਬਰਾਬਰ ਹੋਇਆ ਕਰਦੇ ਸੀ। ਦੁਆਪਰ ਯੁੱਗ ਦੇ ਸੌ ਸਾਲ ਦੇ ਸਾਧਨ ਦੇ ਬਰਾਬਰ ਹੁੰਦੇ ਤੇ ਕਲਜੁਗ ਦੇ ਸਿਰਫ ਸਾਢੇ ਚੌਵੀ ਮਿੰਟ ਸਤਿਸੰਗ ਦੀ ਵਿਚਾਰ ਦੇ ਬਰਾਬਰ ਨੇ। ਐਨਾ ਘਟਾ ਦਿਤਾ। ਦਸ ਹਜ਼ਾਰ ਸਾਲ ਨੂੰ ਇਕ ਘੜੀ 'ਤੇ ਲਿਆ ਦਿਤਾ –

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ- ੧੩੭੭*

ਇਕ ਘੜੀ 'ਤੇ ਲਿਆ ਦਿਤਾ। ਪਰ ਇਕ ਘੜੀ ਵਿਚ ਜੋ ਗੱਲ ਕਹੀ ਜਾਂਦੀ ਹੈ, ਇਕ ਘੜੀ ਹੀ ਯਾਦ ਰੱਖਣੀ ਚਾਹੀਦੀ ਹੈ। ਲੇਕਿਨ ਹੈ ਨਹੀਂ, ਤਿੰਨ ਘੰਟੇ ਬੋਲੀ ਜਾਂਦਾ ਹਾਂ। ਖੜ੍ਹੇ ਕਰ ਦਿੰਦੇ ਹਾਂ ਕਿਸੇ ਨੂੰ ਕਿ ਆਹ 10 ਮਿੰਟ ਬੋਲ ਕੇ ਦਸ ਕੀ ਕਿਹਾ ਸੀ, ਜੇ ਇਕ ਵੀ ਅੱਖਰ ਦਸ ਦੇਵੇ। ਰੋਜ਼ ਮੈਂ ਤਜਰਬਾ ਕਰਦਾ ਹਾਂ, ਪੜ੍ਹੇ-ਲਿਖੇ ਬੰਦਿਆਂ ਦਾ, ਜਿਹੜੇ ਬੜੇ ਸਿਆਣੇ ਬੰਦੇ ਨੇ। ਭਮੱਤਰ ਜਾਂਦੇ ਨੇ, ਕਿਉਂਕਿ ਮਨ ਇਕਾਗਰ ਨਹੀਂ ਹੋਇਆ ਹੁੰਦਾ, ਇਸ ਕਰਕੇ ਸਾਨੂੰ ਐਨਾ ਫਲ ਪ੍ਰਾਪਤ ਨਹੀਂ ਹੁੰਦਾ। ਜਿਹੜਾ ਲਿਖਿਆ ਹੋਇਆ ਹੈ, ਉਹ ਤਾਂ ਗੱਲ ਹੈ ਯਥਾਰਥ ਕਿ ਲਿਖਿਆ ਹੋਇਆ ਠੀਕ ਹੈ। ਪਰ ਇਹ ਹੈ ਕਿ ਉਹ ਕਿਵੇਂ ਠੀਕ ਹੈ? ਜਿਵੇਂ ਮੈਂ ਰਾਤ ਬੇਨਤੀ ਕਰੀ ਸੀ ਕਿ ਜੇ ਇਕ ਤਾਰ ਵੀ ਕਿਸੇ ਮਸ਼ੀਨ ਦੀ ਖਰਾਬ ਹੋਵੇ, ਤਾਂ ਵੀ ਗੱਲ ਨਹੀਂ ਬਣਦੀ। ਸਭ ਕੁਝ ਪਿਆ ਹੈ, ਮਸ਼ੀਨਾਂ ਵੀ ਚਲ ਵੀ ਰਹੀਆਂ ਨੇ, ਤਾਰ ਸੈੱਟ ਨਹੀਂ ਹੈ। ਇਹ ਮਨ ਤਾਂ ਬਹੁਤ ਹੀ ਜ਼ਿਆਦਾ ਸੂਖਸ਼ਮ ਚੀਜ਼ ਹੈ। ਇਹਦੀਆਂ ਤਾਂ ਤਾਰਾਂ ਸਾਰੀਆਂ ਹੀ ਸੈੱਟ ਹੋਣ ਤਾਂ ਗੱਲ ਬਣਦੀ ਹੈ। ਸੋ ਉਹਦੇ ਵਿਚੋਂ ਮਹਾਰਾਜ ਕਹਿੰਦੇ, ਪਹਿਲੀ ਸ਼ਰਤ ਇਹ ਹੁੰਦੀ ਹੈ ਕਿ ਇਹ ਇਕਾਗਰ ਹੋਵੇ –

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥ ਅੰਗ – ੨੯੫*

ਸਾਵਧਾਨਤਾ ਹੈ ਫੌਜ ਦਾ ਕਾਸ਼ਨ। ਕਮਾਂਡਰ ਕਹਿ ਦੇਵੇ ਦਸ ਹਜ਼ਾਰ ਬੰਦੇ ਨੂੰ, ਸਾਵਧਾਨ। ਸਾਰੇ ਅੱਡੀ ਨਾਲ ਅੱਡੀ ਜੋੜ ਕੇ, ਪੰਜੇ ਚੌੜੇ ਕਰਕੇ, 300 ਗਜ਼ 'ਤੇ ਨਿਗ੍ਹਾ ਰੱਖ ਕੇ, ਬਾਹਾਂ ਲੱਤਾਂ ਦੇ ਨਾਲ ਲਾ ਕੇ, ਛਾਤੀ ਉਪਰ ਨੂੰ ਉਭਾਰ ਕੇ, ਪੇਟ ਵਿਚ ਨੂੰ ਦਬਾ ਕੇ ਖੜ੍ਹੇ ਹੋ ਜਾਣੈ। ਨਾ ਹਿੱਲਣ ਨਾ ਜੁੱਲਣ, ਇਸ ਤਰ੍ਹਾਂ ਲੱਗੇਗਾ, ਬੁੱਤ ਖੜ੍ਹੇ ਨੇ ਸਾਰੇ। ਕਿਉਂਕਿ ਸਾਵਧਾਨ ਹੋਏ-ਹੋਏ ਨੇ। ਮਹਾਰਾਜ ਕਹਿੰਦੇ, ਸਾਵਧਾਨ ਇਕੱਲੇ ਨਾਲ ਤਾਂ ਗੱਲ ਨਹੀਂ ਬਣਨੀ। ਇਹਦੇ ਵਿਚ ਇਕ ਹੋਰ ਚੀਜ਼ ਰਹਿੰਦੀ ਹੈ ਜਿਹਨੂੰ 'ਮਨ' ਕਹਿੰਦੇ

ਨੇ। ਫੌਜ ਦੀ ਪਰੇਡ ਵਾਸਤੇ ਤਾਂ ਠੀਕ ਹੈ, ਮਨ ਜਿੱਧਰ ਜਾਂਦਾ ਹੈ ਜਾਵੇ। ਪਰ ਉਥੇ ਵੀ ਜੇ ਗੁਲਜ਼ਰੀ 'ਚ ਗੋਲੀ ਮਾਰਨੀ ਹੈ, ਮਨ ਇਕਾਗਰ ਨਾ ਹੋਵੇ, ਆਊਟਰ 'ਚ ਲਗਦੀ ਹੈ। ਸਾਰਿਆਂ 'ਚ ਦੇਖਦੇ ਹਾਂ, ਬੀਬੀ ਨੇ ਸੂਈ 'ਚ ਧਾਗਾ ਪਾਉਣੈ, ਪਾ ਕੇ ਦਿਖਾ ਦੇਵੇ ਕਦੇ ਨਹੀਂ ਪੈਂਦਾ। ਕੋਈ ਮਕੈਨਿਕ ਹੈ ਉਹਨੇ ਕੋਈ ਘੜੀ ਦਾ ਨਿੱਕਾ ਪੁਰਜ਼ਾ ਫਿੱਟ ਕਰਨੈ, ਜੇ ਚਿੱਤ ਇਕਾਗਰ ਨਹੀਂ ਹੁੰਦਾ, ਕਦੇ ਨਹੀਂ ਕਰ ਸਕਦਾ। ਇਵੇਂ ਕਲਾਕਾਰ ਹੈ, ਉਹਦੇ ਕੋਲ ਰੌਲਾ ਪਾਈ ਜਾਓ, ਉਹਦੀ ਕਲਾ ਕਦੇ ਉਘੜਦੀ ਹੀ ਨਹੀਂ ਹੈ। ਇਵੇਂ ਮਿਊਜਿਸ਼ਨ ਹੈ, ਉਹਦੇ ਕੋਲ ਰੌਲਾ ਪਾਈ ਜਾਓ, ਕਦੇ ਨੀਂ ਉਹਦਾ ਰਾਗ ਸਹੀ ਆਏਗਾ। ਕਿਉਂਕਿ ਚਿੱਤ ਨਹੀਂ ਇਕਾਗਰ ਹੋ ਰਿਹਾ ਉਸਦਾ। ਇਵੇਂ ਬੱਚਾ ਹੈ ਪੜ੍ਹਨ ਵਾਲਾ, ਹਾਈ ਜਮਾਤ ਵਿਚ ਪੜ੍ਹਦਾ ਹੈ, ਕਿਤਾਬ ਸਾਰੀ ਪੜ੍ਹ ਕੇ ਉਹਨੇ ਥੋੜ੍ਹੇ ਅੱਖਰਾਂ ਵਿਚ. ਉਹਦਾ ਥੀਸਿਜ਼ ਲਿਖਣੈ, ਚਿਤ ਇਕਾਗਰ ਨਾ ਹੋਵੇ, ਬਿਲਕੁਲ ਨਹੀਂ ਕਰ ਸਕਦਾ। ਚਾਹੇ ਕਿਤਾਬ ਨੂੰ ਪੰਦਰਾਂ ਵਾਰੀ, ਪੰਜਾਹ ਵਾਰੀ ਪੜ੍ਹੀਏ। ਬਹੁਤ ਸਾਰੇ ਬੱਚੇ ਨੇ, ਮਾਂ-ਬਾਪ ਜ਼ੋਰ ਦਿੰਦੇ ਨੇ ਕਿ ਪੜ੍ਹ-ਪੜ੍ਹ, ਉਹ ਡਰਦਾ ਮਾਰਿਆ ਕਿਤਾਬ ਨੂੰ ਅੱਖਾਂ ਮੂਹਰੇ ਰੱਖ ਛੱਡਦੈ। ਪੜ੍ਹੀ ਵੀ ਜਾਂਦੈ ਪਰ ਜੇ ਪੁੱਛੋ ਕਿ ਤੇਰੇ ਕੁਛ ਯਾਦ ਹੋਇਆ? ਕਹੇਗਾ, ਕੁਛ ਨਹੀਂ ਹੋਇਆ। ਕਾਰਨ ਕੀ ਹੈ? ਮਨ ਨਹੀਂ ਇਕਾਗਰ ਹੋਇਆ। ਜੁਗਤ ਨਹੀਂ ਦਸਦੇ। ਅਸੀਂ ਫੇਰ ਜਾਂਦੇ ਹਾਂ ਹਕੀਮ ਕੋਲ ਕਿ ਇਹਦੇ ਯਾਦ ਨਹੀਂ ਰਹਿੰਦਾ ਕੁਛ। ਦਵਾਈ ਕੀ ਕਰ ਲਏਗੀ, ਇਹਦਾ ਚਿਤ ਤਾਂ ਇਕਾਗਰ ਨਹੀਂ ਹੁੰਦਾ। ਸੋ ਚਿੱਤ ਦੀ ਇਕਾਗਰਤਾ ਹਰ ਥਾਂ ਦੇ ਉਤੇ, ਦੁਨੀਆਂ ਦੇ ਕੰਮਾਂ ਵਿਚ ਵੀ ਜ਼ਰੂਰੀ ਹੈ।

ਇਕ ਮਿਸਤਰੀ ਕੰਮ ਕਰਦੈ, ਜੇ ਚਿੱਤ ਇਕਾਗਰ ਨਹੀਂ, ਆਪਣੀ ਹੀ ਉਂਗਲੀ ਵੱਢ ਲਏਗਾ। ਪਤਾ ਹੀ ਨਹੀਂ ਲੱਗੀ ਕਦ ਲੱਗੀ ਮੇਰੇ ਆ ਕੇ। ਹਥੌੜੀ ਮਾਰ ਲਉ ਉਂਗਲੀਆਂ ਦੇ ਉਤੇ, ਜੇ ਚਿੱਤ ਇਕਾਗਰ ਨਾ ਹੋਵੇ। ਸੋ ਜਦੋਂ ਸਤਿਸੰਗ ਕਰਨੈ, ਫੇਰ ਇਹਦੀ ਬਾਤ ਹੀ ਨਹੀਂ ਕੋਈ, ਕੋਈ ਏਧਰ ਨੂੰ ਝਾਕਦੈ, ਕੋਈ ਓਧਰ ਨੂੰ। ਕੋਈ ਘੜੀ ਦੇਖਦੈ, ਕੋਈ ਉਠ ਕੇ ਚਲਿਆ ਗਿਆ। ਕੋਈ ਆ ਗਿਆ। ਕਿਉਂਕਿ ਲਗਨ ਨਹੀਂ ਹੈ ਅੰਦਰ। ਲਗਨ ਨਾ ਹੋਣ ਕਰਕੇ ਬਾਤ ਜੋ ਦੱਸੀ ਜਾਂਦੀ ਹੈ, ਉਹਦਾ ਕੋਈ ਮੁੱਲ ਨਹੀਂ ਪੈਂਦਾ। ਸੋ ਚਿੱਤ ਦੀ ਇਕਾਗਰਤਾ ਦੀ ਲੋੜ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਇਹ ਗੱਲ ਬਹੁਤ ਵਿਸਥਾਰ ਦੇ ਨਾਲ, ਪ੍ਰੈਕਟੀਕਲੀ ਸਮਝਾਈ। ਲੇਕਿਨ ਅਸੀਂ ਖੁਸ਼ ਹੋ ਜਾਂਦੇ ਹਾਂ ਕਿ ਸ੍ਰੀ ਗੁਰੂ ਨਾਨਕ ਸਾਹਿਬ ਨੇ ਇਸ ਤਰ੍ਹਾਂ ਕਰਿਆ। ਦਿਲਾਂ ਦੀਆਂ ਗੱਲਾਂ ਜਾਣਦੇ ਨੇ। ਉਹ ਸਾਡੇ ਦਿਲ ਦੀ ਗੱਲ ਵੀ ਜਾਣਦੇ ਨੇ, ਜਦੋਂ ਅਸੀਂ ਪਾਠ ਕਰਦੇ ਹਾਂ। ਸ੍ਰੀ ਗੁਰੂ ਨਾਨਕ ਸਾਹਿਬ ਕਿਤੇ ਗਏ ਨੇ। ਹਾਜ਼ਰ ਨਾਜ਼ਰ ਨੇ, ਸਭ ਦੇ ਮਨ ਦੀਆਂ ਗੱਲਾਂ ਜਾਣਦੇ ਨੇ, ਮਨ ਕਿੰਨਾਂ ਫਤੂਰ ਪਾਉਂਦੈ। ਕਿੰਨੀਆਂ ਗਲਤ ਗੱਲਾਂ ਸੋਚਦੈ। ਨਾਲ ਰਹਿੰਦੈ ਪ੍ਰਮੇਸ਼ਰ –

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥*
*ਅੰਗ – ੬੧੨*

ਅਸੀਂ ਉਸ ਨੂੰ ਦੂਰ ਸਮਝਦੇ ਹਾਂ। ਸੋ ਇਸ ਤਰ੍ਹਾਂ ਕਰਕੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਵੇਈਂ ਨਦੀ 'ਚ ਇਸ਼ਨਾਨ ਕਰਨ ਜਾਂਦੇ ਨੇ। ਦਾਸ ਨੂੰ ਕੱਪੜੇ ਉਤਾਰ ਕੇ ਫੜਾ ਦਿਤੇ। ਉਹ ਇੰਤਜ਼ਾਰ ਕਰਦੈ ਕਿ ਹੁਣ ਟੁੱਭੀ ਮਾਰੀ ਹੈ, ਹੁਣ ਬਾਹਰ ਨਿਕਲਣਗੇ। ਪਰ ਨਿਕਲੇ ਹੀ ਨਹੀਂ। ਨਾ ਖੜਕਾ ਹੋਇਆ ਬਾਹਰ ਨਿਕਲਣ ਦਾ। ਨਾ ਕੋਈ ਤੈਰਨ ਦਾ ਹੋਇਆ। ਡਰ ਗਿਆ। ਕਹਿਣ ਲੱਗਿਆ ਕਿ ਸ਼ਾਇਦ ਕੋਈ ਮੱਛ ਬੈਠਾ ਹੋਣਾ ਉਹਨੇ ਫੜ ਲਿਆ। ਫੇਰ ਦੇਖਦੈ ਕਿ ਤੈਰ ਨਾ ਰਹੇ ਹੋਣ, ਏਧਰ ਦੇਖਦੈ, ਓਧਰ ਦੇਖਦੈ, ਕਾਫੀ ਦੌੜਿਆ ਭੱਜਿਆ, ਹਾਕਾਂ ਮਾਰਦੈ। ਕੋਈ ਅਵਾਜ਼ ਜਦੋਂ ਨਾ ਆਈ ਤਾਂ ਵਾਪਸ ਆ ਗਿਆ। ਵਾਪਸ ਆ ਕੇ ਭਾਈਆ ਜੈ ਰਾਮ ਜੀ ਨੂੰ ਦਸਿਆ। ਉਹਨਾਂ ਨੇ ਹੋਰ ਸਾਥੀਆਂ ਨੂੰ ਦਸਿਆ। ਵੇਈਂ ਨਦੀ ਦੇ ਕੰਢੇ ਆ ਗਏ, ਸਾਰੇ ਦੇਖ ਰਹੇ ਨੇ। ਨਵਾਬ ਨੂੰ ਪਤਾ ਲੱਗਿਆ, ਦਿਨ ਚੜ੍ਹ ਗਿਆ। ਨਵਾਬ ਨੇ ਵੱਡੇ-ਵੱਡੇ ਜਾਲ ਪੁਆ ਦਿਤੇ। ਪੰਜ ਸੱਤ ਮੀਲ ਹੇਠਾਂ ਤੋਂ ਪੁਆ ਦਿਤੇ। ਜਾਲ ਪਾ ਕੇ ਉਪਰ ਨੂੰ ਲਈਂ ਤੁਰੇ ਆ ਰਹੇ ਨੇ ਕਿ ਕੋਈ ਮੱਛ ਹੋਏਗਾ ਤਾਂ ਵਿਚ ਫਸ ਜਾਏਗਾ। ਲੇਕਿਨ ਕੋਈ ਨਾ ਫਸਿਆ। ਨਾ ਸਰੀਰ ਹੀ ਕਿਤੇ ਨਜ਼ਰ ਆਇਆ। ਬਹੁਤ ਤਲਾਸ਼ ਕੀਤੀ। ਤੀਸਰੇ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਤਾ ਲੱਗਿਆ। ਦੋ ਦਿਨ ਕਿੱਥੇ ਰਹੇ? ਕਈ ਕਿਸਮ ਦੇ ਖਿਆਲ ਨੇ ਲੋਕਾਂ 'ਚ। ਜਿਹੜੇ ਇਸ ਗੱਲ ਨੂੰ ਮੰਨਦੇ ਨਹੀਂ ਹਨ, ਉਹ ਕਹਿੰਦੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੈਰ ਕੇ ਪਰਲੇ ਪਾਸੇ ਚਲੇ ਗਏ। ਤੈਰ ਕੇ ਦੇਖੋ, ਹੱਥ ਮਾਰੋ, ਪੈਰ ਮਾਰੋ। ਪਤਾ ਲਗ ਜਾਂਦੈ ਕਿ ਤੈਰਿਆ ਜਾਂਦੈ ਬੰਦਾ। ਫੇਰ ਪਰਲੇ ਪਾਸੇ ਕਿਹੜਾ ਹਨ੍ਹੇਰਾ

ਸੀਗਾ। ਹੋਰ ਕਿਤੇ ਜੰਗਲ ਵਗੈਰਾ 'ਚ ਦਿਸ ਜਾਂਦੇ। ਹਨ੍ਹੇਰੇ ਜਿਹੇ ਦੀ ਗੱਲ ਲਿਖ ਦਿੰਦੇ ਨੇ ਲਿਖਣ ਵਾਲੇ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਸਰੀਰ ਦੇ ਤੱਤਾਂ ਨੂੰ ਤੱਤਾਂ 'ਚ ਮਿਲਾ ਕੇ, ਆਪ ਨੇ ਕਈ ਵਾਰੀ ਕਰਿਆ ਹੈ ਇਹ।

ਇਕ ਵਾਰੀ ਸਿੱਧਾਂ ਨਾਲ ਜਦੋਂ ਗੱਲਬਾਤ ਹੋ ਰਹੀ ਸੀ। ਆਪ ਛੁਪੇ ਤਾਂ ਪੰਜਾਂ ਤੱਤਾਂ 'ਚ ਪੰਜ ਤੱਤ ਮਿਲਾ ਕੇ, ਜੋਤ ਨੂੰ ਜੋਤ ਵਿਚ ਰਲਾ ਦਿਤਾ। ਕਿੱਥੇ ਟੋਲ੍ਹਣ ਫੇਰ ਉਹ। ਸ੍ਰੀ ਗੁਰੂ ਨਾਨਕ ਦੇਵ ਜੀ ਲੱਭੇ ਹੀ ਨਾ। ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੋ ਸਰੂਪ ਹੈ –

*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥*
*ਅੰਗ– ੭*

ਸਾਰੀ ਪ੍ਰਕ੍ਰਿਤੀ ਜਿੱਥੇ ਖਤਮ ਹੋ ਜਾਂਦੀ ਹੈ ਤਿੰਨੋ ਕਿਸਮ ਦੀ; ਸਥੂਲ ਪ੍ਰਕ੍ਰਿਤੀ, ਸੂਖਸ਼ਮ ਪ੍ਰਕ੍ਰਿਤੀ, ਕਾਰਨ ਪ੍ਰਕ੍ਰਿਤੀ। ਉਸ ਤੋਂ ਅੱਗੇ ਆਤਮਿਕ ਦੇਸ਼ ਆਉਂਦੈ, ਜਿਹਨੂੰ ਅਕਾਲ ਮੰਡਲ ਕਹਿੰਦੇ ਨੇ। ਅਕਾਲ ਮੰਡਲ 'ਚ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਵੇਸ਼ ਹੋ ਗਿਆ। ਅਕਾਲ ਮੰਡਲ 'ਚ ਵਾਹਿਗੁਰੂ, ਪ੍ਰਮੇਸ਼ਰ, ਰਾਮ ਸਭ ਇਕੋ ਹੀ ਹੁੰਦੇ ਨੇ। ਦੋ ਨਹੀਂ ਹੁੰਦੇ।

ਸੋ ਇਸੇ ਤਰ੍ਹਾਂ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਦਰਗਾਹ 'ਚ ਹਾਜ਼ਰ ਕਰਿਆ। ਪਾਰਬ੍ਰਹਮ ਨੇ ਫੁਰਮਾਨ ਕਰਿਆ ਹੇ ਨਾਨਕ! ਜਿਸ ਕੰਮ ਵਾਸਤੇ ਤੈਨੂੰ ਭੇਜਿਆ ਹੈ, ਉਹ ਸ਼ੁਰੂ ਨਹੀਂ ਕਰਿਆ ਹਾਲੇ ਤਕ? ਕਹਿਣ ਲੱਗੇ, ਪਾਤਸ਼ਾਹ! ਤੁਹਾਡਾ ਇਹ ਨਿਯਮ ਹੈ ਕਿ ਜਦੋਂ ਤਕ ਗੁਰੂ ਧਾਰਨ ਨਾ ਕੀਤਾ ਜਾਵੇ, ਓਨੀਂ ਦੇਰ ਤੁਹਾਡਾ ਨਾਮ ਅੱਗੇ pass on ਨਹੀਂ ਕੀਤਾ ਜਾ ਸਕਦਾ। ਸੰਸਾਰ ਦੇ ਅੰਦਰ ਮੈਂ ਦੇਖਿਆ ਹੈ –

*ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥ ਅੰਗ – ੯੩੬*

ਆਪ ਜੀ ਦੀ ਦਰਗਾਹ ਵਿਚ ਮੈਂ ਹਾਜ਼ਰ ਹੋਇਆ ਹਾਂ, ਗੁਰੂ ਧਾਰਨ ਵਾਸਤੇ –

*ਆਦਿ ਅੰਤਿ ਏਕੈ ਅਵਤਾਰਾ॥*
*ਸੋਈ ਗੁਰੂ ਸਮਝਿਯਹੁ ਹਮਾਰਾ॥ ਪਾਤਸ਼ਾਹੀ ੧੦*

*ਅਪਰੰਪਰ ਪਾਰਬ੍ਰਹਮੁ ਪਰਮੇਸਰੁ*
*ਨਾਨਕ ਗੁਰੁ ਮਿਲਿਆ ਸੋਈ ਜੀਉ ॥ ਅੰਗ – ੫੯੯*

ਕਹਿੰਦੇ, ਅਸੀਂ ਆਪਣਾ ਗੁਰੂ ਅਕਾਲ ਪੁਰਖ ਨੂੰ ਬਣਾਇਐ। ਉਸ ਵੇਲੇ 'ਮੂਲਮੰਤ੍ਰ' ਆਪਣੇ ਸਰੂਪ ਦਾ ਦਿਤਾ ਤੇ 'ਵਾਹਿਗੁਰੂ' ਮੰਤ੍ਰ –

*ਬੇਦ ਕਤੇਬ ਅਗੋਚਰਾ ਵਹਿਗੁਰੂ ਗੁਰ ਸਬਦੁ ਸੁਣਾਇਆ।*
*ਭਾਈ ਗੁਰਦਾਸ ਜੀ*

ਇਹਨਾਂ ਤੋਂ ਬਾਹਰਾ ਵਾਹਿਗੁਰੂ ਦਾ ਮੰਤ੍ਰ ਸੁਣਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਤੀਸਰੇ ਦਿਨ ਵੇਈਂ ਨਦੀ ਦੇ ਉਪਰਲੇ ਪਾਸੇ ਸ਼ਮਸ਼ਾਨ ਘਾਟ ਦੇ ਵਿਚ, ਜਿਥੇ ਸੰਤ ਘਾਟ ਗੁਰਦੁਆਰਾ ਬਣਿਆ ਹੋਇਐ, ਆਪ ਉਥੇ ਬਾਹਰ ਬੈਠ ਗਏ, ਸ਼ਮਸ਼ਾਨ ਭੂਮੀ 'ਚ। ਇਕੋ ਗੱਲ ਕਹੀ ਜਾਂਦੇ ਨੇ–

*ਨਾ ਹਮ ਹਿੰਦੂ ਨ ਮੁਸਲਮਾਨ ॥*
*ਅਲਹ ਰਾਮ ਕੇ ਪਿੰਡੁ ਪਰਾਨ ॥ ਅੰਗ – ੧੧੩੬*

ਕਈਆਂ ਦੇ ਸਮਝ ਵਿਚ ਆਈ, ਕਈਆਂ ਦੇ ਨਹੀਂ ਆਈ। ਕਈਆਂ ਨੇ ਕਿਹਾ ਕਿ ਦਿਮਾਗ 'ਚ ਪਾਣੀ ਪੈ ਗਿਆ, ਤਾਂ ਹੀ ਇਹ ਇਕੋ ਗੱਲ ਕਹੀ ਜਾਂਦੇ ਨੇ। ਕਿਉਂਕਿ ਦੁਨੀਆਂ ਤਾਂ ਮੰਨਦੀ ਨਹੀਂ ਹੁੰਦੀ। ਨਾਲੇ ਉਸ ਦੁਨੀਆਂ ਨੇ ਕੀ ਮੰਨਣਾ ਸੀ –

*ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥ ਅੰਗ – ੯੯੧*

ਜਿਹੜੇ ਭੂਤਨਾ ਤੇ ਬੇਤਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਹਿ ਰਹੇ ਸੀ। ਉਹਨਾਂ ਦੇ ਮੰਨਣ ਦਾ ਤਾਂ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ ਕਿ ਅਜ਼ਮਤ ਨੂੰ ਜਾਣ ਜਾਂਦੇ, greatness (ਮਹਾਨਤਾ) ਨੂੰ ਜਾਣ ਜਾਂਦੇ। ਕਿਸੇ ਸਖਸ਼ੀਅਤ ਦੀ greatness ਨੂੰ ਸਮਝਣ ਵਾਸਤੇ ਸਮੇਂ ਦੀ ਲੋੜ ਹੁੰਦੀ ਹੈ। ਜਿਉਂ–ਜਿਉਂ ਸਮਾਂ ਗੁਜ਼ਰਦਾ ਜਾਂਦੈ, ਤਿਉਂ–ਤਿਉਂ ਉਹਦੀ ਸਮਝ ਵਧਦੀ ਜਾਂਦੀ ਹੈ। ਅਜੇ ਗੁਰਬਾਣੀ ਨੂੰ 300 ਸਾਲ ਤੋਂ ਬਾਅਦ ਸਮਝਿਆ ਜਾਣੈ, ਅਜੇ ਨਹੀਂ ਸਮਝੀ ਜਾਂਦੀ। ਪੜ੍ਹਨ ਪੜ੍ਹਾਉਣ 'ਤੇ ਹੀ ਅਸੀਂ ਤਾਂ ਲੱਗੇ ਹੋਏ ਹਾਂ। ਅਜੇ 300 ਸਾਲ ਲੱਗਣੇ ਨੇ। ਸਾਇੰਸ ਨੇ ਬਹੁਤ ਤਰੱਕੀ ਕਰ ਜਾਣੀ ਹੈ। ਉਸ ਵੇਲੇ ਗੁਰਬਾਣੀ ਦਾ ਪਤਾ ਲਗਣੈ ਕਿ ਇਹ ਚੀਜ਼ ਕੀ ਸੀ। ਉਸ ਵੈਦਿਕ ਗਿਆਨ ਦਾ ਪਤਾ ਲਗਣੈ ਕਿ ਉਹ ਕੀ ਸੀਗਾ। ਹੁਣ ਸਮਝਦੇ ਨਹੀਂ, ਸਮੇਂ ਨਾਲ ਸਮਝਿਆ ਜਾਂਦੈ।

ਸੋ ਸਖਸ਼ੀਅਤਾਂ ਨੂੰ ਜਿਉਂ–ਜਿਉਂ ਦੇਰ ਪੈਂਦੀ ਹੈ, ਫੇਰ ਸਮਝ ਵਿਚ ਆਉਂਦੀਆਂ ਨੇ। ਨੇੜੇ ਦੇ ਸਮੇਂ ਵਾਲੇ ਬਾਲ–ਬੱਚੇ, ਨੇੜੇ ਰਹਿਣ ਵਾਲੇ ਨਹੀਂ ਸਮਝਿਆ ਕਰਦੇ।

ਸੋ ਰੌਲਾ ਪੈ ਗਿਆ। ਇਸਲਾਮ ਵਾਲਿਆਂ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਨੇ ਕਿ ਕੋਈ ਮੁਸਲਮਾਨ ਨਹੀਂ, ਇਹ ਤਾਂ ਗਲਤ ਗੱਲ

ਕਹਿ ਰਹੇ ਨੇ। ਨਵਾਬ ਦੇ ਸ਼ਿਕਾਇਤ ਕਰ ਦਿਤੀ। ਪੇਸ਼ੀ ਹੋਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿਣ ਲੱਗੇ, ਅਸੀਂ ਇਹ ਨਹੀਂ ਕਹਿੰਦੇ, ਅਸੀਂ ਕਹਿੰਦੇ ਹਾਂ ਕਿ ਇਥੇ ਕੋਈ ਜਾਤ ਪਾਤ ਨਹੀਂ ਹੈ। ਇਹ ਤਾਂ ***'ਅਲਹ ਰਾਮ ਕੇ ਪਿੰਡੁ ਪਰਾਨ ॥'*** ਆਹ ਪ੍ਰਾਣ ਤੇ ਸਰੀਰ, ਪੰਜ ਤੱਤ ਵਾਹਿਗੁਰੂ ਦੇ ਬਣਾਏ ਹੋਏ। ਇਹਦੇ ਵਿਚ ਜਿਹੜੇ ਪ੍ਰਾਣ ਚਲਦੇ ਨੇ ਉਹ ਵੀ ਸ਼ਕਤੀ ਵਾਹਿਗੁਰੂ ਨੇ ਬਣਾਈ ਹੋਈ ਹੈ। ਨਾ ਇਹ ਹਿੰਦੂ ਹੈ, ਨਾ ਮੁਸਲਮਾਨ ਹੈ। ਸਭ ਦੀਆਂ ਖ਼ੂਨ ਦੀਆਂ ਨਾੜਾਂ ਦੇ ਅੰਦਰ ਇਕੋ ਜਿਹਾ ਖ਼ੂਨ ਚਲਦਾ ਹੈ ਫੇਰ ਜਾਤ ਪਾਤ ਕਿੱਥੋਂ ਰਹਿ ਗਈ।

ਸੋ ਕਹਿਣ ਲੱਗੇ ਕਿ ਅਸੀਂ ਇਹ ਨਹੀਂ ਕਹਿੰਦੇ, ਦੂਸਰਾ ਜੇ ਤੁਸੀਂ ਦੁਨਿਆਵੀ ਮੰਤਵ 'ਚ ਲਵੋ ਤਾਂ –

*ਮੁਸਲਮਾਣੁ ਕਹਾਵਣੁ ਮੁਸਕਲੁ*
*ਜਾ ਹੋਇ ਤਾ ਮੁਸਲਮਾਣੁ ਕਹਾਵੈ ॥* *ਅੰਗ – ੧੪੧*

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਝਾਇਆ, ਐਸੀ ਸਮਝ ਪਈ ਕਹਿਣ ਲੱਗੇ, ਇਹ ਤਾਂ ਵਲੀ ਅੱਲਾਹ ਨੇ। ਰੱਬ ਨੂੰ ਪਹੁੰਚੇ ਹੋਏ ਨੇ।

ਅਰਜ਼ ਕੀਤੀ, ਹੇ ਨਾਨਕ! ਤੁਹਾਡੇ ਵਾਸਤੇ ਤਾਂ ਸਾਰੀ ਇਨਸਾਨੀਅਤ ਇਕ ਹੈ ਤੇ ਨਮਾਜ਼ ਵੀ ਤੁਹਾਡੇ ਵਾਸਤੇ ਇਕ ਹੈ?

ਕਹਿੰਦੇ, ਹਾਂ। ਮੰਦਰ ਤੇ ਮਸਜਿਦ ਵਿਚ ਕੋਈ ਫਰਕ ਨਹੀਂ। ਨਕਸ਼ੇ 'ਚ ਫਰਕ ਹੋ ਸਕਦੈ, ਮਸਾਲੇ 'ਚ ਨਹੀਂ ਫਰਕ। ਮਸਾਲਾ ਇਕੋ ਹੀ ਇੱਟਾਂ, ਵੱਟੇ, ਸੀਮਿੰਟ ਦਾ ਲੱਗਿਆ ਹੋਇਐ। ਉਹ ਪ੍ਰਮੇਸ਼ਰ ਦੇ ਨਾਲ ਜੁੜਨ ਦੇ ਸਾਧਨ ਵਾਸਤੇ ਘਰ ਬਣਾਏ ਹੋਏ ਨੇ। ਕੋਈ ਫਰਕ ਨਹੀਂ ਪੈਂਦਾ। ਨਮਾਜ਼ ਦਾ ਕੀ ਹੈ? ਨਮਾਜ਼ ਜਿਹੜੀ ਹੈ ਇਹ ਅਰਬੀ ਦੇ ਵਿਚ ਹੈ। ਜਿਹੜੀ ਗਾਇਤ੍ਰੀ ਹੈ ਇਹ ਸੰਸਕ੍ਰਿਤ ਵਿਚ ਹੈ। ਇਸ ਕਰਕੇ ਇਹ ਵੀ ਪ੍ਰਮੇਸ਼ਰ ਨਾਲ ਬਾਤ ਕਰਦੀ ਹੈ। ਉਹ ਵੀ ਪ੍ਰਮੇਸ਼ਰ ਕੋਲ ਪ੍ਰਾਥਨਾ ਕਰਦੀ ਹੈ। ਫਰਕ ਨਹੀਂ ਹੈ ਕੋਈ ਵੀ। ਇੱਲ-ਇੱਲਾ-ਲਾ ਕਹਿ ਲਓ, ੴ ਕਹਿ ਲਓ, ਦੋਵੇਂ ਹੀ ਇੱਕੋ ਹੀ ਮਤਲਬ ਰਖਦੇ ਨੇ। ਸੋ ਕਹਿਣ ਲੱਗੇ ਕਿ ਅੱਜ ਜੁੰਮੇ ਦੀ ਨਮਾਜ਼ ਪੜ੍ਹੋ ਚੱਲ ਕੇ।

ਬੜੀ ਖੁਸ਼ੀ ਨਾਲ ਮਹਾਰਾਜ ਕਹਿੰਦੇ, ਪੜ੍ਹਾਂਗੇ। ਨਮਾਜ਼ ਵਿਚ ਸ਼ਾਮਿਲ ਹੋ ਗਏ। ਮੂਹਰੇ ਇਮਾਮ, ਦੂਸਰੀ ਲਾਇਨ ਵਿਚ ਨਵਾਬ, ਵਿਚਾਲੇ ਸ੍ਰੀ ਗੁਰੂ ਨਾਨਕ ਸਾਹਿਬ ਤੇ ਇਕ ਪਾਸੇ ਕਾਜ਼ੀ। ਤਿੰਨੋਂ ਖੜ੍ਹੇ ਨੇ। ਨਮਾਜ਼ ਪੜ੍ਹੀ ਗਈ, ਕਲਮਾ ਪੜ੍ਹਿਆ ਗਿਆ। ਉਸ ਤੋਂ ਬਾਅਦ ਨਮਾਜ਼ ਸ਼ੁਰੂ ਹੋਈ, ਸ੍ਰੀ ਗੁਰੂ ਨਾਨਕ ਸਾਹਿਬ ਇਕ ਪਾਸੇ ਜਾ ਕੇ ਬੈਠ ਗਏ। ਉਹਨਾਂ ਨੇ ਦੇਖ ਲਿਆ ਕਿ ਸ੍ਰੀ ਗੁਰੂ ਨਾਨਕ ਸਾਹਿਬ ਤਾਂ ਨਮਾਜ਼ ਪੜ੍ਹਨ ਤੋਂ ਇਕ ਪਾਸੇ ਜਾ ਕੇ ਬਹਿ ਗਏ। ਇਸਲਾਮ ਦੇ ਵਿਚ ਸਿਫਤ ਇਹ ਹੈ ਕਿ ਜਦੋਂ ਰੱਬ ਦੀ ਦਰਗਾਹ ਦੇ ਵਿਚ ਹਾਜ਼ਰ ਹੋਣ। ਫੇਰ ਇਹ ਬੋਲਿਆ ਨਹੀਂ ਕਰਦੇ। ਚਾਹੇ ਧੱਕੇ ਦੇਈ ਜਾਓ, ਕੁਛ ਕਹੀ ਜਾਓ, ਨਮਾਜ਼ ਨੂੰ ਕਜ਼ਾ ਨਹੀਂ ਕਰਦੇ। ਖੰਡਤ ਨਹੀਂ ਕਰਦੇ। ਸਾਡੇ ਵਿਚ ਨੁਕਸ ਇਹ ਹੈ ਕਿ ਅਸੀਂ ਜੇ 'ਜਪੁਜੀ' ਸਾਹਿਬ ਪੜ੍ਹਨ ਲੱਗੀਏ, ਪੰਜਾਹ ਤਾਂ ਅਸੀਂ ਗੱਲਾਂ ਕਰਦੇ ਹਾਂ ਵਿਚਾਲੇ। ਬਾਣੀ ਪੜ੍ਹਨ ਵੇਲੇ ਵਿਚੀਂ ਬੋਲੀ ਜਾਵਾਂਗੇ, ਵਿਚੀਂ ਦੂਜੇ ਨੂੰ ਬੁਲਾਈ ਜਾਵਾਂਗੇ। ਨਾ ਆਪਣਾ ਚਿੱਤ ਇਕਾਗਰ ਨਾ ਦੂਜੇ ਦਾ ਇਕਾਗਰ ਹੋਣ ਦੇਈਏ। ਗੁੱਸਾ ਕਰਾਂਗੇ ਕਿ ਤੁਕ ਯਾਦ ਰੱਖ ਲੈਂਦਾ, ਫੇਰ ਪੜ੍ਹ ਲੈਂਦਾ। ਕਿਉਂਕਿ ਅਸੀਂ ਹੁਣ ਤਕ ਇਸ ਗੱਲ ਨੂੰ ਸਮਝ ਨਹੀਂ ਸਕੇ ਕਿ ਬਾਣੀ ਕਿਵੇਂ ਪੜ੍ਹੀਦੀ ਹੈ ਤੇ ਕਿਉਂ ਪੜ੍ਹੀਦੀ ਹੈ। ਕੇਵਲ ਰਸਮੋ-ਰਸਮੀ ਪੜ੍ਹਨ ਤਕ ਹੀ ਮਤਲਬ ਰੱਖਿਆ ਹੋਇਐ। ਇਸ ਤੋਂ ਅਗਾਂਹਾਂ ਨਹੀਂ ਕੋਈ ਮਤਲਬ ਅਸਾਡਾ। ਸੋ ਉਹ ਬੋਲੇ ਨਹੀਂ। ਨਮਾਜ਼ ਪੜ੍ਹੀ ਗਈ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ ਗਿਆ ਕਿ ਨਵਾਬ ਕਹਿਣ ਲੱਗਿਆ, ਹੇ ਨਾਨਕ! ਤੁਸੀਂ ਤਾਂ ਨਮਾਜ਼ ਪੜ੍ਹਨ ਆਏ ਸੀ, ਪਰ ਤੁਸੀਂ ਨਮਾਜ਼ ਪੜ੍ਹੀ ਕਿਉਂ ਨਹੀਂ?

ਕਹਿੰਦੇ, ਮੈਂ ਤਾਂ ਪੜ੍ਹੀ ਹੈ ਨਵਾਬ ਸਾਹਿਬ ਤੁਸੀਂ ਨਹੀਂ ਪੜ੍ਹੀ।

ਕਹਿੰਦਾ, ਮੈਂ ਤਾਂ ਪੜ੍ਹੀ ਹੈ।

ਕਹਿੰਦੇ, ਨਾ ਨਵਾਬ ਸਾਹਿਬ! ਤੁਸੀਂ ਤਾਂ ਘੋੜੇ ਛਾਂਟਦੇ ਸੀ, ਕੰਧਾਰ ਵਿਚ ਕਿ ਕਮੈਤ ਘੋੜੇ ਕਿੰਨੇ ਚਾਹੀਦੇ ਨੇ, ਸਰੰਗ ਕਿੰਨੇ ਚਾਹੀਦੇ ਨੇ, ਬੇ-ਘੋੜੇ ਕਿੰਨੇ ਚਾਹੀਦੇ ਨੇ, ਬੈਲਰ ਕਿੰਨੇ ਚਾਹੀਦੇ ਨੇ। ਸਵਾਰੀ ਵਾਲੇ ਕਿੰਨੇ ਚਾਹੀਦੇ ਨੇ। ਤੁਸੀਂ ਤਾਂ ਉਥੇ ਖੜ੍ਹੇ ਉਹਨਾਂ ਨੂੰ ਸਮਝਾ ਰਹੇ ਸੀ ਕਿ ਆਹ ਘੋੜਾ ਖਰੀਦ ਲਓ, ਆਹ ਖਰੀਦ ਲਓ। ਤੁਸੀਂ ਤਾਂ ਘੋੜਿਆਂ ਦੇ ਦੁਆਲੇ ਸੀ। ਨਮਾਜ਼ ਵਿਚ ਤਾਂ ਸੀਗੇ ਹੀ ਨਹੀਂ।

ਉਸ ਵੇਲੇ ਮੂੰਹ ਵਿਚ ਉਂਗਲੀ ਲੈ ਲਈ ਨਵਾਬ ਨੇ। ਹੇ ਅੱਲਾਹ! ਵਲੀ ਅੱਲਾਹ ਹੈ ਸ੍ਰੀ ਗੁਰੂ ਨਾਨਕ। ਕਾਜ਼ੀ, ਕਹਿੰਦੇ ਇਹ ਬਿਲਕੁਲ ਠੀਕ ਕਹਿ ਰਹੇ ਨੇ।

ਕਾਜ਼ੀ ਕਹਿੰਦਾ, ਫੇਰ ਮੇਰੇ ਨਾਲ ਪੜ੍ਹ ਲੈਂਦੇ?

ਮਹਾਰਾਜ ਕਹਿੰਦੇ, ਕਾਜ਼ੀ ਸਾਹਿਬ! ਤੇਰੇ ਘਰ ਅੰਨ੍ਹੀਂ ਖੂਹੀ ਹੈ, ਜਿਹਦੇ ਮੌਣ ਨਹੀਂ ਹੈ। ਘੋੜੀ ਸੂਈ ਹੈ, ਵਛੇਰੀ ਦਿਤੀ ਹੈ ਉਸ ਨੇ ਤੇ ਤੂੰ ਮੌਣ ਉਪਰ ਮੰਜਾ ਦੇ ਕੇ ਨਹੀਂ ਸੀ ਆਇਆ। ਤੂੰ ਤਾਂ ਖੂਹੀ ਦੀ ਮੌਣ ਦੇ ਉਤੇ ਖੜ੍ਹਾ ਵਛੇਰੀ ਮੋੜਦਾ ਰਿਹਾ। ਇਥੇ ਕਿੱਥੇ ਸੀ।

ਕਾਜ਼ੀ ਨੇ ਦੇਖਿਆ, ਕਹਿਣ ਲੱਗਿਆ, ਹਾਂ ਹਜ਼ੂਰ ਠੀਕ ਹੈ।

ਮਹਾਰਾਜ ਕਹਿੰਦੇ, ਇਕ ਵੀ ਨਮਾਜ਼ੀ ਨਹੀਂ ਹੈ ਜਿਹਦੇ ਨਾਲ ਅਸੀਂ ਨਮਾਜ਼ ਪੜ੍ਹਦੇ। ਦੇਖੋ ਕਿੰਨੇ ਜਣੇ ਨੇ, ਮਸਜਿਦ ਸਾਰੀ ਭਰੀ ਪਈ ਹੈ ਨਮਾਜ਼ੀਆਂ ਨਾਲ। ਪਰ ਇਕ ਵੀ ਨਮਾਜ਼ੀ ਨਹੀਂ ਸੀਗਾ ਜਿਹਦੇ ਨਾਲ ਅਸੀਂ ਪੜ੍ਹਦੇ। ਪਰ ਅਸੀਂ ਪੜ੍ਹੀ ਹੈ ਕਿਉਂਕਿ ਅਸੀਂ ਅਕਾਲ ਪੁਰਖ ਨਾਲ ਇਕ ਚਿੱਤ ਹੋ ਕੇ ਅੰਦਰੋਂ ਜੁੜੇ ਰਹੇ।

ਬੜੇ ਸਿਆਣੇ ਸੀ, ਉਸ ਵੇਲੇ ਕਹਿਣ ਲੱਗੇ, ਹੇ ਨਾਨਕ ਜੀ! ਇਹ ਦੱਸੋ ਕਿ ਇਹ ਮਨ ਕਿਉਂ ਨਹੀਂ ਕਾਬੂ ਆਉਂਦਾ? ਇਹ ਦੌੜਦਾ, ਭੱਜਦਾ ਕਿਉਂ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਕਹਿਣ ਲੱਗੇ, ਜਿਵੇਂ ਰੀਮੌਟ ਘੋੜਾ ਹੁੰਦੈ, ਇਸੇ ਤਰ੍ਹਾਂ ਤੁਸੀਂ ਮਨ ਨੂੰ ਸਮਝ ਲਓ। ਜਦੋਂ ਤਕ ਉਹਦੇ ਮੂੰਹ ਵਿਚ ਕੰਡਿਆਲਾ ਨਹੀਂ ਪਾਇਆ ਜਾਂਦਾ। ਉਤੇ ਕਾਠੀ ਨਹੀਂ ਕਸੀ ਜਾਂਦੀ ਤੇ ਟਰੇਨਿੰਗ ਨਹੀਂ ਦਿਤੀ ਜਾਂਦੀ, ਉਹ ਓਨੀਂ ਦੇਰ ਸਵਾਰੀ ਦੇ ਯੋਗ ਨਹੀਂ ਹੋਇਆ ਕਰਦਾ। ਸੋ ਇਸੇ ਤਰ੍ਹਾਂ ਦੇ ਨਾਲ ਜਦੋਂ ਤੱਕ ਗੁਰੂ ਦੇ ਸ਼ਬਦ ਦਾ ਕੰਡਿਆਲਾ ਇਸ ਮਨ ਦੇ ਮੂੰਹ ਵਿਚ ਨਹੀਂ ਪਾਇਆ ਜਾਂਦਾ। ਇਹਨੂੰ ਸਾਧਿਆ ਨਹੀਂ ਜਾਂਦਾ। ਇਹਦੇ ਵਿਚ ਵੈਰਾਗ ਨਹੀਂ ਪੈਦਾ ਕੀਤਾ ਜਾਂਦਾ। ਵਿਵੇਕ ਨਹੀਂ ਪੈਦਾ ਕੀਤਾ ਜਾਂਦਾ, ਮੋਖਸ਼ ਇੱਛਾ ਨਹੀਂ ਇਹਦੇ ਵਿਚ ਪੈਦਾ ਕੀਤੀ ਜਾਂਦੀ। ਤਿਤਿਕਸ਼ਾ ਲਈ ਇਹਦੇ ਵਿਚ ਉਤਸ਼ਾਹ ਪੈਦਾ ਨਹੀਂ ਕੀਤਾ ਜਾਂਦਾ। ਸੁਣਨ ਦੀ ਅਵਸਥਾ ਨਹੀਂ ਲਿਆ ਸਕਦੇ, ਮੰਨਣ ਦੀ ਅਵਸਥਾ ਇਹਦੇ ਵਿਚ ਨਹੀਂ ਆਉਂਦੀ, ਕਹਿੰਦੇ ਓਨੀਂ ਦੇਰ ਤਕ ਇਹ ਬਿਲਕੁਲ dull ਹੈ, ਕੁਛ ਵੀ ਨਹੀਂ। ਦੂਸਰਾ ਇਹਦੇ ਉਤੇ ਵਾਸ਼ਨਾਵਾਂ ਸਵਾਰ ਨੇ ਬਹੁਤ ਸਾਰੀਆਂ। ਜਦੋਂ ਤਕ ਵਾਸ਼ਨਾਵਾਂ ਨੂੰ ਇਹ ਕਾਬੂ ਨਹੀਂ ਕਰਦਾ, ਤਿਆਗਦਾ ਨਹੀਂ, ਓਨੀਂ ਦੇਰ ਤਕ ਮਨ ਨਹੀਂ ਕਦੇ ਵੀ ਕਾਬੂ ਆਉਂਦਾ। ਇਸ ਜਨਮ ਤਾਂ ਅਲੱਗ ਗੱਲ ਰਹਿ ਗਈ। 84 ਲੱਖ ਜੂਨਾਂ ਵਿਚ ਵੀ ਇਕਾਗਰ ਨਹੀਂ ਹੁੰਦਾ ਕਿਉਂਕਿ ਮਨ ਵਾਸ਼ਨਾਵਾਂ ਦਾ ਬੱਧਿਆ ਹੋਇਆ ਹੈ। ਇਹਨੂੰ ਜਨਮ 'ਚ ਲਿਆਉਣ ਦੀ ਹੇਤੂ ਹੀ ਵਾਸ਼ਨਾ ਹੈ।

ਕ੍ਰਿਸ਼ਨ ਮਹਾਰਾਜ ਕਹਿੰਦੇ ਨੇ ਅਰਜਨ ਨੂੰ ਕਿ ਹੇ ਅਰਜਨ! ਇਹ ਜੋ ਇਨਸਾਨ ਦੀਆਂ ਵਾਸ਼ਨਾਵਾਂ ਨੇ ਇਸ ਨੂੰ ਚੌਰਾਸੀ ਦੇ ਚੱਕਰ ਵਿਚ ਘੁੰਮਾਉਂਦੀਆਂ ਫਿਰਦੀਆਂ ਨੇ। ਜਿਵੇਂ ਹਲਟ ਦੀਆਂ ਟਿੰਡਾਂ ਘੁੰਮਾਉਂਦੀਆਂ। ਵਾਸ਼ਨਾਵਾਂ ਨੂੰ ਸੀਮਿਤ ਕੀਤਾ ਜਾ ਸਕਦਾ, ਉਖੇੜਿਆ ਨਹੀਂ ਜਾ ਸਕਦਾ। ਜਦੋਂ ਉਖੇੜੀਆਂ ਨਹੀਂ ਜਾਂਦੀਆਂ ਇਹ ਸਮਾਂ ਪੈਣ 'ਤੇ ਫੇਰ ਉੱਭਰ ਜਾਂਦੀਆਂ ਨੇ, ਜਿਵੇਂ ਦਰਖ਼ਤ ਦਾ ਮੁੱਢ ਵੱਢ ਦੇਈਏ, ਸਾਉਣ ਦੇ ਮਹੀਨੇ 'ਚ ਫੇਰ ਸ਼ਾਖਾ ਕੱਢ ਲੈਂਦੈ ਉਹ। ਇਸੇ ਤਰ੍ਹਾਂ ਜਦੋਂ ਸਮਾਂ ਆਉਂਦਾ ਹੈ, ਵਾਸ਼ਨਾ ਫੇਰ ਉੱਠ ਖੜ੍ਹਦੀ ਹੈ।

ਸੋ ਇਸ ਕਰਕੇ –

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥* *ਅੰਗ – ੨੯੫*

ਜਦੋਂ ਤਕ ਸਾਵਧਾਨਤਾ ਨਹੀਂ ਆਉਂਦੀ। ਉਦੋਂ ਤਕ ਗੱਲ ਨਹੀਂ ਬਣਨੀ।

ਸੋ ਇਹ ਮੈਂ ਲੰਮੀ ਚੌੜੀ ਬੇਨਤੀ ਇਸ ਵਾਸਤੇ ਕਰੀ ਹੈ ਕਿ ਸਾਨੂੰ ਚਾਰ ਦਿਨ ਸਤਿਸੰਗ ਕਰਦਿਆਂ ਨੂੰ ਲੰਘ ਗਏ, ਅੱਜ ਪੰਜਵੇਂ ਦਿਨ 'ਚ ਦਾਖਲ ਹੋ ਰਹੇ ਹਾਂ। ਇਕ ਬੜਾ ਹੀ ਸੂਖਸ਼ਮ ਵਿਸ਼ਾ ਚੱਲ ਰਿਹਾ ਹੈ। ਬਹੁਤ ਬਰੀਕ ਬਾਤ ਹੋ ਰਹੀ। ਉਹ ਸਮਝੀ ਨਹੀਂ ਜਾਣੀ ਜਦੋਂ ਤਕ ਤੁਸੀਂ ਚਿੱਤ ਨਾ ਇਕਾਗਰ ਕਰਿਆ। ਪਤਾ ਨਹੀਂ ਲੱਗਣਾ ਕਿ ਕੀ ਕਹੀ ਜਾਂਦਾ ਹਾਂ ਮੈਂ।

ਸੋ ਕੱਲ੍ਹ ਇਹ ਜ਼ਿਕਰ ਕੀਤਾ ਸੀ ਕਿ ਭਾਈ ਮੰਝ, ਜਦੋਂ ਉਹਦੇ ਬਚਨਾਂ ਦੀ ਸੱਟ ਲੱਗੀ, ਬਾਣੀ ਨੇ ਬਾਣ ਮਾਰਿਆ ਤਾਂ ਗੁਰੂ ਦੇ ਚਰਨ ਫੜ ਲਏ, ਹੇ ਪਾਤਸ਼ਾਹ! ਮੈਨੂੰ ਆਪਣਾ ਬਣਾ ਲੈ, ਬੰਦਗੀ ਦੀ ਖੈਰ ਮੈਨੂੰ ਪਾ ਦਿਓ।

ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ, ਭਾਈ

ਤੀਰਥੇ! ਤੇਰੀ ਪ੍ਰਕ੍ਰਿਤੀ ਅਜੇ ਉਸ ਤਰ੍ਹਾਂ ਦੀ ਨਹੀਂ ਹੈ। ਤੇਰੀ ਜਿਹੜੀ ਝੋਲੀ ਹੈ, ਉਹ ਅਜੇ ਨਾਮ ਸੰਭਾਲਣ ਵਾਲੀ ਨਹੀਂ ਹੈ। ਸ਼ੇਰਨੀ ਦਾ ਦੁੱਧ ਕਿਸੇ ਹੋਰ ਬਰਤਨ 'ਚ ਪਾ ਦਿਓ, ਗਲੀਆਂ ਕਰ ਦਊ। ਕੇਵਲ ਸੋਨੇ ਦੇ ਬਰਤਨ ਵਿਚ ਸ਼ੇਰਨੀ ਦਾ ਦੁੱਧ ਰਹਿੰਦੈ। ਇਸੇ ਤਰ੍ਹਾਂ ਜਿਹੜਾ ਨਾਮ ਹੈ ਇਹ ਵੀ ਖਾਸ ਸ਼ਰਧਾਲੂ ਹਿਰਦੇ ਦੇ ਵਿਚ ਰਹਿ ਸਕਦੈ, ਦੂਸਰੇ 'ਚ ਰਹਿੰਦਾ ਨਹੀਂ। ਸੋ ਉਹਦੇ ਵਾਸਤੇ ਆਪ ਨੇ ਫੁਰਮਾਨ ਕੀਤਾ ਕਿ ਕੁਝ ਰਹਿਤਾਂ ਹੁੰਦੀਆਂ ਨੇ, ਜਦੋਂ ਤਕ ਆਦਮੀ ਪੂਰੀਆਂ ਨਹੀਂ ਕਰਦਾ, ਓਨੀਂ ਦੇਰ ਤਕ ਨਾਮ ਨਾ ਚੱਲਿਆ ਕਰਦੈ, ਨਾ ਨਾਮ ਉਹਨੂੰ ਦੇਣਾ ਚਾਹੀਦੈ। ਦੇਣਾ ਵੀ ਨਹੀਂ ਚਾਹੀਦਾ। ਅਸੀਂ ਤਾਂ ਐਵੇਂ ਰਸਮੋ-ਰਸਮੀ ਕਰੀ ਜਾਂਦੇ ਹਾਂ, ਅੰਮ੍ਰਿਤ ਛਕਾ ਦਿਓ, ਅੰਮ੍ਰਿਤ ਛਕਾ ਦਿਓ। ਮੈਂ ਇਸ ਗੱਲ ਦੇ ਐਨਾ ਹੱਕ ਵਿਚ ਨਹੀਂ। ਛਕਾਇਆ ਬਥੇਰਾ, 50,000 ਤੋਂ ਉਤੇ ਛਕ ਗਏ। ਪਰ ਅੰਦਰੋਂ ਮੈਂ ਕਹਿੰਦਾ ਹਾਂ ਕਿ ਲੋੜ ਕੀ ਹੈ ਭੇਡਾਂ ਉਪਰ ਰੰਗ ਪਾਉਣ ਦਾ। ਇਹਦੀ ਬੋਲੀ ਨਹੀਂ ਬਦਲਦੀ, ਉਹੀ ਮੈਂ-ਮੈਂ। ਕਾਮ, ਕ੍ਰੋਧ, ਲੋਭ, ਮੋਹ, ਅਭਿਮਾਨ ਕੁਛ ਵੀ ਨਹੀਂ ਬਦਲਦਾ। ਦਿਲ ਵਿਚ ਪ੍ਰਮੇਸ਼ਰ ਲਈ ਪਿਆਰ ਨਹੀਂ ਆਉਂਦਾ ਤੇ ਅੰਮ੍ਰਿਤ ਦੀ ਕਦਰ ਕੋਈ ਨਹੀਂ ਫੇਰ ਕਾਹਦਾ ਉਹਨੂੰ ਅੰਮ੍ਰਿਤ ਛਕਾਉਣਾ। ਅੰਮ੍ਰਿਤ ਉਹ ਹੋਣਾ ਚਾਹੀਦੈ, ਏਧਰੋਂ ਛਕਾਇਆ ਤੇ ਓਧਰ ਨਾਮ ਚੱਲ ਪਿਆ। ਪੂਰਾ ਜਗਿਆਸੂ ਹੋਣਾ ਚਾਹੀਦੈ। ਇਹ ਅੰਮ੍ਰਿਤ ਕੋਈ ਐਵੇਂ ਹੀ ਚੀਜ਼ ਨਹੀਂ, ਬੜੀ ਕੀਮਤੀ ਚੀਜ਼ ਹੈ। ਪਰ ਰਸਮ ਪੈਣ ਕਰਕੇ ਹੁਣ ਇਸ ਤਰ੍ਹਾਂ ਹੋਈ ਜਾਂਦੈ ਕਿ ਛਕਾ ਦਿਓ, ਦੇਖੀ ਜਾਏਗੀ ਜਿਹੜਾ ਬਾਅਦ ਵਿਚ ਕੁਛ ਹੋਊ। ਚਲੋ ਆਪੇ ਨਿਕਲ ਆਉਣਗੇ ਕੋਈ। ਸੋ ਨਾਮ ਦੀ ਦਾਤ ਮਿਲਦੀ ਹੈ, ਨਾਮ ਦੀ ਦਾਤ ਦੀ ਕਦਰ ਨਹੀਂ ਹੁੰਦੀ ਕੋਈ। ਸੋ ਮਹਾਰਾਜ ਕਹਿੰਦੇ, ਪਹਿਲਾਂ ਤਾਂ ਸ਼ਰਧਾ ਹੋਣੀ ਚਾਹੀਦੀ ਹੈ। ਦੂਸਰੀ ਬਾਤ ਦੱਸੀ ਕਿ ਨਾਮ ਦੀ ਮਹਿਮਾ ਦੇ ਉਤੇ ਪ੍ਰਤੀਤ ਹੋਣੀ ਚਾਹੀਦੀ ਹੈ। ਤੀਸਰੀ ਦੱਸੀ ਸੀ ਕਿ ਗੁਰੂ ਦੇ ਉਤੇ ਪ੍ਰਤੀਤ, ਵਾਹਿਗੁਰੂ ਦੇ ਉਤੇ। ਉਹਦੇ ਬਚਨਾਂ 'ਤੇ ਪ੍ਰਤੀਤ। ਫੇਰ ਵਾਸ਼ਨਾਵਾਂ ਕਾਬੂ ਹੋਣੀਆਂ ਚਾਹੀਦੀਆਂ ਨੇ। ਉਸ ਤੋਂ ਅੱਗੇ ਦਸਿਆ ਸੀ ਕਿ ਜਿਹੜੀਆਂ ਵਾਸ਼ਨਾਵਾਂ ਨੇ, ਪੜ੍ਹਾਈ ਦੀ ਵਾਸ਼ਨਾ, ਦੇਹ ਵਾਸ਼ਨਾ, ਅਨੇਕ ਵਾਸ਼ਨਾਵਾਂ ਨੇ। ਇਹਨਾਂ ਦਾ ਭਾਈ, ਤਿਆਗ ਚਾਹੀਦੈ। ਸ਼ਾਸਤਰ ਵਾਸ਼ਨਾ - ਕਿਤਾਬਾਂ ਪੜ੍ਹੀ ਜਾਣੀਆਂ, ਕੁਟੇਸ਼ਨਾਂ ਨੋਟ ਕਰੀ ਜਾਣੀਆਂ। ਆਹ ਕਿਤਾਬਾਂ ਮੈਂ ਦੇਖਦਾ ਹਾਂ, ਹੈਰਾਨ ਹੋ ਜਾਈਦੈ ਕਿ ਕਰਨ ਕੀ ਲਗ ਗਏ ਕਿਤਾਬਾਂ ਲਿਖਣ ਵਾਲੇ। ਉਹਦੀ ਕਿਤਾਬ ਦਾ ਹਵਾਲਾ ਦੇ ਦਿਤਾ, ਓਹਦੀ ਦਾ ਦੇ ਦਿਤਾ। ਉਹਨੂੰ ਸਾਰੇ ਨੂੰ ਇਕੱਠਾ ਜਿਹਾ ਕਰਕੇ ਮਾਰਕੀਟ 'ਚ ਲਿਆ ਕੇ 100-100, 200-200 ਰੁਪਏ ਦੀ ਕਿਤਾਬ ਵੇਚ ਦਿੰਦੇ ਨੇ। ਉਹਨਾਂ ਦਾ ਮੰਤਵ ਇਹ ਹੁੰਦੈ ਕਿ ਤੁਸੀਂ ਐਨੀਆਂ ਪੜ੍ਹੋਂਗੇ, ਮੇਰੀ ਇਕ ਦੀ ਹੀ ਪੜ੍ਹ ਲਓ। ਇਹਨੂੰ ਸਾਸ਼ਤਰ ਵਾਸ਼ਨਾ ਕਹਿੰਦੇ ਨੇ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਬ੍ਰਹਮ ਦਾਸ ਨੂੰ ਮਟਨ ਦੇ ਵਿਚ, ਕਸ਼ਮੀਰ ਵਿਚ ਦਸਿਆ ਸੀ ਕਿ ਵਿਦਿਆ ਕੀ ਹੁੰਦੀ ਹੈ? ਕਿਵੇਂ ਪੜ੍ਹੀਦੀ ਹੁੰਦੀ ਹੈ? ਮਹਾਰਾਜ ਕਹਿੰਦੇ, ਚਾਰ ਹੁੰਦੇ ਨੇ ਵਿਦਿਆ ਵਾਲੇ - ਇਕ ਤਾਂ ਹੁੰਦੈ ਲਿਖਣ ਵਾਲਾ, ਇਕ ਹੁੰਦੈ ਉਹਨਾਂ ਦਾ ਟੀਕਾ ਕਰਨ ਵਾਲਾ, ਇਕ ਹੁੰਦੈ ਵੇਚਣ ਵਾਲਾ, ਇਕ ਹੁੰਦੈ ਜੋ ਲੈ ਕੇ ਪੜ੍ਹਦੈ। ਜਿਸ ਤਰ੍ਹਾਂ ਦੇ ਨਾਲ ਇਕ ਸਿਕਲੀਗਰ ਹੈ, ਉਹ ਸ਼ਸਤਰ ਬਣਾਉਂਦੈ। ਦੂਸਰਾ ਉਹਨਾਂ 'ਤੇ ਪਾਲਿਸ਼ ਕਰਦੈ। ਤੀਸਰਾ ਉਹਨੂੰ ਲਿਆ ਕੇ ਵੇਚਦੈ, ਚੌਥਾ ਉਹ ਹੈ ਜਿਹੜਾ ਅਭਿਆਸ ਕਰਦੈ। ਕਹਿੰਦੇ, ਸ਼ਸਤਰ ਸੂਰਮੇ ਦੇ ਕੰਮ ਆਉਂਦੇ ਨੇ। ਪਹਿਲੇ ਤਿੰਨ ਦੇ ਕੋਲ ਕੋਈ ਕੰਮ ਨਹੀਂ ਦਿੰਦਾ। ਬਣਾਉਣ ਵਾਲੇ ਨੂੰ ਚਲਾਉਣ ਦਾ ਨਹੀਂ ਪਤਾ। ਜਿਹੜਾ ਪਾਲਿਸ਼ ਕਰਦੈ, ਉਹਨੂੰ ਵੀ ਉਹਦਾ ਕੁਛ ਪਤਾ ਹੀ ਨਹੀਂ, ਉਹਦੀ ਨਿਗ੍ਹਾ 'ਚ ਤਾਂ ਲੋਹਾ ਹੀ ਹੈ। ਜਿਹੜਾ ਦੁਕਾਨਦਾਰ ਲਿਆ ਕੇ ਵੇਚਦਾ ਹੈ, ਉਹਨੂੰ ਕੋਈ ਪਤਾ ਨਹੀਂ ਕਿ ਇਹ ਕਿਵੇਂ ਚਲਦੈ। ਜਿਹੜਾ ਸੂਰਮਾ ਮੈਦਾਨ-ਏ-ਜੰਗ 'ਚ ਜਾਂਦੈ, ਉਹ ਪਰਖਦੈ ਕਿ ਆਹ ਸ਼ਸਤਰ ਠੀਕ ਹੈ। ਇਸੇ ਤਰ੍ਹਾਂ ਨਾਲ ਜਿਸ ਜਗਿਆਸੂ ਨੇ ਆਪਣਾ ਉਧਾਰ ਕਰਨੈ ਜੇ ਤਾਂ ਉਹ ਵਿਦਿਆ ਪੜ੍ਹਦੈ, ਉਹ ਤਾਂ ਹੈਗੀ ਸਫਲ, ਜਿਨ੍ਹਾਂ ਨੇ ਕੁਟੇਸ਼ਨਾਂ ਲੈਣੀਆਂ ਨੇ ਉਹ ਵਿਦਿਆ ਬੁੱਧੀ ਦੇ ਸਟੋਰ ਵਿਚ ਜਮ੍ਹਾਂ ਹੋ ਕੇ ਦੁਖੀ ਕਰਦੀ ਹੈ। ਸ਼ੰਕੇ ਪੈਦਾ ਕਰਦੀ ਹੈ। ਬੇਅੰਤ ਕਿਸਮ ਦੇ ਸ਼ੰਕੇ ਪੈਦਾ ਹੋ ਜਾਣਗੇ। ਇਹ ਇਕ ਹਨ੍ਹੇਰੇ ਦਾ ਜੰਗਲ ਹੈ ਵਿਦਿਆ। ਸੋ ਇਹ ਵਾਸ਼ਨਾ ਹੋਇਆ ਕਰਦੀ ਹੈ।

ਉਸ ਤੋਂ ਅਗਲੀ ਬੇਨਤੀ ਕਰੀ ਸੀ ਕਿ ਉਸਤਤ, ਨਿੰਦਾ ਦੋ ਜਜ਼ਬੇ ਐਸੇ ਨੇ ਇਨਸਾਨ ਦੇ ਅੰਦਰ। ਉਸਤਤ ਤੋਂ ਖੁਸ਼ ਹੁੰਦੈ, ਨਿੰਦਿਆ ਤੋਂ ਘਬਰਾਉਂਦੈ।

ਜਦੋਂ ਤਕ ਇਹਨਾਂ ਦੋਹਾਂ ਨੂੰ ਬਰਾਬਰ ਨਹੀਂ ਕਰਦਾ, ਓਨੀਂ ਦੇਰ ਤਕ ਰੂਹਾਨੀਅਤ ਵਿਚ ਇਸ ਤਰ੍ਹਾਂ ਸਮਝ ਲਓ ਕਿ ਮੇਰੀ ਤਰੱਕੀ ਨਹੀਂ ਹੋਈ। ਚਾਹੇ ਬਿਰਤੀ ਕਿਤੇ ਟਿਕਦੀ ਹੈ, ਕਿਤੇ ਨਹੀਂ ਟਿਕਦੀ। ਲੇਕਿਨ ਅਜੇ ਕਮਜ਼ੋਰੀ ਹੈ ਬਹੁਤ ਜ਼ਬਰਦਸਤ। ਉਹ ਸਰਤ ਪੂਰੀ ਨਹੀਂ ਕਰਦਾ ਜੋ ਗੁਰੂ ਨਾਨਕ ਪਾਤਸ਼ਾਹ ਨੇ ਕਿਹੈ –

*ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥*
*ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥*
*ਅੰਗ – ੧੪੨੭*

ਜੇ ਉਸਤਤ ਤੇ ਨਿੰਦਾ ਸਮਾਨ ਨਹੀਂ ਹੋਈ, ਓਨਾਂ ਚਿਰ ਗੱਲ ਨਹੀਂ ਬਣਦੀ। ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ। ਪੜ੍ਹੋ ਪਿਆਰ ਨਾਲ=

*ਧਾਰਨਾ – ਉਸਤਤ ਨਿੰਦਾ ਦੋਊ ਤਿਆਗੈ,*
*ਖੋਜਹੁ ਪਦ ਨਿਰਬਾਨਾ ।*
*ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥*
*ਜਨ ਨਾਨਕ ਇਹੁ ਖੇਲੁ ਕਠਨੁ ਹੈ*
*ਕਿਨਹੂੰ ਗੁਰਮੁਖਿ ਜਾਨਾ॥* *ਅੰਗ – ੨੧੯*

ਕਹਿੰਦੇ, ਐਨੀ ਔਖੀ ਬਾਤ ਹੈ। ਅਸੀਂ ਤਾਂ ਐਵੇਂ ਹੀ ਕਹਿੰਦੇ ਹਾਂ ਮੈਂ ਛੱਡ ਦਿੰਦਾ ਹਾਂ ਉਸਤਤ ਨਿੰਦਾ। ਲੇਕਿਨ ਔਖੀ ਬਹੁਤ ਹੈ ਮਹਾਰਾਜ ਕਹਿੰਦੇ – ***'ਕਿਨਹੂੰ ਗੁਰਮੁਖਿ ਜਾਨਾ ॥'*** ਕੋਈ ਹੈ ਜਿਸ ਨੇ ਇਹ ਬਾਤ ਸਮਝ ਲਈ।

ਭਗਤ ਨਾਮਦੇਵ ਜੀ, ਆਪ ਬੈਠੇ ਨੇ ਤੇ ਕੁਛ ਬੱਚੇ ਬੈਠੇ ਨੇ, ਕੁਛ ਬੱਚੇ ਆਪ ਦੇ ਪਾਸ ਪੜ੍ਹ ਰਹੇ ਨੇ ਤੇ ਇਕ ਸੇਠ ਆਪਣੇ ਬੱਚੇ ਨੂੰ ਲੈ ਕੇ ਆਇਆ। ਆ ਕੇ ਉਸ ਨੇ ਭੇਟਾ ਕਰੀ, ਪ੍ਰਸ਼ਾਦ ਰੱਖਿਆ ਕਹਿਣ ਲੱਗਿਆ, ਭਗਤ ਜੀ! ਇਸ ਬੱਚੇ ਨੂੰ ਪੜ੍ਹਾ ਦਿਓ। ਕਹਿੰਦੇ, ਕੋਈ ਨਾ, ਕੀ ਨਾਉਂ ਹੈ? ਨਾਉਂ ਲਿਖ ਲਿਆ। ਜਦੋਂ ਸੇਠ ਚਲਿਆ ਗਿਆ, ਉਸ ਤੋਂ ਬਾਅਦ ਬੱਚੇ ਨੂੰ ਕੋਲ ਬੁਲਾਇਆ। ਬੱਚਾ ਕੋਲ ਆਇਆ ਤਾਂ ਹੈਰਾਨ ਰਹਿ ਗਏ ਕਿ ਇਹ ਤਾਂ ਗਹਿਣਿਆਂ ਨਾਲ ਲੱਦਿਆ ਪਿਐ। ਅਮੀਰੀ ਸੇਠ ਨੇ ਆਪਣੇ ਬੱਚੇ ਦੇ ਸਰੀਰ 'ਤੇ ਦਿਖਾਈ ਹੋਈ ਹੈ ਤਾਂ ਉਸ ਵੇਲੇ ਉਨ੍ਹਾਂ ਸਾਰਿਆਂ ਨੇ ਪਹਿਲਾਂ ਇਹ ਗੱਲ ਕਰੀ ਕਿ ਉਹਦੇ ਕੰਗਣ ਵੀ ਲਾਹ ਲਏ, ਕੰਠਾ ਵੀ ਲਾਹ ਲਿਆ, ਹੋਰ ਵੀ ਗਹਿਣੇ ਜਿਹੜੇ ਪਾਏ ਹੋਏ ਸੀ ਉਹ ਵੀ ਲਾਹ ਲਏ। ਲਾਹ ਕੇ ਇਕ ਪੋਟਲੀ ਦੇ ਵਿਚ ਬੰਨ੍ਹ ਕੇ ਰੱਖ ਦਿਤੇ ਅੰਦਰ। ਜਦੋਂ ਛੁੱਟੀ ਦਿਤੀ ਬੱਚੇ ਨੂੰ, ਕਹਿਣ ਲੱਗੇ, ਗਹਿਣੇ ਪਾ ਕੇ ਨਾ ਆਇਆ ਕਰ।

ਉਸ ਤੋਂ ਬਾਅਦ ਬੱਚਾ ਚਲਿਆ ਗਿਆ। ਜਦੋਂ ਘਰ ਗਿਆ। ਮਾਂ ਨੇ ਦੇਖਿਆ ਕਿ ਕੰਗਣ ਵੀ ਲਾਹ ਲਏ, ਕੰਠਾ ਵੀ ਲਾਹ ਲਿਆ, ਹੋਰ ਵੀ ਸਾਰੇ ਗਹਿਣੇ ਲਾਹ ਲਏ। ਕਹਿੰਦੀ, ਕੀਹਨੇ ਲਾਹ ਲਏ, ਇਹ ਤਾਂ ਬੜਾ ਮਾੜਾ ਹੈ। ਗਹਿਣੇ ਲਾਹ ਲਏ, ਹੁਣ ਕਿਤੇ ਦੇਣ ਲੱਗਿਐ, ਜਿਹਨੇ ਲਾਹੇ ਨੇ। ਉਹਨੇ ਕਹਿਣੈ ਕਿ ਪਾਏ ਹੀ ਨਹੀਂ ਸੀ ਹੋਏ ਕਿਉਂਕਿ ਸੰਤਾਂ ਦੀ ਮਹਿਮਾ ਨੂੰ ਜਾਣਦੀ ਨਹੀਂ ਸੀ ਬੀਬੀ। ਆਪਣੇ ਨਾਲ ਹੀ ਤੁਲਨਾ ਦਿੰਦੀ ਸੀ। ਜਿਹੋ ਜਿਹਾ ਬੰਦਾ ਹੁੰਦੈ, ਉਹਦੀ ਦੂਸਰੇ ਨੂੰ ਪਰਖਣ ਵਾਲੀ ਅੱਖ, ਆਪਣੀ ਸੋਚ ਸਮਝ ਤੇ ਆਪਣੀ ਹਸਤੀ ਦੇ ਮੁਤਾਬਿਕ ਹੀ ਹੋਇਆ ਕਰਦੀ ਹੈ। ਉਸ ਤੋਂ ਵੱਧ ਨਹੀਂ ਉਹਦੀ ਜਾਣਕਾਰੀ ਹੁੰਦੀ। ਡੱਡੂ ਨਹੀਂ ਸਮਝ ਸਕਦਾ ਕਿ ਹੰਸ ਕਿੱਥੋਂ ਆਏ ਨੇ। ਡੱਡੂ ਦੀ ਸਮਝ ਖੂਹ ਤੋਂ ਬਾਹਰ ਨਹੀਂ ਹੋਇਆ ਕਰਦੀ। ਹੰਸ ਦੀਆਂ ਉਡਾਰੀਆਂ ਨੇ। ਸੈਂਕੜੇ ਮੀਲਾਂ 'ਤੇ ਫਿਰਦੈ। ਇਸ ਤਰ੍ਹਾਂ ਜਿਹੋ ਜਿਹਾ ਬੰਦਾ ਆਪ ਹੁੰਦੈ, ਦੂਸਰੇ ਨੂੰ ਵੀ ਉਹੋ ਜਿਹਾ ਹੀ ਦੇਖਿਆ ਕਰਦੈ। ਉਸ circle (ਦਾਇਰੇ) ਤੋਂ ਅੱਗੇ ਨਹੀਂ ਜਾਣ ਦਿੰਦਾ। ਚੋਰ, ਚੋਰ ਹੀ ਸਮਝੇਗਾ ਸਾਰਿਆ ਨੂੰ। ਮਾੜਾ ਬੰਦਾ ਸਭ ਨੂੰ ਮਾੜਾ ਸਮਝੇਗਾ। ਉਹਦੀ ਨਿਗ੍ਹਾ ਵਿਚ ਕੋਈ ਚੰਗਾ ਹੁੰਦਾ ਹੀ ਨਹੀਂ।

ਗੁਆਂਢਣ ਨੂੰ ਕਹਿਣ ਲੱਗੀ, ਲਓ ਸਾਰੇ ਭਗਤ ਜੀ–ਭਗਤ ਜੀ ਕਰਦੇ ਨੇ, ਮੇਰੇ ਪੁੱਤ ਦੇ ਗਹਿਣੇ ਲਾਹ ਲਏ ਸਾਰੇ ਉਹਨੇ। ਕੋਲੋਂ ਪਲੇਥਣ ਲਾ ਲਿਆ ਕਹਿੰਦੀ ਉਹ ਤਾਂ ਦਿੰਦਾ ਹੀ ਨਹੀਂ। ਮੇਰੇ ਪੁੱਤ ਨੇ ਮੰਗੇ, ਦਿਤੇ ਹੀ ਨਹੀਂ ਹੈ ਉਹਨੇ। ਉਹ ਕਹਿੰਦਾ, ਫੇਰ ਤਾਂ ਨਹੀਂ ਦਿੰਦਾ ਉਹ, ਜੇ ਪੁੱਤ ਨੂੰ ਨਹੀਂ ਦਿਤੇ। ਕਹਿੰਦਾ, ਸਬੂਤ ਹੈ? ਜਿਉਂ ਗੱਲ ਚੱਲੀ ਸਾਰੇ ਨਗਰ ਵਿਚ ਫਿਰ ਗਈ, ਜਿਥੇ ਨਾਮਦੇਵ ਜੀ ਰਹਿੰਦੇ ਸੀ। ਸਾਰੇ ਹੀ ਬਿਨਾਂ ਸੋਚੇ ਸਮਝੇ ਨਿੰਦਿਆ ਕਰੀ ਜਾਣ। ਸੰਤਾਂ ਦੀ ਤਾਂ ਗੱਲ ਮਸਾਂ ਮਿਲਦੀ ਹੈ ਲੋਕਾਂ ਨੂੰ। ਚਾਹੇ ਦੁਨੀਆਂ ਕਿੰਨੇ ਹੀ ਪਾਪ ਕਰੀ ਜਾਵੇ, ਚੁਗਲੀਆਂ ਕਰੀ ਜਾਵੇ, ਕਦੇ ਨਹੀਂ ਕੁਛ ਕਹਿੰਦੇ। ਸੰਤਾਂ ਦੀ ਮਾੜੀ ਜਿਹੀ ਗੱਲ ਲੱਭ ਜਾਏ, ਸਾਰੇ ਦੁਨੀਆਂ 'ਚ ਘੁੰਮ ਜਾਂਦੀ ਹੈ। ਕਿਉਂ, ਉਹ ਕਿਸੇ ਦੇ ਲਗਦੇ ਨਹੀਂ ਹੁੰਦੇ। ਬਾਕੀ ਹਰ ਕੋਈ ਕਿਸੇ ਨਾ ਕਿਸੇ ਦਾ ਲਗਦਾ ਹੁੰਦੈ।

ਸੋ ਥੋੜ੍ਹੀ ਦੇਰ ਨੂੰ ਸੇਠ ਆ ਗਿਆ ਘਰੇ। ਸੇਠ

ਨਾਲ ਬੜੀ ਨਰਾਜ਼ ਹੋਈ। ਉਹ ਕਹਿੰਦਾ, ਕਾਹਨੂੰ ਕਲਪਦੀ ਹੈਂ। ਦਿਨ ਚੜ੍ਹ ਲੈਣ ਦੇ। ਮੈਂ ਚਾਰ ਬੰਦੇ ਲਿਜਾ ਕੇ ਪੁੱਛ ਲਵਾਂਗਾ। ਗਹਿਣੇ ਰੱਖ ਕਿਵੇਂ ਲਏਗਾ ਭਗਤ, ਉਹਦੀ ਕੀ ਤਾਕਤ ਹੈ, ਮੇਰੇ ਕੋਲ ਤਾਂ ਐਨਾ ਰਸੂਖ ਹੈ। ਪੁਲਿਸ ਵਾਲੇ ਮੇਰੇ ਵਾਕਫ ਨੇ। ਉਹ ਤਾਂ ਇਕ ਸਕਿੰਟਾਂ 'ਚ ਹੀ ਮੰਨ ਜਾਏਗਾ। ਨਾਲੇ ਦੇ ਦੇਵੇਗਾ।

ਦੂਸਰੇ ਦਿਨ ਫੇਰ ਚਲਿਆ ਗਿਆ ਸੇਠ। ਜਾ ਕੇ ਅਜੇ ਗੱਲ ਕਰਨ ਹੀ ਲੱਗਿਆ ਸੀ। ਨਾਮਦੇਵ ਜੀ ਕਹਿਣ ਲੱਗੇ, ਸੇਠ ਜੀ! ਜੇ ਬੱਚੇ ਨੂੰ ਪੜ੍ਹਾਉਣੈ ਤਾਂ ਗਹਿਣੇ ਪਾ ਕੇ ਨਾ ਭੇਜਿਆ ਕਰੋ। ਆਹ ਚੁੱਕੋ ਆਪਣੀ ਪੋਟਲੀ। ਕੋਈ ਚੋਰ ਚਕਾਰ ਚੁੱਕ ਕੇ ਲੈ ਜਾਂਦਾ, ਗਲ ਘੁੱਟ ਕੇ ਮਾਰ ਦਿੰਦਾ, ਤੁਸੀਂ ਕਹਿਣਾ ਸੀ, ਉਹ ਤਾਂ ਪੜ੍ਹਨ ਗਿਆ ਸੀ, ਜ਼ਿੰਮੇਵਾਰੀ ਸਾਡੀ ਹੋਣੀ ਸੀ।

ਢਲ ਗਿਆ ਸੇਠ ਕਿ ਗਲਤੀ ਸਾਡੀ ਹੀ ਸੀ। ਘਰਵਾਲੀ ਨੂੰ ਆ ਕੇ ਤਾੜਨ ਲਗ ਗਿਆ ਕਿ ਤੂੰ ਐਵੇਂ ਹੀ ਕਰਦੀ ਹੈਂ ਉਹਨੇ ਤਾਂ ਆਪਣੇ ਬੱਚੇ ਦੀ ਜਾਨ ਬਚਾਈ ਹੈ। ਉਹ ਪੜੋਸਣ ਦੇ ਗਈ ਕਹਿੰਦੀ ਨਹੀਂ ਭੈਣੇ! ਉਹਨੇ ਤਾਂ ਲਾਹ ਲਏ ਸੀ ਕਿ ਕੋਈ ਚੋਰ ਨਾ ਬੱਚੇ ਨੂੰ ਚੁਕ ਕੇ ਲੈ ਜਾਏ। ਉਹ ਕਹਿੰਦੀ, ਮੈਂ ਫਲਾਣੀ ਨੂੰ ਦਸਿਆ ਹੈ, ਉਹ ਵੀ ਨੱਠੀ ਗਈ ਉਸ ਨੂੰ ਦੱਸਣ। ਇਸ ਤਰ੍ਹਾਂ ਸਾਰੇ ਸ਼ਹਿਰ 'ਚ ਗਲ ਘੁੰਮ ਗਈ।

ਨਾਮਦੇਵ ਜੀ ਕੋਲ ਪ੍ਰੇਮੀ ਬੈਠੇ ਸੀ। ਤੀਸਰੇ ਦਿਨ ਦੀ ਗੱਲ ਹੈ। ਉਸ ਵੇਲੇ ਆਪ ਪ੍ਰਸ਼ਾਦ ਪਾਣੀ ਸੰਗਤ ਨੂੰ ਛਕਾ ਕੇ, ਬਰਤਨ ਮਾਂਜ ਰਹੇ ਸੀ। ਸੰਤਾਂ ਦਾ ਇਹ ਨਹੀਂ ਹੁੰਦਾ ਕਿ ਆਹ ਕੰਮ ਨਹੀਂ ਕਰਨਾ। ਸੰਤ ਬਰਤਨ ਮਾਂਜਣ 'ਚ, ਜੋੜੇ ਝਾੜਨ 'ਚ, ਝਾੜੂ ਦੇਣ 'ਚ ਆਪਣੇ ਆਪ 'ਚ ਖੁਸ਼ੀ ਮਹਿਸੂਸ ਕਰਿਆ ਕਰਦੇ ਨੇ –

*ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥*

*ਅੰਗ – ੮੧੧*

ਮਹਾਰਾਜ ਕਹਿੰਦੇ, ਦਾਸਾਂ ਦਾ ਪਾਣੀ ਪੱਖਾ ਪੀਸ ਕੇ ਨਿਹਾਲ ਹੋਈਦੈ।

ਸੋ ਨਾਮਦੇਵ ਜੀ ਨੂੰ ਬੈਠੇ ਪ੍ਰੇਮੀ ਕਹਿਣ ਲੱਗੇ, ਭਗਤ ਜੀ! ਪਰਸੋਂ ਤੁਹਾਡੀ ਨਿੰਦਿਆ ਹੋ ਰਹੀ ਸੀ ਬੜੀ ਸਾਰੇ ਸ਼ਹਿਰ 'ਚ। ਕੱਲ੍ਹ ਤੁਹਾਡੀ ਉਸਤਤ ਹੋ ਰਹੀ ਸੀ ਸਾਰੇ। ਨਾਮਦੇਵ ਜੀ ਨੇ ਦੋ ਮੁੱਠੀਆਂ ਭਰ ਲਈਆ ਸੁਆਹ ਦੀਆਂ, ਕਹਿੰਦੇ ਆਹ ਤਾਂ ਉਸਤਤ ਕਰਨ ਵਾਲਿਆਂ ਦੇ, ਆਹ ਨਿੰਦਿਆ ਕਰਨ ਵਾਲਿਆਂ ਦੇ। ਦਾਸ ਨੂੰ ਨਾ ਕੋਈ ਉਸਤਤ ਕਰਨ ਨਾਲ ਫਰਕ ਪੈਂਦਾ, ਨਾ ਨਿੰਦਿਆ ਨਾਲ ਸਾਨੂੰ ਕੋਈ ਖੇਦ ਹੁੰਦੈ। ਉਸਤਤ ਵਾਲੇ ਆਪਣਾ ਕੰਮ ਕਰਦੇ ਨੇ। ਕਿਉਂਕਿ ਗਿਆਨਵਾਨ ਨੂੰ ਕੋਈ ਪੁੰਨ ਤੇ ਪਾਪ ਨਹੀਂ ਲੱਗਿਆ ਕਰਦਾ। ਜਦੋਂ realisation 'ਚ ਪਹੁੰਚ ਜਾਵੇ ਉਸ ਵੇਲੇ –

*ਪਾਪੁ ਪੁੰਨੁ ਤਹ ਭਈ ਕਹਾਵਤ ॥*
*ਕੋਊ ਨਰਕ ਕੋਊ ਸੁਰਗ ਬੰਛਾਵਤ ॥* *ਅੰਗ – ੨੯੨*

ਉਹ ਇਸ ਕਰਕੇ ਨਹੀਂ ਲਗਦਾ ਕਿਉਂਕਿ ਦੋਹਾਂ ਦੀ ਉਹ ਇੱਛਿਆ ਨਹੀਂ ਰਖਦੇ। ਉਹਨਾਂ ਦੇ ਜਿਹੜੇ ਪੁੰਨ ਤੇ ਪਾਪ ਨੇ ਜਾਂਦੇ ਕਿੱਥੇ ਨੇ, ਜੇ ਅਚਾਨਕ ਕੋਈ ਪਾਪ ਹੋ ਜਾਵੇ? ਨਿੰਦਿਆ ਕਰਨ ਵਾਲੇ ਤਾਂ ਨਾਲ ਦੀ ਨਾਲ ਸਫਾਈ ਕਰੀ ਜਾਂਦੇ ਨੇ। ਉਹ ਜਿਹੜੀ ਪੁੰਨਾਂ ਦੀ ਪੰਡ ਬੋਝ ਪਾਉਂਦੀ ਹੈ ਉਹਨਾਂ ਨੂੰ ਧਰਮਰਾਜ ਦੇ ਲਿਜਾਉਣ ਵਾਸਤੇ, ਉਹਨੂੰ ਉਸਤਤ ਕਰਨ ਵਾਲੇ ਲਈ ਜਾਂਦੇ ਨੇ। ਸੋ ਦੋਵੇਂ ਪ੍ਰਮੇਸ਼ਰ ਨੇ ਲਾਏ ਹੋਏ ਨੇ। ਆਪ ਨਿਰਲੇਪ ਨੇ।

*ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥*

*ਅੰਗ – ੨੧੯*

ਮਹਾਰਾਜ ਕਹਿਣ ਲੱਗੇ, ਭਾਈ ਮੰਝ! ਸਮਝ ਵਿਚ ਆ ਗਈ ਗੱਲ? ਕਿਉਂਕਿ ਜਦੋਂ ਅਸੀਂ ਤੈਨੂੰ 'ਨਾਮ' ਦਿਤਾ। ਕੱਲ੍ਹ ਨੂੰ ਇਹਨਾਂ ਚੀਜ਼ਾਂ ਨਾਲ ਤੇਰਾ ਜੀਵਨ ਵਿਚ ਵਾਹ ਪੈਣੈ। ਹੁਣੇ ਹੀ ਸਾਵਧਾਨ ਹੋ ਜਾ, ਇਹਨਾਂ ਚੀਜ਼ਾਂ ਵਾਸਤੇ। ਇਹ ਰਹਿਤਾਂ ਹੁੰਦੀਆਂ ਨੇ। ਅਸੀਂ ਵੀ ਸਮਝ ਲਈਏ ਕਿ ਸਾਨੂੰ ਵੀ ਗੁਰੂ ਮਹਾਰਾਜ ਓਹੀ ਰਹਿਤਾਂ ਦਸ ਰਹੇ ਨੇ।

ਕਹਿਣ ਲੱਗੇ, ਉਸ ਤੋਂ ਅਗਲੀ, ਛੇਵੀਂ ਹੋਇਆ ਕਰਦੀ ਹੈ ਪ੍ਰਭਤਾ ਦੀ। ਹਰ ਬੰਦੇ ਦੇ ਮਨ ਵਿਚ ਇਹ ਹੁੰਦੈ ਕਿ ਮੇਰੀ ਪ੍ਰਭਤਾ ਹੋਵੇ। ਮੈਨੂੰ ਲੋਕ ਚੰਗਾ ਸਮਝਣ। ਮੈਂ ਜਿਥੇ ਜਾਵਾਂ ਉਹ ਸੁਸਾਇਟੀ ਮੇਰਾ ਆਦਰ ਕਰੇ, ਸਤਿਕਾਰ ਕਰੇ। ਮੇਰੇ ਪਿੱਛੇ-ਪਿੱਛੇ ਤੁਰੇ ਫਿਰਨ। ਮੇਰੇ ਕੋਲ ਆ ਕੇ ਬੈਠਣ ਤੇ ਜੇ ਕੋਈ ਨਹੀਂ ਆਉਂਦਾ, ਉਹਨੂੰ ਉਲਾਂਭਾ ਦਿੰਦੇ ਨੇ ਕਿ ਤੂੰ ਆਇਆ ਹੀ ਨਹੀਂ। ਬੜੀ ਦੇਰ ਹੋ ਗਈ ਤੈਨੂੰ ਆਏ

ਨੂੰ। ਸੰਤ ਹੋਰ ਤਰ੍ਹਾਂ ਦਿੰਦੇ ਹੁੰਦੇ ਨੇ। ਸੰਤ ਕਹਿੰਦੇ ਹੁੰਦੇ ਨੇ ਕਿ ਤੂੰ ਐਨਾ ਨੁਕਸਾਨ ਕਰ ਲਿਆ, ਹੁਣ ਨੂੰ ਤੂੰ ਕਿਤੇ ਦੀ ਕਿਤੇ ਜਾਂਦਾ, ਜੇ ਆਉਂਦਾ ਰਹਿੰਦਾ। ਜਿਹੜੇ ਦੁਨੀਆਂਦਾਰ ਬੰਦੇ ਨੇ ਉਹਨਾਂ ਦੀ ego ਕੰਮ ਕਰ ਰਹੀ ਹੁੰਦੀ। ਉਹ ਕਹਿੰਦੇ ਨੇ ਕਿ ਤੂੰ ਆਇਆ ਹੀ ਨਹੀਂ, ਤੂੰ ਹੁਣ ਕੰਮ ਪਏ 'ਤੇ ਆ ਜਾਏਂਗਾ। ਐਨਾ ਹੀ ਫਰਕ ਹੁੰਦੈ ਗੁਰਮੁਖਾਂ ਦਾ ਤੇ ਦੁਨੀਆਂਦਾਰਾਂ ਦਾ। ਗੁਰਮੁਖ ਜੇ ਕਿਸੇ ਨੂੰ ਕਹੇ ਕਿ ਤੂੰ ਆਇਆ ਨਹੀਂ, ਉਹ ਇਹ ਮਨ ਵਿਚ ਰਖਦੈ ਕਿ ਇਹਦਾ ਨੁਕਸਾਨ ਹੋ ਗਿਆ। ਇਹ ਦੁਨੀਆਂ ਦੇ ਵਿਚ ਪਰਚ ਗਿਆ। ਸੰਤਾਂ ਕੋਲ ਆਉਣ ਤੋਂ ਓਹੀ ਹਟਦਾ ਹੁੰਦੈ ਜਿਹਦੇ ਉਪਰ ਮੈਲ ਪੈ ਜਾਵੇ। ਜਿਉਂ-ਜਿਉਂ ਮੈਲ ਵਧਦੀ ਜਾਏਗੀ, ਤਿਉਂ-ਤਿਉਂ ਰੁਚੀ ਘਟਦੀ ਜਾਏਗੀ। ਅਖੀਰ ਐਸਾ ਹੁੰਦਾ ਹੈ ਕਿ ਆਉਣਾ ਜਾਣਾ ਹੀ ਖਤਮ ਹੋ ਜਾਂਦੈ। ਸੰਤਾਂ ਨੂੰ ਪਤਾ ਲਗ ਜਾਂਦੈ ਕਿ ਇਹ ਤਾਂ ਗਿਰ ਗਿਆ, ਖਤਮ ਹੋ ਗਿਆ, ਜਿਹੜੀ ਜੋਤ ਜਗੀ ਸੀ ਉਹ ਬੁਝ ਗਈ। ਫੇਰ ਪਰਉਪਕਾਰ ਵਸ ਕੋਸ਼ਿਸ਼ ਕਰਦੇ ਨੇ ਕਿ ਇਹਨੂੰ ਜਗਾਇਆ ਜਾਵੇ, ਸ਼ਾਇਦ ਦੀਵਿਆਂ 'ਚ ਤੇਲ ਕੁਛ ਰਹਿ ਗਿਆ ਹੋਵੇ। ਸੰਸਾਰ ਜਿਹੜਾ ਹੈ ਇਹ ਪ੍ਰਭਤਾ ਦੇ ਵਿਚ ਰਹਿੰਦੈ। ਜਗਿਆਸੂ ਅਪ੍ਰਭਤਾ 'ਚ ਰਹਿੰਦੈ। ਪ੍ਰਭਤਾ ਦੇ ਵਿਚ ਤਿਆਗ ਚਾਹੀਦੈ। ਹੱਥ ਬਨ੍ਹਾਉਣ ਦਾ, ਮੱਥੇ ਟਿਕਾਉਣ ਦਾ ਤਿਆਗ ਚਾਹੀਦੈ।

ਗੋਪੀ ਚੰਦ ਤੇ ਭਰਥਰੀ ਸਿੱਧ ਜਗਤ ਦੇ ਅੰਦਰ ਬੜੇ ਉੱਚ ਕੋਟੀ ਦੇ ਮਹਾਤਮਾ ਹੋਏ ਨੇ। ਇਹ ਦੋਵੇਂ ਰਾਜੇ ਸੀਗੇ। ਭਰਥਰੀ ਵੀ ਰਾਜਾ ਸੀ। ਇਹਨੂੰ ਕਾਰਨ ਵੈਰਾਗ ਸੀ। ਜਿਹੜਾ ਗੋਪੀ ਚੰਦ ਸੀ ਇਹਨੂੰ ਆਪਣੀ ਮਾਤਾ ਦੇ ਉਪਦੇਸ਼ ਤੋਂ ਵੈਰਾਗ ਹੋਇਆ ਸੀ। ਸੋ ਇਹਨਾਂ ਦੀ ਮਹਿਮਾ ਬਹੁਤ ਵਧ ਗਈ। ਇਕ ਤਾਂ ਰਾਜੇ ਸੀ, ਇਕ ਸਾਧਨ ਬਹੁਤ ਕਰਦੇ ਸੀ। ਤਕੜੇ ਹੋ ਕੇ ਲੱਗੇ ਹੋਏ ਸੀ। ਦੁਨੀਆਂ ਬਹੁਤ ਆਉਣ ਲਗ ਇਨ੍ਹਾਂ ਕੋਲ। ਜਦੋਂ ਸੰਤਾਂ ਕੋਲ ਬਹੁਤੀ ਦੁਨੀਆਂ ਆਉਣ ਲਗ ਜਾਵੇ, ਉਹਦੇ 'ਚੋਂ 99% ਲੋਕ ਤਾਂ ਹੋਇਆ ਕਰਦੇ ਨੇ ਆਪਣੀ ਗਰਜਾਂ ਪੂਰੀਆਂ ਕਰਨ ਵਾਲੇ। ਰੂਹਾਨੀਅਤ ਬਾਰੇ ਕੋਈ ਗੱਲ ਨਹੀਂ ਕਰਨ ਆਉਂਦਾ। ਮੈਂ ਬਿਮਾਰ ਹਾਂ ਜੀ, ਮੇਰਾ ਕੰਮ ਨਹੀਂ ਹੁੰਦਾ, ਮੈਨੂੰ ਨੌਕਰੀ ਨਹੀਂ ਮਿਲਦੀ, ਮੇਰਾ ਬੱਚਾ ਨਹੀਂ ਵਿਆਹ ਹੁੰਦਾ, ਵੀਹ ਗੱਲਾਂ ਹੁੰਦੀਆਂ ਨੇ। ਹੋਰ ਕੋਈ ਮਤਲਬ ਨਹੀਂ ਹੁੰਦਾ ਸੰਤਾਂ ਨਾਲ। ਆਹੀ ਹੁੰਦੈ ਕਿ ਬਚਨ ਕਰ ਦੇਣ ਸਾਡਾ ਕੰਮ ਹੋ ਜਾਵੇ। ਉਹ ਸਹਿਜ ਸੁਭਾਅ ਬਚਨ ਕਰੀ ਜਾਂਦੇ ਨੇ ਕਿ ਚਲੋ ਕੋਈ ਨਹੀਂ ਇਹ ਵਿਚਾਰਾ ਆਇਆ ਹੈ, ਜੇ ਬਚਨ ਨਾਲ ਕੰਮ ਬਣਦੈ, ਸਾਨੂੰ ਕੀ ਫਰਕ ਪੈਂਦੈ।

ਸੋ ਇਹਨਾਂ ਕੋਲ ਜਦੋਂ ਇਹੋ ਜਿਹੇ ਇਕੱਠ ਹੋਏ। ਤਾਂ ਇਹਨਾਂ ਨੂੰ ਸੰਤ ਮੱਖੀਆਂ ਕਹਿ ਦਿੰਦੇ ਨੇ। ਮੱਖੀਆਂ ਭਿਣਕਦੀਆਂ ਨੇ। ਜਿੱਥੇ ਮੱਖੀਆਂ ਭਿਣਕਣ ਉਥੋਂ ਛੱਡ ਕੇ ਹੀ ਚਲੇ ਜਾਂਦੇ ਨੇ। ਇਹ ਦੋਵੇਂ ਉਹ ਜਗ੍ਹਾਂ ਛੱਡ ਕੇ ਚਲੇ ਗਏ। ਅੱਗੇ ਜਾ ਕੇ ਦੱਖਣ ਵਿਚ ਤੁਰੇ ਜਾ ਰਹੇ ਨੇ, ਇਕ ਮਾਈ ਮਿਲੀ। ਕਹਿੰਦੀ, ਸੰਤ ਜੀ! ਕੋਈ ਸੇਵਾ ਦੱਸੋ?

ਜਦੋਂ ਦੇਖਿਆ ਕਿ ਮਾਈ ਬਹੁਤ ਪਿਆਰ ਦੀਆਂ ਗੱਲਾਂ ਕਰਦੀ ਹੈ ਤੇ ਸ਼ਰਧਾਲੂ ਮਾਈ ਹੈ। ਕਹਿਣ ਲੱਗੇ, ਮਾਤਾ! ਫੇਰ ਇਕ ਗੱਲ ਕਰ, ਅਸੀਂ ਕੁਝ ਸਾਧਨ ਕਰਨੇ ਨੇ, ਅਸੀਂ ਦੋ-ਦੋ ਮਹੀਨੇ ਦੀਆਂ, ਛੇ-ਛੇ ਮਹੀਨੇ ਦੀਆਂ ਸਮਾਧੀਆਂ ਲਾਉਂਦੇ ਹਾਂ। ਸਾਡਾ ਕਿਸੇ ਨੂੰ ਪਤਾ ਨਾ ਲੱਗੇ। ਕਰ ਲਵੇਂਗੀ?

ਕਹਿੰਦੀ, ਹਾਂ, ਮੇਰੇ ਬਹੁਤ ਕਮਰੇ ਨੇ। ਇਕ ਕਮਰੇ 'ਚ ਜਿਥੇ ਜੀਅ ਕਰਦੈ ਤੁਸੀਂ ਉਥੇ ਰਹਿ ਲਓ। ਬੈਠੇ ਰਿਹੋ, ਜਦੋਂ ਸਮਾਧੀ ਤੋਂ ਉਥਾਨ ਹੋਵੋਂ ਦਰਵਾਜ਼ਾ ਖੜਕਾਅ ਦਿਆ ਕਰੋ, ਖੋਲ੍ਹ ਲਿਆ ਕਰੋ। ਦਰਵਾਜ਼ਾ ਬਾਹਰੋਂ ਮੈਂ ਤਾਂ ਬੰਦ ਕਰਨਾ ਚਾਹੁੰਦੀ ਹਾਂ ਕਿ ਕਿਸੇ ਨੂੰ ਪਤਾ ਨਾ ਲੱਗੇ। ਇਸੇ ਤਰ੍ਹਾਂ ਨਿਭਦੀ ਗਈ, ਪੰਜ-ਛੇ ਮਹੀਨੇ ਲੰਘ ਗਏ। ਇਕ ਦਿਨ ਪੜੋਸਣ ਨੂੰ ਭਿਣਕ ਪੈ ਗਈ। ਉਹ ਕਹਿੰਦੀ, ਭੈਣ! ਤੁਹਾਡੇ ਘਰ ਕੋਈ ਰਹਿੰਦੈ। ਉਹ ਕਹਿੰਦੀ, ਇਹ ਕਮਰੇ ਬੰਦ ਹੀ ਰਹਿੰਦੇ ਨੇ, ਮੈਨੂੰ ਲਗਦੈ ਇਹਨਾਂ 'ਚ ਕੋਈ ਰਹਿੰਦੇ ਨੇ। ਬੰਦ ਕਿਉਂ ਰਖਦੀ ਹੈਂ, ਖੋਲ੍ਹ ਕੇ ਦਿਖਾ? ਉਹਨੇ ਜਦੋਂ ਜ਼ਿਆਦਾ ਹੀ ਜਿੱਦ ਕਰੀ, ਉਹ ਕਹਿੰਦੀ, ਦੋ ਸਾਧੂ ਰਹਿੰਦੇ ਨੇ, ਸਮਾਧੀਆਂ ਲਾ ਕੇ ਰਖਦੇ ਨੇ, ਮੈਨੂੰ ਉਹਨਾਂ ਨੇ ਕਿਹੈ ਕਿ ਦਸੀਂ ਨਾ, ਪੂਰੇ ਭਾਂਡੇ ਨੇ। ਐਨੀ ਗੱਲ ਪੜੋਸਣ ਦੇ ਕਿੱਥੇ ਹਜ਼ਮ ਹੋਣੀ ਸੀ। ਉਹਨੇ ਅਗਲਿਆਂ ਨੂੰ ਦਸ ਦਿਤੀ। ਚਲਦੀ-ਚਲਦੀ ਗੱਲ ਸਾਰੇ ਸ਼ਹਿਰ 'ਚ ਫੈਲ ਗਈ ਕਿ ਮਾਈ ਦੇ ਘਰ ਦੋ ਸਾਧੂ ਆਏ ਹੋਏ ਨੇ। ਬਾਹਰ ਨਹੀਂ ਨਿਕਲੇ, ਛੇ ਮਹੀਨੇ ਦੇ ਅੰਦਰ ਹੀ ਨੇ। ਉਸ ਵੇਲੇ ਰਾਜੇ ਨੂੰ ਵੀ ਖਬਰ ਹੋਈ। ਰਾਜਾ ਬੈਂਡ ਵਾਜੇ ਵਜਾ ਕੇ ਦਰਸ਼ਨਾਂ ਨੂੰ ਆਇਆ। ਵਜ਼ੀਰ ਵਗੈਰਾ,

ਬਹੁਤ ਦੁਨੀਆਂ ਨਾਲ ਹੀ ਆ ਰਹੀ ਹੈ, ਜਲੂਸ ਨਿਕਲਿਆ ਆਉਂਦੈ। ਸੈਂਕੜੇ ਹੀ ਬੰਦੇ ਤੁਰੇ ਆਉਂਦੇ ਨੇ ਤੇ ਇਹ ਓਦਣ ਬਾਹਰ ਬੈਠੇ ਸੀ। ਖਿੜਕੀ ਤਾਈਂ ਦੇਖਦੇ ਨੇ ਦੋਵੇਂ ਜਣੇ, ਕਹਿੰਦੇ, ਗੋਪੀ ਚੰਦ! ਆਹ ਰਾਜਾ ਕਿੱਧਰ ਨੂੰ ਜਾ ਰਿਹੈ? ਮਾਈ ਆਈ, ਪੁੱਛਿਆ ਮਾਤਾ ਇਹ ਕੀ ਗੱਲ ਹੈ? ਮਾਈ ਕਹਿਣ ਲੱਗੀ ਕਿ ਤੁਹਾਡੀ ਮਹਿਮਾ ਐਨੀ ਪਸਰ ਗਈ ਕਿ ਰਾਜਾ ਤੁਹਾਡੇ ਦਰਸ਼ਨ ਨੂੰ ਆ ਰਿਹੈ। ਕਹਿੰਦੇ, ਤੂੰ ਤਾਂ ਫੇਰ ਗਲਤ ਕੰਮ ਕਰ ਦਿਤਾ, ਅਸੀਂ ਤਾਂ ਚੁੱਪ ਕਰਕੇ ਰਹਿਣਾ ਚਾਹੁੰਦੇ ਸੀ। ਕਹਿੰਦੇ, ਚੰਗਾ ਆ ਜਾਣ ਦੇ ਰਾਜੇ ਨੂੰ। ਬਾਕੀਆਂ ਨੂੰ ਰੋਕ ਦੇ ਰਾਜੇ ਨੂੰ ਲਿਆ। ਸੋ ਚਲੀ ਗਈ, ਜਾ ਕੇ ਹੱਥ ਬੰਨ੍ਹ ਕੇ ਖੜ੍ਹ ਗਈ। ਜਦੋਂ ਰਾਜਾ ਨੇੜੇ ਆਇਆ, ਇਹ ਦੋਵੇਂ ਲੜਨ ਲਗ ਗਏ। ਉਹ ਕਹਿੰਦਾ, ਮੈਂ ਜਾਣਾ ਭਿੱਖਿਆ ਲੈਣ, ਦੂਜਾ ਕਹਿੰਦਾ, ਮੈਂ ਜਾਣੈਂ। ਉਹ ਕਹਿੰਦਾ, ਤੂੰ ਕਿਉਂ ਜਾਣੈਂ, ਤੂੰ ਕੱਲ੍ਹ ਗਿਆ ਸੀ। ਉਹ ਕਹਿੰਦਾ, ਮੈਂ ਤਾਂ ਜਾਣਾ ਹੈ। ਕੱਲ੍ਹ ਤੈਨੂੰ ਕਿਸੇ ਮਾਈ ਨੇ ਲੱਡੂ ਖਲਾਏ ਸੀ। ਮੇਰੇ ਲਈ ਤੂੰ ਲੈ ਕੇ ਨਹੀਂ ਆਇਆ। ਉਹ ਕਹਿੰਦਾ, ਭਾਈ ਸਾਹਿਬ! ਮੈਂ ਤਾਂ ਨਹੀਂ ਲੈ ਕੇ ਆਇਆ। ਤੈਨੂੰ ਉਸ ਦਿਨ ਕਿਸੇ ਮਾਈ ਨੇ ਖੀਰ ਖਲਾਈ ਸੀ। ਤੇਰੀ ਦਾੜ੍ਹੀ ਨੂੰ ਚੌਲ ਲੱਗਿਆ ਹੋਇਆ ਸੀਗਾ। ਉਹ ਕਹਿੰਦਾ, ਮੈਂ ਜਾਣਾ, ਉਹ ਕਹੇ ਮੈਂ ਜਾਣਾ। ਰਾਜਾ ਖੜ੍ਹਾ ਦੇਖੇ। ਦੇਖਦੇ-ਦੇਖਦੇ ਦੋਨੋਂ ਜੱਫ-ਮ-ਜੱਫੀ ਹੋ ਗਏ। ਰਾਜਾ ਮੁੜ ਗਿਆ ਕਿ ਇਹ ਤਾਂ ਰੋਟੀਆਂ ਖਾਣ ਵਾਲੇ ਹੀ ਸਾਧ ਨੇ।

ਜਦੋਂ ਸਾਰੇ ਚਲੇ ਗਏ ਇਹਨਾਂ ਨੇ ਸ਼ੁਕਰ ਕਰਿਆ। ਕਹਿੰਦੇ, ਆਹ ਤਾਂ ਡੂੰਮਣਾ ਮਖਿਆਲ ਹੀ ਮਗਰ ਪੈ ਗਿਆ ਸੀ ਸਾਡੇ। ਸੋ ਇਹਨੂੰ ਪ੍ਰਭਤਾ ਕਹਿੰਦੇ ਨੇ। ਪ੍ਰਭਤਾ ਦਾ ਤਿਆਗ ਕਰਨਾ।

ਅਗਲੀ ਗੱਲ ਮਹਾਰਾਜ ਕਹਿੰਦੇ ਕਿ ਆਦਮੀ ਵਿਚ 'ਮੈਂ' ਜਿਹੜੀ ਹੈ ਇਹ ਸਭ ਤੋਂ ਦੁਖੀ ਕਰਦੀ ਹੈ। ਮੈਂ ਦੇ ਦਰਵਾਜ਼ੇ 'ਤੇ ਰਹਿਣ ਵਾਲਾ ਹੈ ਉਹ ਹੈ 'ਮਨ'। ਇਹ ਮਨ ਜਿੰਨੀ ਦੇਰ ਤਕ ਗੁਰੂ ਦੇ ਅਰਪਣ ਨਹੀਂ ਹੁੰਦਾ। ਓਨੀਂ ਦੇਰ ਤਕ ਬਾਤ ਨਹੀਂ ਬਣਿਆ ਕਰਦੀ -

*ਧਾਰਨਾ - ਮਨ ਵੇਚ ਦੇ ਗੁਰਾਂ ਨੂੰ ਆਪਣਾ,*
*ਕਾਰਜ ਤੇਰੇ ਰਾਸ ਹੋਣਗੇ।*

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥*
*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥ ਅੰਗ - ੨੮੬*

ਇਹ ਬਚਨ ਗੁਰੂ ਮਹਾਰਾਜ ਦਾ ਬਹੁਤ ਸਮਝਣ ਵਾਲਾ ਹੈ। ਕਿਉਂਕਿ ਮਨ ਨਾਲ ਵਾਸਤਾ ਹੈ। ਜਿਵੇਂ ਮੈਂ ਪਹਿਲਾਂ ਬੇਨਤੀ ਕਰੀ ਸੀ ਕਿ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ - ੩੪੨*

ਹੁਣ ਇਹਦਾ ਹੱਲ ਲੱਭ ਗਿਆ ਕਿ ਇਹਨੂੰ ਵੇਚ ਹੀ ਦਿਓ ਗੁਰੂ ਨੂੰ, ਨਾ ਸਮਝਣ ਦੀ ਲੋੜ ਰਹੇ, ਨਾ ਇਹਦੇ ਨਾਲ ਕੋਈ ਰੌਲਾ-ਗੌਲਾ ਰਹੇ। ਵੇਚ ਦੇਵਾਂਗੇ ਸਾਧਸੰਗਤ ਜੀ? ਤਰੀਕਾ ਜਾਣਦੇ ਹਾਂ ਕਿ ਕਿਵੇਂ ਵੇਚੀਦੈ?

ਤ੍ਰੇਤੇ ਯੁੱਗ ਦੇ ਵਿਚ ਰਾਜਾ ਜਨਕ ਦੇ ਸਿੰਘਾਸ਼ਨ 'ਤੇ ਬੈਠਣ ਵਾਲਾ 16ਵਾਂ ਜਨਕ, ਜੋ ਸ੍ਰੀ ਰਾਮ ਚੰਦਰ ਜੀ ਦਾ ਰਿਸ਼ਤੇਦਾਰ ਸੀ, ਸੀਤਾ ਜੀ ਦੇ ਪਿਤਾ ਜੀ। ਬ੍ਰਹਮ ਗਿਆਨੀ ਮਹਾਤਮਾ ਹੋਏ ਨੇ। ਰਾਜ ਵੀ ਕੀਤੈ-

*ਭਗਤੁ ਵਡਾ ਰਾਜਾ ਜਨਕੁ ਹੈ*
*ਗੁਰਮੁਖਿ ਮਾਇਆ ਵਿਚਿ ਉਦਾਸੀ॥ ਭਾਈ ਗੁਰਦਾਸ ਜੀ*

ਨਰਕਾਂ ਦੇ ਕੁੰਡ ਖਾਲੀ ਕਰ ਦਿਤੇ ਉਸ ਨੇ ਪ੍ਰਮੇਸ਼ਰ ਦਾ ਨਾਮ ਜਪ ਕੇ। ਸੋ ਉਹ ਰਾਜਾ ਨਿਗੁਰਾ ਸੀ। ਗੁਰੂ ਨਹੀਂ ਸੀ ਧਾਰਨ ਕਰਿਆ। ਲੇਕਿਨ ਉਂਞ ਸੰਤਾਂ ਦੀ ਸੇਵਾ ਕਰਿਆ ਕਰਦਾ ਸੀ ਤੇ ਇਕ ਵਾਰੀ ਸੰਤ ਬਚਨ ਕਰ ਰਹੇ ਸੀ ਕਿ ਮਾਇਆ ਜਿਹੜੀ ਹੈ ਐਡੀ ਪ੍ਰਬਲ ਹੈ ਕਿ ਵੱਡੇ ਤੋਂ ਵੱਡੇ ਆਦਮੀ ਦੇ ਉਤੇ ਪੈ ਕੇ ਉਹਨੂੰ ਥੱਲੇ ਸੁੱਟ ਦਿੰਦੀ ਹੈ। ਇਹ ਪ੍ਰਮੇਸ਼ਰ ਦੀ ਬਹੁਤ ਵੱਡੀ ਸ਼ਕਤੀ ਹੈ ਮਾਇਆ। ਤ੍ਰਿਗੁਣੀ ਮਾਇਆ - ਰਜੋ ਗੁਣ, ਤਮੋ ਗੁਣ, ਸਤੋ ਗੁਣ; ਤਿੰਨ ਗੁਣਾਂ ਵਾਲੀ ਮਾਇਆ ਵਿਚ ਐਨੀ ਸ਼ਕਤੀ ਹੈ। ਇਹਨੇ ਦੇਵਤਿਆਂ ਨੂੰ ਵੀ ਭੁਲਾ ਦਿਤਾ। ਦੈਂਤਾਂ ਨੂੰ ਵੀ ਭੁਲਾ ਦਿਤਾ। ਸੰਤਾਂ, ਭਗਤਾਂ ਨੂੰ ਵੀ ਭੁਲਾ ਦਿਤਾ। ਇਕ ਗੁਰੂ ਦੇ ਜਿਹੜੇ ਭਉ ਭਗਤ ਦੇ ਨਾਲ ਚੱਲੇ ਨੇ ਉਹ ਇਸ ਤੋਂ ਬਚੇ ਨੇ, ਨਹੀਂ ਤਾਂ ਹੋਰ ਨਹੀਂ ਕੋਈ ਬਚ ਸਕਿਆ। ਉਹਨਾਂ ਨੇ ਕਿਹਾ-

*ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥*
*ਅੰਗ- ੪੭੬*

*'ਚਲਦਾ............।'*

***(ਵੀਡੀਓ ਫਿਲਮ ਦੀਵਾਨ ਨੰ: 120)***

# ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ

## ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

### (ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਗੁਰੂ ਮਹਾਰਾਜ ਦੀ ਕੋਈ ਖਾਸ ਕ੍ਰਿਪਾ ਹੀ ਹੈ ਕਿ ਐਹੋ ਜਿਹਾ ਮੌਸਮ, ਠੰਢ ਵੀ ਪੈ ਰਹੀ ਹੈ, ਧੁੰਦ ਵੀ ਪੈ ਰਹੀ ਹੈ, ਘਰਾਂ ਤੋਂ ਚੱਲ ਕੇ ਅੰਮ੍ਰਿਤ ਵੇਲੇ ਦੋ ਵਜੇ ਦੂਰ-ਦੂਰ ਤੋਂ ਸਰਦੀ ਦੀ ਪ੍ਰਵਾਹ ਨਾ ਕਰਦਿਆਂ ਸਤਿਸੰਗ ਮੰਡਲ ਵਿਚ ਪਹੁੰਚਣਾ ਕਿਸੇ ਸੂਰਮੇ ਦਾ ਹੀ ਕੰਮ ਹੋਇਆ ਕਰਦਾ ਹੈ। ਗੁਰੂ ਮਹਾਰਾਜ ਦੀ ਮਿਹਰ ਹੀ ਹੋਇਆ ਕਰਦੀ ਹੈ ਉਨ੍ਹਾਂ ਪ੍ਰੇਮੀਆਂ ਤੇ, ਜਿਸ ਦੇ ਬਾਰੇ ਫੁਰਮਾਨ ਹੈ ਕਿ ਝੱਖੜ ਚਲਦੇ ਹੋਣ, ਮੀਂਹ ਵਰਸਦੇ ਹੋਣ, ਫੇਰ ਵੀ ਗੁਰੂ ਦੀ ਸ਼ਰਨ ਵਿਚ ਆ ਜਾਣ। ਸਮੁੰਦ ਸਾਗਰ ਹੋਵੇ, ਗੁਰਸਿੱਖ ਲੰਘ ਕੇ ਆ ਜਾਂਦਾ ਹੈ। ਸਾਰਿਆਂ ਦੇ ਭਾਗ ਵਿਚ ਇਹ ਬਾਤ ਨਹੀਂ ਆਉਂਦੀ ਕਿਉਂਕਿ ਸਤਿਸੰਗ ਕਰਨਾ ਤਾਂ ਬਹੁਤ ਵਧੀਆ ਹੈ, ਇਹਦਾ ਕੋਈ ਮੁੱਲ ਨਹੀਂ ਪਾਇਆ ਜਾ ਸਕਦਾ। ਕੋਈ ਇਹਦੀ ਕੀਮਤ ਨਹੀਂ ਜਾਣਦਾ ਐਡਾ ਵੱਡਾ ਫਲ ਅੰਮ੍ਰਿਤ ਵੇਲੇ ਜਾਗਣ ਦਾ ਤੇ ਹਰੀ ਜਸ ਸੁਨਣ ਦਾ ਹੁੰਦਾ ਹੈ ਪਰ ਸੰਸਾਰ ਦੇ ਉਤੇ ਐਨੀਆਂ ਮੈਲ ਦੀਆਂ ਤਹਿਆਂ ਜੰਮ ਗਈਆਂ ਕਿ ਉਹਨੂੰ ਖਿਆਲ ਤੱਕ ਵੀ ਨਹੀਂ ਆਉਂਦਾ ਕਿ ਕੋਈ ਲਾਹਾ ਖੱਟ ਲਈਏ। ਪੈਸੇ ਟਕੇ ਦੀ ਬਾਤ ਹੋਵੇ ਆਦਮੀ ਦੌੜਿਆ ਜਾਂਦਾ ਹੈ। ਕੋਈ ਹੋਰ ਨਾਚ ਗਾਣਾ ਹੋਵੇ, Night ਹੁੰਦੀ ਹੋਵੇ, ਸਾਰੀ ਰਾਤ ਬੈਠੇ ਰਹਿਣਗੇ ਤੇ ਇਨ੍ਹਾਂ ਕਰਮਾਂ ਦਾ ਫਲ ਦੁੱਖ ਹੋਇਆ ਕਰਦਾ ਹੈ। ਸੁਖ, ਇਹਦੇ ਵਿਪਰੀਤ ਸਾਧੂ ਦੀ ਸੰਗਤ ਵਿਚ ਆਉਣਾ, ਗੁਰੂ ਦੀ ਸੰਗਤ ਕਰਨੀ, ਉਹਦੇ ਨਾਲ ਹੁੰਦਾ ਹੈ।

ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ ਇਹ ਸੰਸਾਰ ਅੰਨ੍ਹੇ ਖੂਹ ਦੇ ਵਿਚ ਡੁਬਦਾ ਫਿਰਦਾ ਹੈ, ਗੋਤੇ ਖਾਂਦਾ ਹੈ - ਅੰਨ੍ਹੇ ਖੂਹ 'ਚ, ਜਿਥੇ ਹਨ੍ਹੇਰਾ ਹੀ ਹਨ੍ਹੇਰਾ ਪਿਆ ਹੈ, ਹੱਥ ਮਾਰਿਆਂ ਆਪਣੇ ਬੇਗਾਨੇ ਦੀ ਪਹਿਚਾਣ ਨਹੀਂ ਹੁੰਦੀ ਤੇ ਅਰਦਾਸ ਕੀਤੀ ਹੈ ਕਿ ਹੇ ਪ੍ਰਭੂ! ਇਸ ਅੰਧ ਕੂਪ ਦੇ ਵਿਚੋਂ ਗਿਰਿਆਂ ਹੋਇਆਂ ਨੂੰ ਸਾਨੂੰ ਕੱਢ। ਉਹਦੇ ਕੱਢਣ ਦਾ ਇਹੀ ਸੁਖਾਲਾ ਤਰੀਕਾ ਹੈ ਕਿ ਪਉੜੀ ਮਿਲ ਜਾਵੇ ਸਤਿਸੰਗ ਦੀ, ਹੱਥ ਪੈ ਜਾਵੇ ਇਹਨੂੰ ਹਨ੍ਹੇਰੇ ਖੂਹ ਵਿਚੋਂ, ਫੇਰ ਆਦਮੀ ਹੌਲੀ-ਹੌਲੀ ਨਿਕਲ ਆਉਂਦਾ ਹੈ। ਆਦਮੀ ਦੁਖੀ ਹੈ, ਸੁਖੀ ਨਹੀਂ ਹੋ ਸਕਦਾ। ਸੁਖੀ ਹੋਣ ਦਾ ਮਹਾਰਾਜ ਜੀ ਨੇ ਇਸ ਹੁਕਮਨਾਮੇ ਦੇ ਅੰਦਰ ਫੁਰਮਾਨ ਕੀਤਾ ਹੈ ਕਿ ਜਦੋਂ ਆਦਮੀ ਆਪਣੀ ਅਪਣੱਤ ਦੇ ਵਿਚ ਆਉਂਦਾ ਹੈ, 'ਮੈਂ' ਕਹਿੰਦਾ ਹੈ, 'ਮੈਂ' ਨੂੰ ਪੱਠੇ ਪਾਉਂਦਾ ਹੈ, 'ਮੈਂ' ਦੇ ਵਿਚ ਰਹਿੰਦਾ ਹੈ ਫੇਰ ਇਸ ਨੂੰ ਸਾਰੀਆਂ ਹੀ ਬਿਮਾਰੀਆਂ ਚਿੰਬੜ ਜਾਂਦੀਆਂ ਹਨ। ਜਿੰਨੇ ਵੀ ਦੁਨੀਆਂ ਭਰ ਦੇ ਵਿਘਨ, ਜਿੰਨੀਆਂ ਵੀ ਪਰੇਸ਼ਾਨੀਆਂ, ਜਿੰਨੀਆਂ frustrations (ਮਾਯੂਸੀਆਂ) ਹਨ, ਜਿੰਨੇ ਘਾਟੇ, ਇਹਨੂੰ ਚਿੰਬੜਦੇ ਹੀ ਚਲੇ ਜਾਂਦੇ ਨੇ, ਜਿਉਂ-ਜਿਉਂ 'ਮੈਂ' ਕਹਿੰਦਾ ਹੈ। ਜਦ 'ਮੈਂ' ਕਹਿੰਦੇ, ਇਹਦੇ ਨਾਲ ਕਰਮ ਚਿੰਬੜਨੇ ਸ਼ੁਰੂ ਹੋ ਜਾਂਦੇ ਹਨ - ਚੰਗੇ ਕਰਮ ਵੀ ਤੇ ਮਾੜੇ ਕਰਮ ਵੀ। ਜਦੋਂ 'ਮੈਂ' ਵਿਚੋਂ ਕਹਿੰਦਾ ਹੈ ਕਿ ਹੁਕਮ ਹੈ ਵਾਹਿਗੁਰੂ ਦਾ, ਤਾਂ ਇਹ ਗੱਲ ਉਤੋਂ-ਉਤੋਂ ਹੀ ਕਹਿੰਦਾ ਹੈ, ਅੰਦਰ 'ਮੈਂ' ਕਰਦਾ ਹਾਂ, ਮੈਂ ਕੀਤਾ ਹੈ ਦੀ ਭਾਵਨਾ ਹੋਇਆ ਕਰਦੀ ਹੈ। ਅੰਦਰੋਂ ਨਹੀਂ ਕਹਿੰਦਾ। ਮਹਾਰਾਜ ਕਹਿੰਦੇ ਹਨ -

*ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥*
*ਅੰਗ - ੯੩੦*

ਹੈਗੇ ਤਾਂ ਹਉਮੈ ਵਿਚ ਪਰ ਮੂੰਹ ਦੇ ਨਾਲ ਇਕ-ਇਕ ਕਹੀ ਜਾਂਦੇ ਨੇ। ਜਿੰਨੀ ਦੇਰ ਤਕ ਇਹ ਅਵਸਥਾ ਹੈ ਓਨੀ ਦੇਰ ਤਕ ਗੱਲ ਬਣਦੀ ਨਹੀਂ ਹੈ। ਸੋ ਓਨਾਂ ਚਿਰ ਪਰੇਸ਼ਾਨੀਆਂ ਨਹੀਂ ਹਟਦੀਆਂ, ਜੰਮਣ ਮਰਨ ਨਹੀਂ ਹੱਟਦਾ, ਪਾਪ ਪੁੰਨ ਦਾ ਬੀਜ ਨਹੀਂ ਮਰਦਾ ਤੇ ਜਿੰਨਾਂ ਚਿਰ ਪਾਪ ਤੇ ਪੁੰਨ ਦਾ ਬੀਜ ਨਹੀਂ ਖਤਮ ਹੁੰਦਾ ਓਨੀ ਦੇਰ ਤਕ ਆਦਮੀ ਜੰਮਦਾ ਰਹੇਗਾ, ਮਰਦਾ ਰਹੇਗਾ, ਵਿਛੜਦਾ ਰਹੇਗਾ, ਮਿਲਦਾ ਰਹੇਗਾ, frustrate (ਮਾਯੂਸ) ਹੁੰਦਾ ਰਹੇਗਾ, ਕ੍ਰੋਧ 'ਚ ਆਏਗਾ, ਕਿਉਂਕਿ 'ਮੈਂ' ਹੈ ਉਹਦੇ ਅੰਦਰ।

ਸੋ 'ਮੈਂ' ਸਾਰੀਆਂ ਚੀਜ਼ਾਂ ਦਾ ਮੂਲ ਹੈ। 'ਮੈਂ' ਦੇ ਵਿਚ ਮੋਟੀਆਂ ਤਿੰਨ ਚੀਜ਼ਾਂ ਹੁੰਦੀਆਂ ਨੇ - ਇਕ ਮਨ ਹੁੰਦਾ ਹੈ, ਇਕ ਤਨ ਹੁੰਦਾ ਹੈ, ਇਕ ਧਨ ਹੁੰਦਾ ਹੈ। ਇਹ ਤਿੰਨਾਂ ਚੀਜ਼ਾਂ ਨੂੰ 'ਮੇਰੀ' ਕਹਿੰਦਾ ਹੈ। ਮੇਰਾ ਮਨ, ਮੇਰਾ ਤਨ, ਮੇਰਾ ਧਨ; ਮੇਰੀ ਦੇ ਨਾਲ, ਇਹਦੀਆਂ ਤਿੰਨਾਂ ਚੀਜ਼ਾਂ ਵਿਚ ਦੁੱਖ ਭਰੇ ਪਏ ਨੇ, ਬੇਅੰਤ ਦੁਖ ਨੇ। ਇਹਦੇ ਬਾਰੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਇਹਦਾ ਇਕੋ ਇਕ ਤਰੀਕਾ ਹੈ, ਜੇ ਕਿਸੇ ਨੂੰ ਇਹ ਸਚਮੁੱਚ ਸੋਝੀ ਪੈ ਜਾਵੇ ਤੇ ਇਹ ਮੰਨ ਲਵੇ ਗੁਰੂ ਦੇ ਬਚਨ ਨੂੰ, ਫੇਰ ਇਹ ਉਸੇ ਵੇਲੇ ਸੁਖ ਹੋ ਸਕਦਾ ਹੈ। ਉਹ ਇਹ ਹੈ ਕਿ ਇਸ 'ਮੈਂ, ਮੇਰੀ' ਦੀ ਛਿਟ ਨੂੰ ਲਾ ਕੇ ਗੁਰੂ ਦੇ ਚਰਨਾਂ 'ਚ ਧਰ ਦਿਓ। ਤਿੰਨ ਚੀਜ਼ਾਂ ਨੇ - ਮਨ ਹੈ ਮੇਰਾ, ਤਨ ਹੈ ਤੇ ਧਨ ਹੈ। ਤਿੰਨਾਂ ਨੂੰ ਲਾਹ ਕੇ, 'ਮੇਰੇ' ਨੂੰ ਲਾਹ ਦਿਓ, ਫੇਰ ਬਾਕੀ ਕੀ ਰਹਿ ਗਿਆ? ਬਾਕੀ ਇਕ ਹੋਂਦ ਜਿਹੀ ਰਹਿ ਜਾਂਦੀ ਹੈ ਪਿੱਛੇ, ਜਿਹਨੂੰ 'ਮੈਂ' ਕਹਿ ਲਓ। ਜਦੋਂ ਹੋਂਦ ਨੂੰ ਅਸੀਂ ਦੇਖਦੇ ਹਾਂ ਇਹ ਹੋਂਦ ਸੱਚੀ ਨਹੀਂ ਹੈ, ਇਹਦੀ ਜੜ੍ਹ ਕੋਈ ਨਹੀਂ ਹੈ। ਇਹ ਨਿਰੰਕਾਰ ਦੀ ਸੱਤਾ ਦੇ ਨਾਲ 'ਮੈਂ' ਬਣੀ ਹੋਈ ਹੈ। ਜਦੋਂ ਤਿੰਨ ਚੀਜ਼ਾਂ ਅਤੇ 'ਮੇਰੀ' ਲਹਿ ਗਈ ਇਹਦੀ, ਫੇਰ ਅੱਧਾ ਖਾਤਮਾ ਹੋ ਗਿਆ ਏਹਦੇ ਦੁਖਾਂ ਦਾ, ਤੇ ਜਿਸ ਵਕਤ ਇਹਨੂੰ ਇਹ ਗਿਆਨ ਹੋ ਗਿਆ ਕਿ ਮੈਂ ਤਾਂ ਸਾਖੀ ਸਰੂਪ ਹਾਂ ਸਰੀਰ ਦਾ, ਦੇਖਣ ਵਾਲਾ ਹਾਂ। ਐਹੋ ਜਿਹੇ ਕਰੋੜਾਂ ਸਰੀਰਾਂ ਦੇ ਵਿਚੋਂ ਮੈਂ ਘੁੰਮ ਕੇ ਆਇਆ ਹਾਂ, ਕਿਉਂ ਘੁੰਮਦਾ ਫਿਰਦਾ ਹਾਂ ਮੈਂ, ਕਿਉਂਕਿ ਮੇਰੇ ਗਲੋਂ ਇਹ ਗੱਲ 'ਮੈਂ' ਤੇ 'ਮੇਰੀ' ਦੀ ਸੂਝ ਨਹੀਂ ਲਹਿੰਦੀ। ਕਿਉਂ ਮੈਂ ਟਿਕ ਕੇ ਨਹੀਂ ਬੈਠਦਾ? ਤੇ ਉਸ ਵੇਲੇ ਖਿਆਲ ਆਉਂਦਾ ਹੈ ਮਹਾਂਪੁਰਸ਼ ਦਸਦੇ ਹਨ ਕਿ ਗੱਲ ਕੋਈ ਨਹੀਂ ਹੈ, ਤੈਨੂੰ ਪਰਮ ਅਵਸਥਾ ਪ੍ਰਾਪਤ ਹੋਣ ਦਾ ਇਕੋ ਇਕ ਸਾਧਨ ਹੈ ਕਿ ਤੂੰ ਹੰਗਤਾ ਤੇ ਮਮਤਾ ਇਹ ਚੀਜ਼ਾਂ ਲਾਹੁਣੀਆਂ ਸ਼ੁਰੂ ਕਰ। ਪਹਿਲਾਂ ਤਾ ਮੋਟਾ ਜਿਹਾ ਹਿਸਾਬ ਹੈ, ਗੁਰੂ ਕੋਈ ਬੇ-ਇਨਸਾਫੀ ਨਹੀਂ ਕਰਦਾ। ਜੇ ਅਸੀਂ ਗੁਰੂ ਨੂੰ ਦੇ ਦੇਈਏ, 'ਮੈਂ' ਵੀ ਦੇ ਦੇਈਏ, ਤਨ ਦੇ ਦੇਈਏ, ਮਨ ਦੇ ਦੇਈਏ, ਧਨ ਦੇ ਦੇਈਏ, ਤਿੰਨਾਂ ਦੇ ਵਿਚ ਕੀ ਹੁੰਦਾ ਹੈ ਜਿਹੜਾ ਮਨ ਆਦਿ ਦਾ ਸੰਗ੍ਰਹਿ ਹੈ ਇਹਨੂੰ ਅੰਤਸ਼ਕਰਣ ਕਹਿੰਦੇ ਨੇ। ਕਿਉਂਕਿ ਮਨ ਤਾਂ ਜਿਹੜਾ ਹੈ ਫੁਰਨੇ ਕਰਨ ਵਾਲਾ ਹੈ, ਬੁੱਧੀ ਵੀ ਜਿਹੜੀ ਹੈ ਇਹ ਵੀ ਬਹੁਤ ਖਰਾਬ ਕਰਦੀ ਹੈ ਆਦਮੀ ਨੂੰ। ਜਿੰਨਾਂ ਚਿਰ ਆਦਮੀ ਬੁੱਧੀ ਦੇ ਵਿਚ ਹੈ ਓਨਾਂ ਚਿਰ 'ਮੈਂ' ਉਹਦੇ ਨਾਲ ਹੈ। ਉਹਦੇ ਨਾਲ ਮੇਰੀ ਬੁੱਧੀ ਹੈ, ਮੇਰਾ ਚਿਤ ਹੈ। ਜਦੋਂ ਇਹ ਸਾਰੀਆਂ ਚੀਜ਼ਾਂ ਨੂੰ ਚੁੱਕ ਕੇ ਗੁਰੂ ਦੇ ਚਰਨਾਂ 'ਚ ਦੇ ਦੇਵੇਗਾ -

ਜਦੋਂ ਇਮਾਨਦਾਰੀ ਨਾਲ ਕਰ ਦਿਤਾ, ਉਸ ਵੇਲੇ ਆਪਣਾ ਤਾਂ ਫੇਰ ਕੁਛ ਵੀ ਬਾਕੀ ਨਹੀਂ ਬਚਦਾ। ਫੇਰ ਉਹਦੀ ਅਵਸਥਾ, ਬੈਠ ਕੇ ਕਦੇ ਅਭਿਆਸ ਕਰਕੇ ਦੇਖਿਓ, ਸਭ ਕੁਛ ਦੇ ਦਿਓ ਗੁਰੂ ਨੂੰ - 'ਮੈਂ' ਸਾਖੀ ਸਮੇਤ, ਆਪ ਦੇਖਿਓ ਕਿ ਅਸੀਂ ਬਾਕੀ ਕੀ ਰਹਿੰਦੇ ਹਾਂ ਪਿੱਛੇ। ਉਸ ਵੇਲੇ ਗੁਰੂ ਕ੍ਰਿਪਾ ਕਰਕੇ ਪੂਰਨ ਗਿਆਨ ਹੋ ਜਾਇਆ ਕਰਦਾ ਹੈ - ਥੋੜ੍ਹੀ ਜਿਹੀ ਦੇਰ ਦੇ ਅੰਦਰ, ਕਿਉਂਕਿ ਫੇਰ ਗੁਰੂ ਮਿਹਰ ਕਰਦਾ ਹੈ। ਗੁਰੂ ਕੋਈ stone (ਪੱਥਰ) ਨਹੀਂ ਹੈ ਕਿ ਇਹ ਤੁਹਾਡੀਆਂ ਚੀਜ਼ਾਂ ਲੈ ਕੇ ਤੁਹਾਨੂੰ ਕੁਛ ਨਹੀਂ ਦੇਵੇਗਾ। ਤੁਹਾਨੂੰ ਉਹ ਚੀਜ਼ ਦਏਗਾ ਜਿਹੜੀ ਗੁਰੂ ਦੇ ਕੋਲ ਹੋਇਆ ਕਰਦੀ ਹੈ ਲੇਕਿਨ ਉਹਦੇ ਵਿਚ 'ਮੈਂ' ਫੇਰ ਫਸ ਜਾਂਦੀ ਹੈ। ਜਦੋਂ ਅਸੀਂ 'ਮੈਂ' ਨੂੰ ਵੀ ਦੇ ਦਿੰਦੇ ਹਾਂ ਫੇਰ ਪਰਮ ਅਨੰਦ ਹੋ ਜਾਇਆ ਕਰਦਾ ਹੈ, ਪਰਮ ਮੋਨ ਹੋ ਜਾਇਆ ਕਰਦਾ ਹੈ। ਇਹ ਗੱਲਾਂ ਸਮਝਣੀਆਂ ਥੋੜ੍ਹੀਆਂ ਜਿਹੀਆਂ ਔਖੀਆਂ ਨੇ, ਅਭਿਆਸ ਦੇ ਨਾਲ ਸਮਝ 'ਚ ਆਉਂਦੀਆਂ ਨੇ।

ਰਾਜਾ ਜਨਕ ਬਹੁਤ ਦੁਖੀ ਹੋ ਰਿਹਾ ਸੀ। ਅੱਠ ਸਾਲ ਤੋਂ ਇਕ ਸੁਪਨੇ ਦੇ ਨਾਲ ਪੀੜਿਤ ਸੀ। ਨਾ ਤਾਂ ਕਿਸੇ ਨੂੰ ਦਸਦਾ ਸੀ ਕਿ ਮੈਨੂੰ ਕੀ ਹੋ ਗਿਆ ਹੈ, ਕੀ ਮੈਂ ਪੁੱਛਣਾ ਚਾਹੁੰਦਾ ਹਾਂ ਤੇ ਉਹਦਾ ਦਿਮਾਗ ਨਾ ਤਾਂ ਚੰਗੀ ਤਰ੍ਹਾਂ ਸੁਚੇਤ ਸੀ, ਨਾ ਪੂਰੀ ਤਰ੍ਹਾਂ ਪਾਗਲ ਸੀ। ਵਿਚ-ਵਿਚਾਲੇ ਦੋਹਾਂ ਦੇ ਆ ਗਿਆ ਤੇ ਇਕ ਐਸਾ ਅਧਿਆਸ ਬੈਠ ਗਿਆ ਕਿ ਜੋ ਭਿਆਨਕ ਸੁਪਨਾ ਦੇਖਿਆ, ਰਾਜ ਭਾਗ ਜਾਂਦਾ ਦੇਖਿਆ, ਲੋਕਾਂ ਕੋਲੋਂ ਬੇਇਜ਼ਤੀ ਹੁੰਦੀ ਦੇਖੀ ਤੇ ਆਪਣੀ ਹੱਦ ਤੋਂ ਜ਼ਿਆਦਾ ਗ਼ਰੀਬੀ ਦੀ ਹਾਲਤ ਦੇਖੀ, ਮਜ਼ਬੂਰੀ ਦੀ ਹਾਲਤ ਦੇਖੀ ਤੇ ਦੂਸਰੇ ਪਾਸੇ ਤਖ਼ਤ ਤੇ ਬੈਠਾ ਹੈ -

*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ ॥* ਅੰਗ - ੬੫੯

ਰਾਜ ਤਾਂ ਉਹਦੇ ਕੋਲ ਸੀਗਾ ਲੇਕਿਨ ਰਾਜ ਹੁੰਦੇ ਹੋਏ ਵੀ ਉਹਨੂੰ ਇਹ ਅਧਿਆਸ ਹੋ ਗਿਆ ਕਿ

ਮੇਰਾ ਰਾਜ ਜਾਂਦਾ ਰਿਹਾ ਤੇ ਹੁਣ ਮੈਂ ਜਿਹੜੀ ਅਵਸਥਾ ਦੇ ਵਿਚ ਹਾਂ, ਮੈਂ ਜਿਹੜਾ ਜਾਗ ਕੇ ਲੋਕਾਂ ਨਾਲ ਗੱਲ ਕਰਦਾ ਹਾਂ, ਕਿਤੇ ਇਹ ਸੁਪਨਾ ਤਾਂ ਨਹੀਂ ਹੈ। ਇਹ ਸੱਚਾ ਹੈ ਕਿ ਉਹ ਸੱਚਾ ਹੈ? ਇਹ ਫੈਸਲਾ ਨਹੀਂ ਕਰ ਸਕਦਾ, ਅੱਠ ਸਾਲ ਲੰਘ ਗਏ। ਵੱਡੇ-ਵੱਡੇ ਵਿਦਵਾਨ ਸਾਰੇ ਭਾਰਤ ਵਰਸ਼ ਦੇ ਮੰਗਾ ਲਏ। ਬਹੁਤ ਸੇਵਾ ਕਰਦਾ ਹੈ। ਖਾਤਰ ਬਹੁਤ ਜ਼ਿਆਦਾ ਕਰਦਾ ਹੈ। ਪਿਛੇ ਉਨ੍ਹਾਂ ਦੇ ਪਰਿਵਾਰਾਂ ਨੂੰ ਪੈਸੇ ਭੇਜਦਾ ਹੈ ਜਿਥੇ-ਜਿਥੇ ਤੋਂ ਵਿਦਵਾਨ ਆਏ ਨੇ, ਲੇਕਿਨ ਇਹ ਬੇਨਤੀ ਕਰਦਾ ਹੈ ਕਿ ਮਹਾਰਾਜ! ਜਦ ਤਕ ਤੁਸੀਂ ਮੇਰੇ ਇਸ ਸਵਾਲ ਦਾ ਜਵਾਬ ਨਹੀਂ ਦਿੰਦੇ, ਓਨੀ ਦੇਰ ਤਕ ਤੁਸੀਂ ਜਾ ਨਹੀਂ ਸਕਦੇ।

ਸੋ ਇਕ ਬੁੱਧੀਵਾਨ ਬਾਲਕ, ਜਿਸ ਦੇ ਅੰਦਰ ਕੁਦਰਤੀ ਤੌਰ ਤੇ ਪ੍ਰਕਾਸ਼ ਸੀ। ਛੋਟੀ ਜਿਹੀ ਉਮਰ ਦਾ, ਅੱਠ-ਨੌਂ ਸਾਲ ਦਾ ਜਾਂ ਦਸ ਸਾਲ ਦਾ, ਕਿਸ਼ੋਰ ਅਵਸਥਾ ਦਾ ਬਾਲਕ ਲਿਖਿਆ ਹੈ ਕਿ ਉਸ ਨੇ ਜਦ ਗੱਲ ਸੁਣੀ ਤੇ ਨਾਲ ਇਹ ਵੀ ਸੁਣਿਆ ਕਿ ਉਹ ਨਾਲ ਇਕ ਸਵਾਲ ਕਰਦਾ ਹੈ ਕਿ 'ਇਹ ਸੱਚਾ ਕਿ ਉਹ ਸੱਚਾ? ਉਸ ਵੇਲੇ ਕਹਿਣ ਲੱਗਿਆ ਇਹ ਤਾਂ ਕੋਈ ਗੱਲ ਹੀ ਨਹੀਂ ਹੈ। ਐਡੇ-ਐਡੇ ਵਿਦਵਾਨ ਬੈਠੇ ਨੇ ਭਾਰਤ ਵਰਸ਼ ਦੇ, ਜਿਨ੍ਹਾਂ ਦੇ ਵੱਡੇ-ਵੱਡੇ ਭਾਸ਼ ਲਿਖੇ ਹੋਏ ਨੇ - ਵੇਦਾਂ ਤੇ, ਸਿਮ੍ਰਤੀਆਂ ਤੇ, ਉਪਨਿਸ਼ਦਾਂ ਤੇ, ਉਹ ਇਹ ਨਿੱਕੀ ਜਿਹੀ ਗੱਲ ਦਾ ਜਵਾਬ ਕਿਉਂ ਨਹੀਂ ਦੇ ਸਕਦੇ। ਮਾਂ ਨੂੰ ਕਹਿਣ ਲੱਗਿਆ ਕਿ ਮੈਨੂੰ ਭੇਜ। ਪਾਲਕੀ ਤਿਆਰ ਕਰਾ ਕੇ ਰਾਜਾ ਜਨਕ ਦੀ ਰਾਜਧਾਨੀ ਮਿਥਲਾਪੁਰੀ 'ਚ ਆ ਜਾਂਦਾ ਹੈ। ਉਥੇ ਆ ਕੇ ਉਹਨੇ ਕਿਹਾ ਕਿ ਮੈਂ ਸਵਾਲ ਦਾ ਜਵਾਬ ਦੇਣ ਆਇਆ ਹਾਂ। ਛੋਟਾ ਜਿਹਾ ਬੱਚਾ ਹੈ, ਸਰੀਰ ਵਿਚ ਅੱਠ ਵਲ ਪੈਂਦੇ ਨੇ। ਸਭਾ ਲਗ ਜਾਂਦੀ ਹੈ। ਜਿਸ ਵਕਤ, ਸਭਾ ਲੱਗੀ ਤੋਂ ਬਾਅਦ ਇਹ ਬੱਚਾ ਸਿੰਘ ਦੁਆਰ ਪਉੜ ਦੇ ਉਤੋਂ ਚੜ੍ਹ ਕੇ ਰਾਜ ਦਰਬਾਰ ਵਿਚ ਨੂੰ ਆਉਂਦਾ ਹੈ ਤਾਂ ਇਹਦੇ ਸਰੀਰ ਵਿਚ ਅੱਠ ਵਲ ਪੈਂਦੇ ਨੇ। ਝਾਕਦਾ ਕਿਧਰੇ ਨੂੰ ਹੈ, ਪੈਰ ਕਿਸੇ ਪਾਸੇ ਨੂੰ ਰਖਦਾ ਹੈ, ਹੱਥ ਕਿਧਰੇ ਨੂੰ ਹਿਲਾਉਂਦਾ ਹੈ ਤੇ ਏਸ ਤਰ੍ਹਾਂ ਦੇ ਨਾਲ ਕਦੇ ਕੋਈ ਅੰਗ ਹਿਲਦਾ ਹੈ, ਕਦੇ ਕੋਈ ਅੰਗ ਹਿਲਦਾ ਹੈ - ਸਰੀਰ ਦਾ। ਇਹ ਦੇਖ ਕੇ ਜਿੰਨੀ ਸਭਾ ਬੈਠੀ ਸੀ - ਵੱਡੇ-ਵੱਡੇ ਮਹਾਂਪੁਰਸ਼ਾਂ ਦੀ, ਜਿਨ੍ਹਾਂ ਦੇ ਮਨ ਵਿਚ ਹੁਣ ਤੋਂ ਥੋੜ੍ਹੀ ਦੇਰ ਪਹਿਲਾਂ ਇਹ ਸ਼ਰਧਾ ਸੀ, ਜਗਿਆਸਾ ਸੀ ਕਿ ਉਹ ਬੱਚਾ ਕਿਹੜਾ ਹੋਇਆ, ਜਿਹੜਾ ਐਡਾ ਵੱਡਾ ਪ੍ਰਸ਼ਨ ਹੱਲ ਕਰ ਦਏਗਾ ਜਿਹੜਾ ਸਾਡੇ ਤੋਂ ਨਹੀਂ ਹੋ ਰਿਹਾ? ਅੱਠ ਸਾਲ ਤੋਂ ਅਸੀਂ ਲਗਾਤਾਰ ਇਕੱਠੇ ਹੋ ਕੇ ਮੀਟਿੰਗਾਂ ਕਰਦੇ ਹਾਂ, ਗੋਸ਼ਟੀਆਂ ਕਰਦੇ ਹਾਂ ਤੇ ਕਿਸ ਨੂੰ ਵੀ ਇਹਦਾ ਜਵਾਬ ਨਹੀਂ ਆ ਰਿਹਾ ਤੇ ਇਹ ਬੱਚਾ ਕਿਵੇਂ ਦੇ ਦੇਵੇਗਾ? ਬੜੀ ਭਾਰੀ ਸਾਰਿਆਂ ਦੇ ਮਨਾਂ 'ਚ ਜਗਿਆਸਾ ਸੀ ਲੇਕਿਨ ਉਸ ਬੱਚੇ ਦੀ ਜਦ ਸ਼ਕਲ ਦੇਖੀ ਤੇ ਉਹਦੇ ਸਰੀਰ ਨੂੰ ਵਿੰਗ ਪੈਂਦਾ ਦੇਖਿਆ, ਉਸ ਵੇਲੇ ਸਾਰਿਆਂ ਦੇ ਬੁੱਲ੍ਹਾਂ 'ਤੇ ਹਾਸਾ ਆ ਗਿਆ ਤੇ ਉੱਚੀ ਹਸ ਪਏ, ਖਿੜ-ਖਿੜਾ ਕੇ ਹੱਸ ਪਏ। ਹੱਸਣ ਦੀ ਦੇਰ ਸੀ ਤਾਂ ਅਸ਼ਟਾਵਕਰ ਨੇ ਸਮਝ ਲਿਆ ਕਿ ਏਸ ਸਭਾ ਦੇ ਅੰਦਰ ਕੋਈ ਆਤਮਦਰਸ਼ੀ ਨਹੀਂ ਬੈਠਾ, ਸਾਰੇ ਚਰਮ ਦਰਸ਼ੀ ਬੈਠੇ ਨੇ। ਜੋ ਚਰਮ ਦਰਸ਼ੀ ਪੁਰਸ਼ ਹੋਇਆ ਕਰਦਾ ਹੈ, ਉਸ ਨੂੰ ਚਮੜੇ ਦਾ ਵਪਾਰੀ ਆਖਿਆ ਜਾਂਦਾ ਹੈ। ਏਸ ਗੱਲ ਨੂੰ ਅਨੁਭਵ ਕਰਕੇ ਕਿ ਇਹ ਸਭਾ ਵਿਦਵਾਨਾਂ ਦੀ ਨਹੀਂ ਹੈ, ਇਹ ਤਾਂ ਸਾਰੀ ਅਗਿਆਨੀਆਂ ਦੀ ਸਭਾ ਹੈ। ਉਸ ਵੇਲੇ ਇਹ ਵੀ ਹੱਸਣ ਲਗ ਗਿਆ। ਹੋਰ ਤਰ੍ਹਾਂ ਦੇ ਨਾਲ ਹੱਸਣ ਲੱਗਿਆ। ਜਾਂਦੇ-ਜਾਂਦੇ ਕਹਿਣ ਲੱਗਿਆ, "ਰਾਜਨ! ਐਹ ਚਮੜੇ ਦੇ ਵਪਾਰੀਆਂ ਦੇ ਨਾਲ ਤੂੰ ਅੱਠ ਸਾਲ ਦਾ ਲੱਗਿਆ ਹੋਇਆ ਹੈ? ਇਹਨਾਂ ਨੇ ਤੇਰਾ ਕੀ ਮਸਲਾ ਹੱਲ ਕਰਨਾ ਸੀ, ਇਹ ਤਾਂ ਸਾਰੇ ਹੀ ਚਰਮ ਦ੍ਰਿਸ਼ਟੀ ਵਾਲੇ ਨੇ।" ਐਨੀ ਗੱਲ ਜਿਸ ਵਕਤ ਉਨ੍ਹਾਂ ਵਿਦਵਾਨਾਂ ਦੇ ਹਿਰਦੇ 'ਚ ਗਈ, ਸਾਰੇ ਕ੍ਰੋਧਿਤ ਹੋ ਗਏ, ਆਪਣੇ ਆਸਣਾਂ ਤੋਂ ਉਠ ਕੇ ਖੜ੍ਹੇ ਹੋ ਗਏ। ਕੋਈ ਬਾਂਹ ਉਚੀ ਕਰਕੇ ਕਹਿ ਰਿਹਾ ਹੈ, ਕੋਈ ਦੂਜੀ ਤਰ੍ਹਾਂ ਬੋਲ ਰਿਹਾ ਹੈ। ਸਾਰਿਆਂ ਦੇ ਅੰਦਰ ਬੋਲ ਬੁਲਾਰਾ ਹੋ ਗਿਆ ਕਿ ਆਹ ਬੱਚਾ! ਇਹ ਸਾਡੀ ਬੇਇਜ਼ਤੀ ਕਰਨ ਵਾਸਤੇ ਐਥੇ ਬੁਲਾਇਆ ਹੈ? ਕੋਈ ਕਹੇ ਅਸੀਂ ਸਰਾਪ ਦੇਨੇ ਹਾਂ, ਕੋਈ ਕੁਛ ਕਹੇ, ਕੋਈ ਕੁਛ। ਰਾਜੇ ਨੂੰ ਕਹਿਣ ਲੱਗੇ, "ਹੇ ਰਾਜਨ! ਐਸ ਵੇਲੇ ਸਭਾ ਦੀ ਮਰਿਆਦਾ ਨੂੰ ਦੇਖਦੇ ਹੋਏ ਅਸੀਂ ਬਹੁਤਾ ਨਹੀਂ ਬੋਲਣਾ ਚਾਹੁੰਦੇ ਪਰ ਇਹ ਤੇਰੇ ਨਮਿਰਤ ਹੈ ਕਿ ਤੂੰ ਏਸ ਬੱਚੇ ਨੂੰ ਦੰਡ ਦੇਹ ਕਿਉਂਕਿ ਇਸ ਨੇ ਸਾਡੀ ਬੜੀ ਭਾਰੀ ਬੇਇਜ਼ਤੀ ਕਰੀ ਹੈ ਤੇ ਸਾਨੂੰ ਚਰਮ-ਦ੍ਰਿਸ਼ਟੀ, ਚਮਾਰ ਦੇ ਸ਼ਬਦ ਨਾਲ ਸੰਬੋਧਿਤ ਕਰਕੇ ਇਹਨੇ ਸਾਰੇ ਵਿਦਵਾਨਾਂ ਦੀ ਬੇਇਜ਼ਤੀ ਕੀਤੀ ਹੈ।"

ਉਸ ਵੇਲੇ ਰਾਜਾ ਜਨਕ ਨੇ, ਕਿਉਂਕਿ ਸਵਾਲ ਦਾ ਜਵਾਬ ਲੈਣਾ ਸੀ ਏਸ ਕਰਕੇ ਉਹਨੇ ਕਿਹਾ, "ਬ੍ਰਹਮ ਰਿਸ਼ੀ ਜੀ! ਆਪ ਵੀ ਸੁਣ ਰਹੇ ਹੋ ਤੇ ਮੈਂ ਵੀ ਸੁਣ ਰਿਹਾ ਹਾਂ ਤੇ ਸਾਰੇ ਰਿਸ਼ੀ-ਗਣ, ਮਹਾਂਪੁਰਸ਼ ਬੈਠੇ ਨੇ ਇਨ੍ਹਾਂ ਦੇ ਮਨ ਵਿਚ ਆਪ ਦਾ ਸ਼ਬਦ ਸੁਣਨ ਤੋਂ ਬਾਅਦ ਬੜਾ ਭਾਰਾ ਖੇਦ ਹੋਇਆ ਹੈ ਤੇ ਇਸ ਖੇਦ ਕਰਕੇ ਇਹ ਸਾਰੇ ਬੋਲ-ਕਬੋਲ ਬੋਲ ਰਹੇ ਹਨ। ਬਹੁਤ ਜ਼ਿਆਦਾ ਕ੍ਰੋਧਿਤ ਹੋਏ-ਹੋਏ ਨੇ, ਆਪ ਕ੍ਰਿਪਾ ਕਰੋ ਤੇ ਇਨ੍ਹਾਂ ਨੂੰ ਸ਼ਾਂਤ ਕਰੋ ਤੇ ਆਪ ਏਸ ਗੱਲ ਦਾ ਨਿਰਨਾ ਕਰਕੇ ਦੱਸੋ ਕਿ ਆਪ ਨੇ ਇਸ ਸ਼ਬਦ ਦਾ ਪ੍ਰਯੋਗ ਕਿਉਂ ਕੀਤਾ?

ਕਹਿਣ ਲੱਗੇ, "ਰਾਜਨ! ਮੈਂ ਬਿਲਕੁਲ ਸਹੀ ਪ੍ਰਯੋਗ ਕੀਤਾ ਹੈ, ਇਹ ਆਪਣੀ ਬੁੱਧੀ ਤੇ ਮਨਾਂ ਵਿਚ ਵਿਚਾਰ ਕਰਨ। ਦੇਖੋ, ਮੈਂ ਆਇਆ ਤੇ ਇਹ ਹੱਸੇ ਕਿਉਂ ਨੇ? ਪਹਿਲਾਂ ਇਹਨਾਂ ਨੂੰ ਪੁੱਛੋ, ਪਹਿਲਾਂ ਕਿਉਂ ਨਹੀਂ ਹੱਸੇ, ਮੈਨੂੰ ਦੇਖ ਕੇ ਕਿਉਂ ਹੱਸੇ? ਤੇ ਮੈਂ ਆਪਣੇ ਮਨ ਵਿਚ ਇਹ ਜਾਣਿਆ ਕਿ ਜਿਹੜਾ ਮੇਰਾ ਸਰੀਰ ਰੂਪੀ ਵਾਹਨ ਹੈ, ਸਰੀਰ ਹੈ, ਜਿਸਨੂੰ ਮੈਂ ਤੁਹਾਡੇ ਕੋਲ ਲੈ ਕੇ ਆਇਆ ਹਾਂ, ਇਸ ਵਿਚ ਵਲ ਪਏ ਹੋਏ ਨੇ ਤੇ ਮੇਰੀ ਸ਼ਕਲ ਕੋਈ ਸੁੰਦਰ ਨਹੀਂ ਹੈ, ਕਰੂਪ ਸ਼ਕਤ ਹੈ ਤੇ ਕੁਦਰਤੀ ਤੌਰ 'ਤੇ ਆਦਮੀ ਨੂੰ ਹਾਸਾ ਆਉਂਦਾ ਹੈ। ਅਗਿਆਨੀ ਹੱਸ ਲੈਣ ਕੋਈ ਬਾਤ ਨਹੀਂ ਹੁੰਦੀ ਕਿਉਂਕਿ ਉਹ ਤਾਂ ਹੈ ਹੀ ਅਗਿਆਨੀ, ਅੰਨ੍ਹੇ ਨੇ, ਅੰਨ੍ਹਿਆਂ ਦਾ ਗੁੱਸਾ ਨਹੀਂ ਕਰਿਆ ਕਰਦਾ ਸਿਆਣਾ ਬੰਦਾ, ਪਰ ਮੈਨੂੰ ਇਹ ਸੀ ਕਿ ਮੈਂ ਜਿਸ ਸਭਾ ਦੇ ਵਿਚ ਜਾ ਰਿਹਾ ਹਾਂ ਉਹ ਬਹੁਤ ਵੱਡੇ ਭਾਰਤ ਵਰਸ਼ ਦੇ ਵਿਦਵਾਨਾਂ ਦੀ ਸਭਾ ਹੈ। ਵੱਡੇ-ਵੱਡੇ ਰਿਸ਼ੀ-ਮੁਨੀ, ਜਿਨ੍ਹਾਂ ਦੇ ਦਰਸ਼ਨ ਕਰਕੇ ਮਨ ਨੂੰ ਸ਼ਾਂਤੀ ਆਏਗੀ ਤੇ ਮੈਂ ਉਨ੍ਹਾਂ ਦੇ ਦਰਸ਼ਨਾਂ ਲਈ ਪੂਰੀ ਸ਼ਰਧਾ ਦੇ ਨਾਲ ਆ ਰਿਹਾ ਹਾਂ ਪਰ ਜਿਸ ਵਕਤ ਇਨ੍ਹਾਂ ਨੇ ਹਾਸਾ ਕਰਿਆ ਤਾਂ ਮੇਰੇ ਮਨ ਦੇ ਅੰਦਰ ਮੇਰਾ ਨਿਹਚਾ ਜਿਹੜਾ ਸੀ ਉਹਨੂੰ ਠੇਸ ਲੱਗੀ ਤੇ ਮੇਰੇ ਜਿੰਨੇ ਖਿਆਲ ਬਣੇ ਹੋਏ ਸੀ - ਇਨ੍ਹਾਂ ਦੀ ਵਿਦਵਤਾ ਵਾਸਤੇ, ਉਹ ਸਾਰੇ ਵਿਪਰੀਤ ਹੋ ਗਏ ਤੇ ਮੈਂ ਮਨ ਵਿਚ ਖਿਆਲ ਕਰਿਆ ਕਿ ਇਨ੍ਹਾਂ ਨੂੰ ਇਹ ਨਹੀਂ ਪਤਾ - ਐਡੇ-ਐਡੇ ਵਿਦਵਾਨਾਂ ਨੂੰ ਕਿ ਸਰੀਰ ਦੇ ਵਿਚ ਆਤਮਾ ਹੋਇਆ ਕਰਦੀ ਹੈ। ਆਤਮਾ ਦੇ ਵਿਚ ਤਾਂ ਕੋਈ ਵਲ ਨਹੀਂ ਹੋਇਆ ਕਰਦਾ। ਜੇ ਗੰਨਾ ਵਿੰਗਾ ਤੜਿੰਗਾ ਹੋਵੇ, ਤਿੰਨ ਚਾਰ ਉਹਦੇ 'ਚ ਵਲ ਪੈਂਦੇ ਹੋਣ ਪਰ ਉਹਦੇ ਵਿਚ ਦੇ ਰਸ ਵਿਚ ਤਾਂ ਕੋਈ ਵਲ ਨਹੀਂ ਹੁੰਦਾ। ਇਸੇ ਤਰ੍ਹਾਂ ਫੁੱਲ ਅਗੜਾ-ਦੁਗੜਾ ਵੀ ਹੋਵੇ, ਪੱਤੀਆਂ ਉਖੜੀਆਂ ਹੋਣ, ਉਹਦੀ ਸੁਗੰਧੀ ਵਿਚ ਤਾਂ ਕੋਈ ਫਰਕ ਨਹੀਂ ਹੋਇਆ ਕਰਦਾ। ਸੋ ਇਹ ਆਤਮ-ਦ੍ਰਿਸ਼ਟੀ ਤੋਂ ਲਹਿ ਕੇ, ਹੇਠਾਂ ਚਰਮ-ਦ੍ਰਿਸ਼ਟੀ 'ਚ ਹੋਣ ਕਰਕੇ, ਮੈਂ ਇਹ ਸ਼ਬਦ ਦਾ ਪ੍ਰਯੋਗ ਕੀਤਾ ਹੈ ਕਿ ਇਨ੍ਹਾਂ ਨੇ ਚੰਮ ਨੂੰ ਦੇਖਿਆ ਹੈ, ਆਤਮਾ ਨੂੰ ਨਹੀਂ ਦੇਖਿਆ। ਸੋ ਆਤਮ ਵਿਸ਼ੈਣੀ ਬੁੱਧ ਨਾ ਹੋਣ ਕਰਕੇ, ਚਰਮ ਵਿਸ਼ੈਣੀ ਬੁੱਧ ਹੋਣ ਕਰਕੇ ਕੁਦਰਤੀ ਤੌਰ 'ਤੇ ਉਥੇ ਇਹ ਵਿਸ਼ੇਸ਼ਣ ਦੇਣਾ ਬਣਦਾ ਹੈ, ਜੋ ਮੈਂ ਦਿਤਾ ਹੈ। ਇਹ ਵਿਦਵਾਨ ਇਸ ਗੱਲ ਦਾ ਨਿਰਣਾ ਕਰਨ ਤੇ ਮੇਰੇ ਨਾਲ ਅੱਗੇ ਗੱਲ ਕਰਨ।

ਜਦੋਂ ਇਹ ਬਚਨ ਉਸ ਛੋਟੇ ਬੱਚੇ ਤੋਂ ਸੁਣੇ, ਸਾਰੇ ਨੀਵੀਆਂ ਪਾ ਗਏ ਕਿ ਸਾਡੇ ਅੰਦਰ ਕੇਵਲ ਗਿਆਨ ਹੈ। ਜਦੋਂ ਅਸੀਂ ਗੱਲ ਬਾਤ ਕਰਨੀ ਹੁੰਦੀ ਹੈ ਉਸ ਵੇਲੇ ਤਾਂ ਸਾਡਾ ਗਿਆਨ ਉਦੈ ਹੋ ਜਾਂਦਾ ਹੈ ਤੇ ਅਸੀਂ ਵੱਡੇ-ਵੱਡੇ ਮੰਤਕ ਕਹਿੰਦੇ ਹਾਂ, ਲੇਕਿਨ ਸਾਡੇ ਅੰਦਰ ਨਿਹਚੇ ਪੂਰਵਕ ਗਿਆਨ ਨਹੀਂ ਹੈ। ਬੁੱਧੀ ਮੰਡਲ ਦਾ ਗਿਆਨ ਹੈ ਤੇ ਆਤਮ ਮੰਡਲ ਦਾ ਗਿਆਨ ਸਾਨੂੰ ਪ੍ਰਾਪਤ ਨਹੀਂ ਹੋਇਆ। ਅਸੀਂ ਆਤਮਾ ਨੂੰ ਜਾਨਣ ਦਾ ਯਤਨ ਤਾਂ ਕਰਦੇ ਹਾਂ ਪਰ ਜਾਣ ਨਹੀਂ ਸਕੇ। ਥੋੜ੍ਹੀ ਦੇਰ ਵਾਸਤੇ ਮਨ ਦੇ ਫੁਰਨੇ ਨੂੰ ਰੋਕ ਕੇ ਜਦੋਂ ਅਸੀਂ ਖਿਆਲ ਕੇਂਦਰਿਤ ਕਰਦੇ ਹਾਂ, ਓਨਾਂ ਕੁ ਚਿਰ ਸਾਨੂੰ ਆਤਮ ਗਿਆਨ ਰਹਿੰਦਾ ਹੈ ਫੇਰ ਚਰਮ ਗਿਆਨ ਹੋ ਜਾਂਦਾ ਹੈ। ਸੋ ਨੀਵੀਆਂ ਪਾ ਲਈਆਂ ਸਭ ਨੇ। ਉਸ ਵੇਲੇ ਉਸ ਨੇ ਰਾਜੇ ਨੂੰ ਕਿਹਾ ਕਿ ਹੁਣ ਦੱਸੋ, ਕਿਸੇ ਦਾ ਕੋਈ ਇਤਰਾਜ਼ ਹੋਵੇ? ਰਾਜੇ ਨੇ ਪੁੱਛਿਆ ਕਿ ਮਹਾਂਪੁਰਸ਼ੋ! ਹੁਣ ਦੱਸੋ ਆਪ? ਜਦ ਕੋਈ ਜਵਾਬ ਨਾ ਆਇਆ, ਤਾਂ ਉਸ ਵੇਲੇ ਇਹ ਚੰਦਨ ਦੀ ਚੌਂਕੀ ਤੇ ਜਾ ਕੇ ਬੈਠ ਜਾਂਦਾ ਹੈ ਤੇ ਕਹਿਣ ਲੱਗਿਆ ਕਿ ਸਵਾਲ ਕਰੋ? ਸਵਾਲ ਕੀਤਾ ਕਿ 'ਇਹ ਸੱਚਾ ਹੈ ਕਿ ਉਹ ਸੱਚਾ ਹੈ?' ਉਸ ਵੇਲੇ ਉਹਨੇ ਕਿਹਾ, ਰਾਜਨ! ਖੋਲ੍ਹ ਕੇ ਨਹੀਂ ਤੂੰ ਗੱਲ ਕਰ ਰਿਹਾ, ਏਸੇ ਕਰਕੇ ਤੂੰ ਦੁਖੀ ਹੋਇਆ ਹੈਂ। ਵੱਡੇ-ਵੱਡੇ ਮਹਾਤਮਾ ਇਥੇ ਬੈਠੇ ਨੇ ਲੇਕਿਨ ਖੋਲ੍ਹ ਕੇ ਨਾ ਦੱਸਣ ਕਰਕੇ ਇਹ ਜਵਾਬ ਨਹੀਂ ਦੇ ਸਕੇ। ਸੋ ਮੈਂ ਤੇਰਾ ਜਵਾਬ ਉਸੇ ਤਰ੍ਹਾਂ ਨਾਲ ਦਿੰਦਾ ਹਾਂ ਤਾਂ ਕਿ ਤੇਰਾ ਪਰਦਾ ਫਾਸ਼ ਨਾ ਹੋ ਜਾਵੇ। ਉਹ

ਇਹ ਹੈ ਕਿ 'ਇਹ ਵੀ ਝੂਠਾ ਤੇ ਉਹ ਵੀ ਝੂਠਾ।' ਐਨੀ ਗੱਲ ਕਹੀ, ਤਾਂ ਨਾ ਸੁਣਨ ਵਾਲਿਆਂ ਦੇ ਸਮਝ ਵਿਚ ਆਈ, ਨਾ ਕੋਈ ਰਾਜੇ ਜਨਕ ਨੂੰ ਨਿਹਚਾ ਆਇਆ। ਕਹਿਣ ਲੱਗੇ, ਮਹਾਰਾਜ! ਮੈਂ ਪੂਰੀ ਤਰ੍ਹਾਂ ਸਮਝਿਆ ਨਹੀਂ।'' ਅਸ਼ਟਾਵਕਰ ਨੇ ਕਿਹਾ ਕਿ ਰਾਜਨ! ਤੂੰ ਪੂਰੀ ਤਰ੍ਹਾਂ ਗੱਲ ਕਰ, ਜੇ ਤੂੰ ਨਹੀਂ ਕਰਦਾ ਤਾ ਅਸੀਂ ਦਸ ਦਿੰਦੇ ਹਾਂ।

ਅੱਠ ਸਾਲ ਪਹਿਲਾਂ ਤੈਨੂੰ ਇਕ ਸੁਪਨਾ ਆਇਆ ਸੀ। ਰਾਜ ਗੱਦੀ ਤੇਰੀ ਖੋਹ ਲਈ ਸੀ, ਉਸ ਤੋਂ ਬਾਦ ਤੂੰ ਬੇ-ਇੱਜ਼ਤ ਕਰਕੇ ਰਾਜ ਵਿਚੋਂ ਕੱਢ ਦਿਤਾ ਗਿਆ ਸੀ। ਤੂੰ ਬਹੁਤ ਦੁਖ ਪਾਇਆ ਤੇ ਉਹ ਸੁਪਨਾ ਐਨਾ ਗਹਿਰਾ ਚਲਿਆ ਗਿਆ ਕਿ ਤੇਰੇ ਦਿਮਾਗ ਦੇ ਅੰਦਰ ਇਕ ਭਰਮ ਪੈ ਗਿਆ। ਤੇਰਾ ਮਨ ਐਨਾ ਭਰਮ ਦਾ ਬਣ ਗਿਆ ਕਿ ਤੈਨੂੰ ਇਹ ਨਿਰਣਾ ਕਰਨਾ ਔਖਾ ਹੋ ਗਿਆ ਕਿ ਇਹ ਸੱਚਾ ਹੈ ਕਿ ਉਹ ਸੱਚਾ ਹੈ? ਇਹ ਦੋਵੇਂ ਝੂਠੇ ਨੇ। ਜਿੰਨਾਂ ਸੰਸਾਰ ਹੈ, ਚਾਹੇ ਇਹਦੇ ਵਿਚ ਜਾਗ੍ਰਤ ਅਵਸਥਾ ਹੈ, ਜਿਹਨੂੰ ਅਸੀਂ ਕਹਿੰਦੇ ਹਾਂ, ਚਾਹੇ ਸੋਣ ਤੋਂ ਬਾਦ ਕੋਈ ਸੁਪਨ ਅਵਸਥਾ ਹੈ, ਇਹ ਦੋਵੇਂ ਝੂਠੇ ਨੇ। ਐਥੇ ਸਤਿ ਅਵਸਥਾ ਕੇਵਲ ਪ੍ਰਮੇਸ਼ਰ ਦੀ ਹੈ ਕਿਉਂਕਿ ਇਸ ਸੰਸਾਰ ਦੇ ਅੰਦਰ ਨਾ ਕੋਈ ਹੋਇਆ ਹੈ, ਨਾ ਕਿਸੇ ਨੇ ਹੋਣਾ ਹੈ। ਇਹ ਤਾਂ ਅਕਾਲ ਪੁਰਖ ਆਪਣੀ ਖੇਡ ਆਪ ਕਰ ਰਿਹਾ ਹੈ। ਉਹਦੇ ਨਾਲ ਇਹ ਆਦਮੀ 'ਮੈਂ' ਦੇ ਵਿਚ ਜਾਣ ਕਰਕੇ 'ਮੈਂ' ਧਾਰਨ ਕਰ ਲੈਂਦਾ ਹੈ। 'ਮੈਂ' ਧਾਰਨ ਕਰਕੇ ਦੁਖੀ ਹੁੰਦਾ ਹੈ।

ਸੋ ਉਸ ਨੂੰ ਸ਼ਾਂਤੀ ਆ ਗਈ, ਸਾਰਿਆਂ ਨੇ ਧੰਨਵਾਦ ਕਰਿਆ। ਨਾਲ ਦੀ ਨਾਲ ਉਸ (ਰਾਜੇ) ਨੇ ਐਲਾਨ ਕਰਿਆ ਕਿ ਮੈਂ ਅੱਜ ਐਡੀ ਵਿਦਵਾਨ ਸਭਾ ਦੇ ਵਿਚ ਗੁਰੂ ਧਾਰਨ ਕਰਨਾ ਚਾਹੁੰਦਾ ਹਾਂ ਕਿਉਂਕਿ ਇਸ ਮਹਾਂਪੁਰਸ਼ ਨੇ ਦੱਸਿਆ ਹੈ ਕਿ ਤੈਨੂੰ ਦੁੱਖ ਕੇਵਲ ਇਸ ਕਰਕੇ ਐਨਾ ਝੱਲਣਾ ਪਿਆ ਕਿ ਤੂੰ ਅਜੇ ਤੱਕ ਨਿਗੁਰਾ ਹੈ। ਸੋ ਉਸ ਵੇਲੇ ਉਸ ਨੇ ਗੁਰੂ ਧਾਰਨ ਕਰਨ ਵਾਸਤੇ ਐਲਾਨ ਕੀਤਾ ਅਤੇ ਕਿਹਾ ਕਿ ਜਿਹੜਾ ਮੈਨੂੰ ਘੋੜੇ ਤੇ ਪਈ ਕਾਠੀ ਦੀ ਰਕਾਬ ਦੇ ਵਿਚ ਪੈਰ ਧਰ ਕੇ, ਦੂਸਰਾ ਪੈਰ ਧਰ ਕੇ, ਦੂਸਰਾ ਪੈਰ ਰਕਾਬ ਵਿਚ ਪਾਉਣ ਦੇ ਸਮੇਂ ਵਿਚ ਗਿਆਨ ਕਰਾ ਦੇਵੇ, ਉਹ ਮੇਰਾ ਗੁਰੂ ਹੈ। ਘੋੜਾ ਮੰਗਾ ਲਿਆ ਗਿਆ। ਕਿਸੇ ਦੀ ਹਿੰਮਤ ਨਹੀਂ ਪੈਂਦੀ ਕਿ ਜਾ ਕੇ ਚੰਦਨ ਦੀ ਚੌਕੀ ਤੇ ਬੈਠੇ ਤੇ ਇਸ ਨੂੰ ਗਿਆਨ ਕਰਾਵੇ। ਉਸ ਵੇਲੇ ਇਹ ਬੱਚਾ ਫੇਰ ਉਠਿਆ ਤੇ ਇਹਨੇ ਜਾ ਕੇ ਚੰਦਨ ਦੀ ਚੌਂਕੀ ਤੇ ਬੈਠ ਕੇ ਕਿਹਾ ਕਿ, ਰਾਜਨ! ਘੋੜਾ ਮੰਗਾ। ਘੋੜਾ ਮੰਗਾ ਲਿਆ। ਕਹਿੰਦੇ, ਹੁਣ ਦੱਸ। ਕੀ ਕਹਿੰਦਾ ਹੈਂ। ਘੋੜੇ ਦੀਆਂ ਬਾਗਾਂ ਫੜ ਲਈਆਂ ਤੇ ਘੋੜੇ ਦੇ ਬਰਾਬਰ ਖੜ੍ਹਾ ਹੋ ਗਿਆ। ਹੰਨੇ ਨੂੰ ਹੱਥ ਨਾਲ ਫੜ ਲਿਆ ਤੇ ਤਿਆਰ ਹੋ ਗਿਆ ਕਿ ਮੈਂ ਪੈਰ ਪਾ ਕੇ ਦੂਜੇ ਪਾਸੇ ਜਾਵਾਂ। ਨਾਲ ਕਹਿਣ ਲੱਗਿਆ ਕਿ ਮਹਾਰਾਜ! ਮੈਂ ਇਹ ਸ਼ਰਤ ਪੇਸ਼ ਕੀਤੀ ਹੈ ਕਿ ਮੇਰਾ ਗੁਰੂ ਉਹ ਹੋਏਗਾ ਜਿਹੜਾ ਮੈਨੂੰ ਘੋੜੇ ਤੇ ਚੜ੍ਹਦੇ-ਚੜ੍ਹਦੇ ਨੂੰ ਗਿਆਨ ਕਰਾ ਦੇਵੇ। ਕਹਿੰਦੇ, ਠੀਕ ਹੈ। ਰਾਜਾ ਜਨਕ ਘੋੜੇ 'ਤੇ ਚੜ੍ਹਨ ਲੱਗਿਆ। ਕਹਿੰਦੇ, ''ਠਹਿਰ ਜਾ। ਜਦੋਂ ਤੈਨੂੰ ਗਿਆਨ ਹੋ ਗਿਆ, ਉਸ ਵੇਲੇ ਤੇਰੀ ਕੋਈ ਚੀਜ਼ ਨਹੀਂ ਰਹਿਣੀ, ਤੂੰ ਗੁਰੂ ਦਖਸ਼ਣਾ ਕਿੱਥੋਂ ਦੇਵੇਂਗਾ? ਸੋਚਣ ਲੱਗ ਗਿਆ। ਰਾਜਾ ਕਹਿੰਦਾ, ਮਹਾਰਾਜ! ਆਪ ਕ੍ਰਿਪਾ ਕਰੋ। ਕਹਿੰਦੇ, ''ਜਦੋਂ ਗਿਆਨ ਹੋ ਗਿਆ, ਰਾਜ ਨਾਲ ਤੇਰਾ ਲਗਾਓ ਨਹੀਂ ਰਹਿਣਾ, ਪਰਿਵਾਰ ਨਾਲ ਲਗਾਓ ਨਹੀਂ ਰਹਿਣਾ, ਦੁਨੀਆਂ ਨਾਲ ਲਗਾਓ ਨਹੀਂ ਰਹਿਣਾ ਫੇਰ ਤਾਂ ਤੂੰ ਯਥਾਰਥ ਵਿਚ ਪਹੁੰਚ ਜਾਏਂਗਾ ਅਤੇ ਤੱਤ ਦਾ ਤੈਨੂੰ ਗਿਆਨ ਹੋ ਜਾਏਗਾ। ਇਸ ਕਰਕੇ ਤੂੰ ਸਾਨੂੰ ਪਹਿਲਾਂ ਦੱਖਸ਼ਣਾ ਦੇ ਜਾ - ਅਗਿਆਨ ਅਵਸਥਾ 'ਚ, ਕਿਉਂਕਿ ਜਿਹੜਾ ਇਲਾਜ ਹੈ ਇਹ ਸਾਰਾ ਮਹਾਰਾਜ ਕਹਿੰਦੇ -

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥*

*ਅੰਗ - ੪੬੬*

ਹਉਮੈ ਦੀ ਦਾਰੂ ਹਉਮੈਂ ਵਿਚ ਰੱਖੀ ਹੋਈ ਹੈ, ਗਿਆਨ ਵਿਚ ਨਹੀਂ ਹੈ - ਹਉਮੈ ਦੀ ਦਾਰੂ। ਅਗਿਆਨ ਦੇ ਵਿਚ ਹਉਮੈਂ ਦੀ ਦਾਰੂ ਰੱਖੀ ਹੋਈ ਹੈ। ਸੋ ਕਹਿਣ ਲੱਗਿਆ, ''ਦੱਸੋ ਮਹਾਰਾਜ! ਆਪ ਕੀ ਚਾਹੁੰਦੇ ਹੋ।'' ਕਹਿੰਦੇ, ''ਮੈਨੂੰ ਤੂੰ ਤਿੰਨ ਚੀਜ਼ਾਂ ਦੇ-ਦੇ - ਤਨ ਦੇ-ਦੇ, ਮਨ ਦੇ-ਦੇ ਤੇ ਧਨ ਦੇ-ਦੇ।'' ਉਸ ਵੇਲੇ ਜਦੋਂ ਇਸ ਨੇ ਇਸ ਗੱਲ ਦਾ ਨਿਰਣਾ ਰਾਣੀਆਂ ਨਾਲ ਕੀਤਾ ਤੇ ਉਨ੍ਹਾਂ ਨੇ ਕਿਹਾ ਕਿ ਠੀਕ ਹੈ ਤੁਹਾਨੂੰ ਗਿਆਨ ਹੋਣਾ ਚਾਹੀਦਾ ਹੈ ਤੇ ਇਸ ਨੇ ਆ ਕੇ ਤਿੰਨੇ ਚੀਜ਼ਾਂ ਸਮਰਪਣ ਕਰ ਦਿਤੀਆਂ। ਪਾਣੀ ਦੀ ਚੂਲੀ ਲਈ, ਕਹਿੰਦਾ, ਮਹਾਰਾਜ! ਮੇਰਾ ਮਨ, ਤਨ ਤੇ ਧਨ ਤੁਹਾਡਾ ਹੋਇਆ, ਮੇਰਾ ਕੁਛ ਨਾ ਰਿਹਾ - ਹੁਣ ਅੱਜ ਤੋਂ ਬਾਦ।''

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥*

*ਅੰਗ - ੧੩੭੫*

'ਮੇਰੇ' ਦਾ ਜਿਹੜਾ ਰਿਸ਼ਤਾ ਪਿਆ ਹੋਇਆ ਸੀ ਤਨ ਨਾਲ, ਮਨ ਨਾਲ ਤੇ ਧਨ ਨਾਲ, ਉਹਨੇ ਕੱਟ ਦਿਤਾ। ਕੱਟ ਕੇ ਉਸ ਵੇਲੇ ਉਹ ਚੁੱਪ ਕਰਕੇ ਖੜ੍ਹ ਗਏ ਤੇ ਇਹ ਪੈਰ ਚੁੱਕਣ ਲੱਗਿਆ। ਕਹਿੰਦੇ, "ਠਹਿਰ ਰਾਜਨ! ਸਰੀਰ ਦੀ ਹਰਕਤ ਕਿਉਂ ਤੂੰ ਕੀਤੀ ਹੈ? ਕਹਿੰਦਾ, ਮਹਾਰਾਜ! ਮੈਂ ਘੋੜੇ ਤੇ ਚੜ੍ਹਨਾ ਹੈ। ਕਹਿੰਦੇ, ਸੋਚ! ਤੂੰ ਤਿੰਨ ਚੀਜ਼ਾਂ ਮੈਨੂੰ ਦੇ ਦਿਤੀਆਂ - ਸਰੀਰ ਵੀ ਦੇ ਦਿਤਾ। ਹੁਣ ਮੈਂ ਜੇ ਸਰੀਰ ਨੂੰ ਹਿਲਾਵਾਂਗਾ ਤਾ ਹਿਲੇਗਾ, ਧਨ ਦਾ ਘੋੜਾ ਮੈਨੂੰ ਦੇ ਦਿਤਾ ਧਨ ਦੇ ਵਿਚ ਆ ਗਿਆ ਤੇ ਫੁਰਨਾ ਤੂੰ ਮੈਨੂੰ ਦੇ ਦਿਤਾ। ਹੁਣ ਇਹ ਕਿਹੜੀ ਚੀਜ਼ ਹੈ ਤੇਰੇ ਅੰਦਰ, ਜਿਹੜੀ ਤੈਨੂੰ ਇਹ ਕਹਿੰਦੀ ਹੈ ਕਿ ਘੋੜੇ ਦੇ ਉਤੇ ਚੜ੍ਹ। ਨਾ ਤਾਂ ਘੋੜਾ ਤੇਰਾ ਹੈ, ਨਾ ਤਨ ਤੇਰਾ ਹੈ ਅਤੇ ਨਾ ਹੀ ਮਨ ਤੇਰਾ ਹੈ। ਐਨੀ ਗੱਲ ਜਿਸ ਵਕਤ ਅਸ਼ਟਾਵਕਰ ਨੇ ਕਹੀ ਉਸ ਨੂੰ, ਸੱਚਾ ਸੀ ਬੰਦਾ ਦਿਲੋਂ ਚਾਹੁੰਦਾ ਸੀ, ਉਸੇ ਵੇਲੇ ਕੀ ਅਵਸਥਾ ਅਨੁਭਵ ਹੋਈ, ਪੂਰਨ ਇਕਾਂਤ, ਮਹਾਂ ਸੁੰਨ ਵਰਤ ਗਈ, ਫੁਰਨਾ ਖਤਮ ਹੋ ਗਿਆ, ਮਨੋ ਨਾਸ਼ ਹੋ ਗਿਆ, ਵਾਸ਼ਨਾ ਖ੍ਹੈ ਹੋ ਗਈ ਤੇ ਉਸ ਵੇਲੇ ਚੁੱਪ ਕਰਿਆ ਖੜਿਆ ਹੈ। ਐਨੇ ਨੂੰ ਕੋਈ ਬ੍ਰਾਹਮਣ ਸ਼ਿਕਾਇਤ ਕਰਨ ਵਾਲਾ ਆ ਗਿਆ ਤੇ ਉਸ ਨੇ ਆ ਕੇ ਬੇਨਤੀ ਕੀਤੀ ਕਿ ਰਾਜਨ! ਮੇਰੇ ਲੜਕੇ ਦੀ ਸ਼ਾਦੀ ਹੋਈ ਸੀ, ਮੈਂ ਲੰਘ ਰਿਹਾ ਸੀ ਤੇ ਜੰਗਲ 'ਚ ਡਾਕੂਆਂ ਨੇ ਲੁੱਟ ਲਿਆ। ਆਹ ਤੇਰੇ ਸ਼ਹਿਰ ਦੇ ਨੇੜੇ ਹੀ ਡਾਕੂ ਨੇ। ਮੇਰਾ ਧਨ ਤੇ ਸਾਨੂੰ ਸਾਰਿਆਂ ਨੂੰ ਤੰਗ ਕਰਕੇ ਲੁੱਟ ਕੇ ਲਿਜਾ ਰਹੇ ਹਨ। ਕ੍ਰਿਪਾ ਕਰਕੇ ਸਿਪਾਹੀ ਭੇਜੋ। ਰਾਜਾ ਸੁਣ ਨਹੀਂ ਰਿਹਾ ਕੁਝ ਭੀ। ਪੰਦਰਾਂ ਮਿੰਟ ਉਹ ਕਹਿੰਦਾ ਰਿਹਾ ਤੇ ਅਖੀਰ ਪੰਦਰਾਂ ਮਿੰਟਾਂ ਬਾਦ ਉਸ ਨੇ ਬਹੁਤ ਕ੍ਰੋਧਿਤ ਹੋ ਕੇ, ਬਹੁਤ ਭੈੜੇ ਸ਼ਬਦ ਵਰਤਣੇ ਸ਼ੁਰੂ ਕਰ ਦਿਤੇ। ਕਿਹੋ ਜਿਹਾ ਰਾਜਾ ਹੈ, ਕਿਹੋ ਜਿਹਾ ਬੋਲਾ ਹੈ, ਸੁਣਦਾ ਹੈ ਪਰ ਕੁਛ ਨਹੀਂ ਕਰਦਾ। ਇਹਦੇ ਨਾਲੋਂ ਮੰਦਾ ਪਾਪੀ ਬੰਦਾ ਕੌਣ ਹੋ ਸਕਦਾ ਹੈ - ਦੁਨੀਆਂ 'ਚ, ਜਿਹੜਾ ਫਰਿਆਦ ਨਾ ਸੁਣੇ ਤੇ ਧਿਆਨ ਤਕ ਨਹੀਂ ਦਿੰਦਾ, ਟਸ ਤੋਂ ਮਸ ਨਹੀਂ ਹੁੰਦਾ - ਪੱਥਰ ਹੋਇਆ ਖੜ੍ਹਾ ਹੈ। ਅੱਧਾ ਘੰਟਾ ਜਦ ਬੀਤ ਗਿਆ - ਇਸ ਤਰ੍ਹਾਂ, ਉਸ ਵੇਲੇ ਅਸ਼ਟਾਵਕਰ ਨੇ ਉਹਦੇ ਚਿਹਰੇ ਨੂੰ ਪੜ੍ਹਿਆ ਤੇ ਇਹ ਗੱਲ ਜਾਣ ਗਏ ਕਿ ਹਾਂ, ਸੱਚਮੁੱਚ ਇਸ ਨੇ ਤਿੰਨ ਚੀਜ਼ਾਂ -

*ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ ॥*

*ਅੰਗ - ੬੧੦*

ਅਰਪਣ ਕਰ ਦਿਤੀਆਂ ਹਨ ਤੇ ਹੁਣ ਇਹਨੂੰ ਉਹ ਅਵਸਥਾ ਪ੍ਰਾਪਤ ਹੋ ਗਈ ਜਿਸ ਅਵਸਥਾ ਬਾਰੇ ਗੁਰੂ ਮਹਾਰਾਜ ਨੇ ਫੁਰਮਾਨ ਕਰਿਆ ਹੈ -

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ ੧ ॥ ਰਹਾਉ ॥*
*ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥*
*ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥*

*ਅੰਗ - ੬੩੩*

ਇਹ ਸਾਰੀਆਂ ਦੁਵੰਧ ਦੀਆਂ ਅਵਸਥਾ ਖਤਮ ਹੋ ਗਈਆਂ ਇਹਦੀਆਂ। ਉਸ ਵੇਲੇ ਉਸ ਨੇ ਕਿਹਾ ਕਿ ਰਾਜਨ ਘੋੜਾ ਛੱਡ ਦੇ। ਚੜ੍ਹਨ ਦੀ ਲੋੜ ਨਹੀਂ, ਰਕਾਬ ਵਿਚ ਪੈਰ ਰੱਖਣ ਦੀ ਲੋੜ ਨਹੀਂ, ਘੋੜਾ ਛੱਡ ਦੇ, ਤਖਤ ਤੇ ਬਹਿ ਜਾ। ਤਖਤ ਤੇ ਬੈਠ ਗਿਆ। ਕਹਿੰਦੇ, ਹੁਣ ਮੈਂ ਜਿਹੜਾ ਤੇਰਾ ਮਨ ਹੈ, ਹੁਣ ਤੇਰੇ ਸਰੀਰ ਵਿਚ ਇਸ ਨੂੰ ਵਾਪਸ ਭੇਜਦਾ ਹਾਂ ਅਤੇ ਤੇਰਾ ਧਨ ਵੀ ਤੇਰੇ ਸਰੀਰ ਨੂੰ ਵਾਪਸ ਦਿੰਦਾ ਹਾਂ, ਸਰੀਰ ਨੂੰ ਵੀ ਤੇਰੇ ਨੂੰ ਮੈਂ ਤੈਨੂੰ ਦਿੰਦਾ ਹਾਂ ਤੇ ਇਹਦੇ ਨਾਲ ਹੁਣ ਤੂੰ ਰਾਜ ਕਰ, ਤਖਤ 'ਤੇ ਬੈਠ। ਜੋ ਵਿਧਾਨ ਹੈ ਉਹਦੇ ਮੁਤਾਬਿਕ ਚਲ। ਉਸ ਵੇਲੇ ਰਾਜੇ ਜਨਕ ਨੇ ਪੂਰੀ ਤਰ੍ਹਾਂ 'ਮੈਂ' ਤੋਂ ਰਹਿਤ ਹੋ ਕੇ ਆਪਣੇ ਆਤਮ ਸਰੂਪ ਵਿਚ ਸਥਿਤ ਹੋ ਕੇ ਰਾਜ ਕਰਿਆ ਜਿਸ ਬਾਰੇ ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ-

*ਭਗਤ ਵੱਡਾ ਰਾਜਾ ਜਨਕ ਹੈ*
*ਗੁਰਮੁਖ ਮਾਯਾ ਵਿਚ ਉਦਾਸੀ॥*

*ਭਾਈ ਗੁਰਦਾਸ ਜੀ, ਵਾਰ ੧੦/੫*

ਮਾਇਆ 'ਚੋਂ ਉਦਾਸ ਕਿਉਂ ਹੋ ਗਿਆ ਕਿਉਂਕਿ ਉਸ ਨੇ ਹੰਗਤਾ ਮਮਤਾ ਛੱਡ ਦਿਤੀ, ਗੁਰੂ ਦੀ ਬਣਾ ਦਿਤੀ, ਆਪਣੀ ਨਹੀਂ ਮੁੜ ਕੇ ਬਣਾਈ। ਸੋ ਇਹ ਜੋ ਸ਼ਬਦ ਹੈ, ਛੋਟੀ ਜਿਹੀ ਲਾਈਨ ਹੈ -

*ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ ॥*

*ਅੰਗ - ੬੧੦*

ਇਹਦੇ ਵਿਚ ਐਡੀ deep Philosophy (ਡੂੰਘਾ

ਦਰਸ਼ਨ) ਹੈ। ਜੇ ਅਸੀਂ ਇਕੋ ਹੀ ਤੁੱਕ ਅਪਣਾਅ ਲਈਏ ਮੇਹਨਤ ਕਰ-ਕਰ ਕੇ, ਸਾਧਨ ਕਰ-ਕਰ ਕੇ, ਪਤਾ ਨਹੀਂ ਇਕ ਜਨਮ ਲੱਗੇ ਜਾਂ ਦੋ ਜਨਮ ਲੱਗਣ ਜਾਂ ਤਿੰਨ ਜਨਮ ਲੱਗਣ। ਇਕੋ ਤੁੱਕ ਨੂੰ ਅਸੀਂ ਜੇ ਕਮਾ ਲਈਏ, ਆਪਣੇ 'ਚੋਂ ਅਪਣੱਤ ਕੱਢ ਦੇਈਏ ਬਾਕੀ ਜਿਹੜਾ ਸਾਡਾ ਅਸਲੀ ਸਤਾ ਮਾਤ੍ਰ ਆਤਮ ਸਰੂਪ ਹੈ ਉਹ ਕੇਵਲ ਸਾਖਸ਼ੀ ਸਰੂਪ ਹੈ, ਸਾਖੀ ਜਿਹਨੂੰ ਕਹਿੰਦੇ ਨੇ, ਉਹ ਦੇਖਣ ਵਾਲਾ ਹੈ, ਸਰੀਰ ਨੂੰ ਚਲਾ ਰਿਹਾ ਹੈ, ਸੱਤਾ ਦੇ ਰਿਹਾ ਹੈ। ਜਦੋਂ ਇਹ ਆਤਮ ਸੱਤਾ ਸਰੀਰ ਵਿਚ ਸੋਝੀ ਪੈਦਾ ਕਰਦੀ ਹੈ ਅਤੇ ਇਸ ਹੇਠਲੀ ਪੜਤ ਦੀ ਸੋਝੀ ਨੂੰ, ਜਿਸ ਨੂੰ ਗੁਰੂ ਮਹਾਰਾਜ ਜੀ ਹਉਮੈ ਦੀ ਸੁਰਤ ਕਹਿੰਦੇ ਹਨ, ਵਿਚ ਇਹ ਆਪਣਾ ਅਣਹੋਇਆ ਆਪਾ ਭਰਮ ਕਰਕੇ ਮਿਥ ਲੈਂਦਾ ਹੈ ਅਤੇ ਜਨਮਾਂ-ਜਨਮਾਂਤਰਾਂ ਦੇ ਅਧਿਆਸ ਕਰਕੇ ਇਹ ਆਪਣੇ ਆਪ ਨੂੰ ਇਹ ਨਾਸ਼ਵਾਨ ਸਾਢੇ ਤਿੰਨ ਹੱਥ ਦੀ ਦੇਹ ਸਮਝ ਬੈਠਦਾ ਹੈ ਤੇ ਇਹ ਆਪਣੇ ਆਤਮ ਪਦ ਤੋਂ ਪਤਿਤ ਹੋ ਕੇ ਜੀਵ ਬਣ ਜਾਂਦਾ ਹੈ। ਇਸ ਸੋਝੀ ਨੂੰ ਹਉਮੈ ਕਹਿੰਦੇ ਹਨ। ਫਿਰ ਇਹ ਕਹਿੰਦਾ ਹੈ ਕਿ ਮੇਰਾ ਸਰੀਰ, ਮੇਰਾ ਘਰ, ਮੇਰੀ ਕੋਠੀ, ਮੇਰੇ ਬੱਚੇ, ਮੇਰਾ ਪਰਿਵਾਰ, ਉਸ ਵੇਲੇ ਇਹ ਆਪਣੀ ਪਦਵੀ ਤੋਂ ਗਿਰ ਕੇ ਜੀਵ ਆਤਮਾ ਬਣ ਜਾਂਦਾ ਹੈ ਫੇਰ ਇਹ ਜਨਮ-ਮਰਣ ਦੇ ਚੱਕਰ ਵਿਚ ਚਲਿਆ ਜਾਂਦਾ ਹੈ। ਸੋ ਅਖੀਰ ਦੇ ਉਤੇ ਜੋ ਬਚਨ ਆਇਆ ਹੈ, ਮਹਾਰਾਜ ਉਹਦੇ 'ਚ ਇਹ ਸਾਰੀ ਚੀਜ਼ ਨੂੰ ਦਰਸਾਉਂਦੇ ਹੋਏ ਕਹਿੰਦੇ ਹਨ ਕਿ ਹੇ ਪ੍ਰਭੂ! ਇਹ ਤਾਂ ਬਹੁਤ ਔਖੀ ਗੱਲ ਹੈ। ਅਸੀਂ ਤਾਂ ਅੰਨ੍ਹੇ ਖੂਹ ਵਿਚ ਗਿਰੇ ਪਏ ਹਾਂ ਜਿਥੇ ਨਾ ਦੇਖਣ ਨੂੰ ਕੁਛ ਲੱਭਦਾ ਹੈ, ਨਾ ਹੱਥ ਪੈਰ ਅਸੀਂ ਮਾਰ ਸਕਦੇ ਹਾਂ। ਹੁਣ ਤੇਰੀ ਹੀ ਦਇਆ ਹੈ, ਤੂੰ ਕੱਟ। ਉਸ ਨੇ ਦਇਆ ਕੀਤੀ ਹੈ ਸਾਡੇ ਉਤੇ, ਅੰਮ੍ਰਿਤ ਵੇਲੇ ਦਾ ਜਾਗਣਾ ਬਖਸ਼ਿਆ ਹੈ, ਕੀਰਤਨ, ਹਰੀ ਜਸ ਬਖਸ਼ਿਆ ਹੈ। ਕੋਈ ਵਿਰਲਾ ਪੁਰਸ਼ ਹੈ ਜੋ ਇਸ ਗੱਲ ਨੂੰ ਸਮਝਦਾ ਹੈ। ਬਾਕੀ ਤਾਂ ਦੁਨੀਆਂ ਗੇੜੇ ਖਾ ਰਹੀ ਹੈ। ਹਉਮੈ ਦੇ ਗੇੜ ਦੇ ਅੰਦਰ ਦੁਖੀ ਹੋ ਰਹੀ ਹੈ, ਤੜਪ ਰਹੇ ਨੇ। ਥੋੜ੍ਹਿਆਂ ਨੂੰ ਇਹ ਸੋਝੀ ਦਿਤੀ ਹੈ।

ਸੋ ਐਸਾ ਤੁਸੀਂ ਤਪ ਕਰਦੇ ਓਂ, ਏਸ ਤਪ ਦਾ ਕੋਈ ਭਾਵ ਕੱਢੋ ਕਿ ਉੱਚੇ ਚੱਲੋ ਤਾਂ ਕਿ ਇਹ ਸਾਡਾ ਜਿਹੜਾ ਮੈਂ-ਪੁਣਾ ਹੈ ਇਹ ਖਤਮ ਹੁੰਦਾ ਜਾਵੇ ਤੇ ਸਾਨੂੰ ਆਪਣੇ ਅਸਲੀ ਸਰੂਪ ਦਾ ਗਿਆਨ ਹੋ ਕੇ ਪਰਮ ਸੁਖ ਨੂੰ ਪ੍ਰਾਪਤ ਕਰ ਲਈਏ। ਇਹੋ ਸਤਿਸੰਗ ਕਰਨ ਦਾ ਅਮੁੱਲ ਲਾਭ ਹੈ। ਪਰ ਇਹ ਸੋਝੀ ਗੱਲਾਂ ਨਾਲ ਨਹੀਂ ਆਉਂਦੀ। ਗੁਰਬਾਣੀ ਨੂੰ ਪੂਰਨ ਗੁਰੂ ਮੰਨ ਕੇ ਉਸ ਦੇ ਉਦੇਸ਼ ਦੇ ਮੁਤਾਬਿਕ ਘਾਲ ਕਮਾਈ ਕਰੀਏ। ਜੀਵਨ ਵਿਚ ਦੈਵੀ ਸੰਪਰਦਾਇ ਦੀਆਂ ਸ਼ਕਤੀਆਂ ਨੂੰ ਉਭਾਰੀਏ। ਨਿੰਦਾ, ਈਰਖਾ, ਲਬ ਦਾ ਤਿਆਗ ਕਰੀਏ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਸੰਜਮ ਵਿਚ ਰਹਿ ਕੇ ਵਰਤੀਏ ਅਤੇ ਇਕ ਗੱਲ ਸਦਾ ਯਾਦ ਰੱਖੋ -

*ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥*
*ਅੰਗ - ੨*

ਇਸ ਤਰ੍ਹਾਂ ਜੀਵਨ ਦਾ ਸਮਾਂ ਬਤੀਤ ਕਰਕੇ ਸਦਾ ਦਾ ਸੁਖ ਪ੍ਰਾਪਤ ਹੋ ਜਾਵੇਗਾ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਗੁਰੂ ਅਤੇ ਸਿੱਖ ਦਾ ਸਬੰਧ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ।*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-33)*

ਗੁਰੂ ਮਹਾਰਾਜ ਕਹਿਣ ਲੱਗੇ, ਪਿਆਰਿਓ! ਭਜਨ ਇਹ ਤਾਂ ਨਹੀਂ ਕਰਦਾ ਕਿਉਂਕਿ ਇਹਦਾ ਜਿਹੜਾ ਚਿੱਤ ਹੈ, ਉਹ ਮਾਇਆ 'ਚ ਫਸਿਆ ਹੋਇਆ ਹੈ। ਇਹ ਜਿਉਣ ਨੂੰ ਸਤਿ ਜਾਣਦੈ ਅਤੇ ਜਿਹੜਾ ਅਸਤਿ ਹੈ ਸੰਸਾਰ ਜਿਸ 'ਤੇ ਰਹਿਣਾ ਨਹੀਂ ਕਿਸੇ ਨਹੀਂ ਕਿ-

*ਰਹਣੁ ਨ ਪਾਵਹਿ ਸੁਰਿ ਨਰ ਦੇਵਾ॥ ਅੰਗ-੭੪੦*

ਕੋਈ ਵੀ ਨਹੀਂ ਰਹਿੰਦਾ, ਇਕ ਵਾਰੀ ਜ਼ਮੀਨ ਅਸਮਾਨ ਨੂੰ ਪੁਛਣ ਲੱਗੀ। ਕਹਿੰਦੀ, ਐ ਅਸਮਾਨ! ਸੁਣੀਦੈ ਐਡਾ ਕੁ ਵੱਡਾ ਤੂੰ ਵੀ ਹੈਗਾ। ਕਿਉਂਕਿ ਹਰ ਥਾਂ ਦੇ ਉਤੇ ਪੁਲਾੜ (space) ਹੈ। ਇਕ ਗੱਲ ਦਸ, ਮੇਰੀ ਗੋਰ ਦੇ ਵਿਚ ਵੱਡੇ-ਵੱਡੇ ਆਏ। ਐਸੇ ਆਏ ਜਿਹਨਾਂ ਨੇ ਦੁਨੀਆਂ ਨੂੰ ਲਤਾੜ ਕੇ ਰਖ ਦਿਤਾ। ਵੱਡੇ-ਵੱਡੇ ਬਾਦਸ਼ਾਹ ਕਹਾਏ। ਵੱਡੇ-ਵੱਡੇ ਸਾਧੂ ਵੀ ਆਏ। ਬੜੇ ਮਹਾਤਮਾ ਵੀ ਆਏ, ਬੜੇ ਅਵਤਾਰ ਵੀ ਆਏ। ਬੜੇ ਪੈਗੰਬਰ ਆਏ। ਉਹ ਚਲੇ ਕਿਥੇ ਗਏ? ਇਸ ਤਰ੍ਹਾਂ ਪੜ੍ਹ ਲਓ ਪਿਆਰ ਨਾਲ-

*ਧਾਰਨਾ - ਕਿੱਥੇ ਗਏ ਨੇ ਪੈਗੰਬਰ ਪੀਰ ਔਲੀਏ,*
*ਦਿਸਦਾ ਨਾ ਕੋਈ ਜਗ 'ਤੇ।*

*ਜਿਮੀ ਪੁਛੈ ਅਸਮਾਨ*
*ਫਰੀਦਾ ਖੇਵਟ ਕਿੰਨਿ ਗਏ ॥ ਅੰਗ - ੪੮੮*

ਐ ਅਸਮਾਨ! ਤੇਰੀ ਪਹੁੰਚ ਦੂਰ-ਦਰਾਜ਼ ਖੰਡਾਂ-ਬ੍ਰਹਿਮੰਡਾਂ, ਕਰੋੜਾਂ ਬ੍ਰਹਿਮੰਡਾਂ ਤਕ ਹੈ। ਆਹ ਜਿਹੜੇ ਮੇਰੀ ਛਾਤੀ ਦੇ ਉਤੇ ਨਾਟ ਕਰਦੇ ਰਹੇ ਨੇ। ਫੌਜਾਂ ਲੈ-ਲੈ ਕੇ ਇਕ ਦੂਜੇ ਨੂੰ ਲੁਟਦੇ ਰਹੇ ਨੇ। ਮਾਰਦੇ ਰਹੇ ਨੇ। ਵੱਡੇ-ਵੱਡੇ ਸ਼ਕਤੀਆਂ ਵਾਲੇ ਇਥੇ ਮੇਰੇ ਪਾਸ ਹੋ ਕੇ ਸਾਰੇ ਚਲੇ ਕਿੱਥੇ ਗਏ।

ਕਹਿਣ ਲੱਗਿਆ, ਦੇਖ! ਇਨਸਾਨ ਸਗੋਂ ਹਰ ਜੀਵ ਦੋ ਚੀਜ਼ਾਂ ਦਾ ਬਣਿਆ ਹੋਇਐ। ਇਕ ਹਿੱਸਾ ਉਹਦਾ ਹੈਗਾ ਮਿੱਟੀ ਦਾ, ਪਾਣੀ ਦਾ, ਅੱਗ ਦਾ, ਹਵਾ ਦਾ ਤੇ ਆਕਾਸ਼ ਦਾ। ਉਹ ਪੰਜ ਤੱਤਾਂ ਦਾ ਬਣਿਆ ਹੋਇਐ। ਦੂਸਰਾ ਇਹਦੇ ਵਿਚ ਚੇਤਨ ਜੋਤ ਹੋਇਆ ਕਰਦੀ ਹੈ। ਜਿਹਨੂੰ ਰੂਹ ਕਹਿੰਦੇ ਨੇ। ਜਿਹੜਾ ਨਾਂ ਤੇਰਾ ਸੀ, ਉਹ ਤਾਂ ਇਥੇ ਹੀ ਰਹਿ ਗਿਆ। ਜਿਹੜੀ ਰੂਹ ਸੀ ਉਹ ਇਥੇ ਨਹੀਂ ਹੈ, ਉਹ ਚਲੀ ਗਈ।

*ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥*
*ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥ ੮ ॥ ੨ ॥*
*ਅੰਗ - ੪੮੮*

ਕਹਿੰਦੇ, ਕੁਛ ਤਾਂ ਜਾਲ ਦਿਤੇ, ਕੁਛ ਕਬਰਾਂ ਦੇ ਵਿਚ ਦੱਬੇ ਪਏ ਨੇ। ਇਹਦੇ ਵਿਚ ਜਿਹੜਾ ਜੀਅ ਸੀ, ਹੁਣ ਦਰਗਾਹ ਦੇ ਵਿਚ ਜਾ ਕੇ ਉਲਾਂਭੇ ਸਹਿੰਦੈ, ਵੱਡੇ-ਵੱਡੇ ਪੀਰਾਂ, ਪੈਗੰਬਰਾਂ, ਔਲੀਆਂ ਦੇ। ਉਥੇ ਬਾਰ-ਬਾਰ ਪੇਸ਼ੀ ਹੁੰਦੀ ਹੈ ਕਿ ਆਹੀ ਦਸ ਕੇ ਆਇਆ ਸੀ? ਆਹੀ ਉਪਦੇਸ਼ ਦੇ ਕੇ ਆਇਆ ਸੀ? ਕਿਵੇਂ ਜਨਤਾ ਖਹਿ-ਖਹਿ ਮਰਦੀ ਹੈ ਮਜ਼੍ਹਬ ਦੇ ਨਾਂ 'ਤੇ। ਬਾਹਰ ਕੱਢੇ ਨੇ ਦਰਵਾਜ਼ੇ 'ਤੇ ਖੜ੍ਹੇ ਨੇ। ਹੁਕਮ ਨਹੀਂ ਹੈ ਅੰਦਰ ਵੜਨ ਦਾ। ਉਹ ਉਲਾਂਭੇ ਸਹਿ ਰਹੇ ਨੇ, ਜਿਹਨਾਂ ਨੂੰ ਇਥੇ ਬਣਾ ਕੇ ਗਏ। ਚਾਹੇ ਸੰਤ ਹੈ, ਉਹਦੇ ਮੁਰੀਦ ਨੇ, ਚਾਹੇ ਗੁਰੂ ਪੀਰ ਔਲੀਆ ਹੈ, ਉਹਦੇ ਸਿੱਖ ਸੇਵਕ ਨੇ, ਮੁਰੀਦ ਨੇ, ਪੀਰ ਹੈ, ਚਾਹੇ ਕੋਈ ਪੈਗੰਬਰ ਹੈ। ਸਾਰਿਆਂ ਦੇ ਪਿਛੋਂ ਉਹਨਾਂ ਨੂੰ ਮੰਨਣ ਵਾਲੇ ਹੁੰਦੇ ਨੇ। ਲੇਕਿਨ ਅਗਿਆਨੀ ਲੋਕ ਆਪਸ ਵਿਚ ਲੜੀ ਜਾਂਦੇ ਨੇ। ਉਹ ਅਰਥ ਗਲਤ ਕੱਢ ਲੈਂਦੇ ਨੇ। ਆਪਸ 'ਚ ਲੜਾਈ ਭੜਾਈ ਜਿਹੜਾ ਆਪਣਾ ਸੁਭਾਅ ਹੈ, ਗੁਰੂ ਦਾ ਸੁਭਾਅ ਓਹੀ ਬਣਾ ਦਿੰਦੇ ਨੇ। ਕਹਿੰਦੇ, ਫੇਰ ਉਥੇ ਉਲਾਂਭੇ ਮਿਲਦੇ ਨੇ ਦਰਗਾਹ ਵਿਚ। ਅਰ ਉਹਨਾਂ ਨੂੰ ਸਜ਼ਾ ਕਿੰਨੀ ਮਿਲਦੀ ਹੈ। ਕਹਿੰਦੇ, ਇਕ ਕਲਪ ਚਾਰ ਅਰਬ ਬੱਤੀ ਕਰੋੜ ਸਾਲ ਦਰਵਾਜ਼ੇ 'ਤੇ ਖੜ੍ਹਨਾ ਪੈਂਦੈ। ਉਲਾਂਭੇ ਸਹਿਣੇ ਪੈਂਦੇ ਨੇ। ਆਹ ਹਾਲ ਹੈ ਕਹਿੰਦੇ, ਦੁਨੀਆਂ ਦਾ -

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰ ਭੂਮ ਹੀ ਮਿਲਏ ਹੈਂ॥*
*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

ਸੋ ਸੰਸਾਰ ਰਹਿਣ ਵਾਲਾ ਥਾਂ ਨਹੀਂ ਹੈ ਪਿਆਰਿਓ! ਇਹਦੇ ਵਿਚ ਮਨ ਲਾ ਕੇ ਅਸਲੀ ਗੱਲ ਨੂੰ ਅਸੀਂ ਭੁੱਲ ਗਏ। ਇਹ ਤਾਂ ਨਹੀਂ ਹੈ ਕਿ ਮੌਤ ਵਾਰਨਿੰਗ (ਚੇਤਾਵਨੀ) ਨਹੀਂ ਦਿੰਦੀ। ਬਾਰ-ਬਾਰ ਵਾਰਨਿੰਗ ਦਿੰਦੀ ਹੈ। ਮਾਂ-ਪਿਓ ਜਾਂਦੇ ਨੇ, ਚਲੇ ਜਾਂਦੇ

ਨੇ, ਫੇਰ ਵੀ ਨਹੀਂ ਸਮਝਦਾ। ਮੈਂ ਤਾਂ ਨਹੀਂ ਜਾਣਾ ਇਹੀ ਗਏ ਨੇ। ਬਾਣੀ ਕਹਿੰਦੀ ਹੈ ਕਿ -

*ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥*
*ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥੭੩ ॥*

*ਅੰਗ- ੧੩੮੧*

ਦਸ ਤਾਂ ਸਹੀ ਉਹ ਚਲੇ ਕਿੱਥੇ ਗਏ। ਜਿਹੜੇ ਤੈਨੂੰ ਗੋਦੀ 'ਚ ਚੁਕ ਕੇ ਦਿਖਾਉਣ ਜਾਂਦੇ ਸੀ ਮੇਲਾ। ਉਂਗਲੀ ਫੜਾ ਕੇ ਤੈਨੂੰ ਸਕੂਲ 'ਚ ਲੈ ਕੇ ਜਾਂਦੇ ਸੀ। ਉਹ ਕਿੱਥੇ ਚਲੇ ਗਏ, ਤੈਨੂੰ ਕਦੇ ਖਿਆਲ ਹੀ ਨਹੀਂ ਆਉਂਦਾ? ਫੇਰ ਇਹ ਹੈ ਕਿ ਵਾਰਨਿੰਗ ਆਉਂਦੀ ਹੈ, ਤੇਰੇ ਕੰਨ ਕੋਲ ਸਫੇਦ ਵਾਲ, ਮਲਕਲ ਮੌਤ ਪੈਦਾ ਕਰ ਦਿੰਦੈ। ਪਿਆਰਿਆ! ਖ਼ਬਰਦਾਰ ਹੋ, ਤੇਰਾ ਸਮਾਂ ਬੀਤ ਗਿਆ। ਜਿਵੇਂ ਅਧਿਆਪਕ ਇਮਤਿਹਾਨ ਵਾਲੇ ਹਾਲ ਵਿਚ ਕਹਿੰਦੇ ਨੇ, ਚੌਥਾ ਹਿੱਸਾ ਸਮਾਂ ਲੰਘ ਗਿਆ, ਅੱਧਾ ਸਮਾਂ ਲੰਘ ਗਿਆ। ਹੁਣ ਪੌਣਾ ਸਮਾਂ ਲੰਘ ਗਿਆ। ਵਾਰਨਿੰਗ ਆਉਂਦੀ ਹੈ। ਲੇਕਿਨ ਇਸ ਨੂੰ ਨਹੀਂ ਪਤਾ ਲਗਦਾ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਤੇਰੀ ਦਾੜ੍ਹੀ ਹੋਈ ਭੂਰ*
*ਪਿੱਛਾ ਦੂਰ ਰਹਿ ਗਿਆ।*

*ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥*
*ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥ ੯ ॥*

*ਅੰਗ- ੧੩੭੮*

ਇਮਤਿਹਾਨ ਲੈਣ ਵਾਲੇ ਨੇ ਅਵਾਜ਼ ਦੇ ਦਿਤੀ ਕਿ ਥੋੜ੍ਹਾ ਸਮਾਂ ਰਹਿ ਗਿਆ। ਬਹੁਤ ਲੰਘ ਚੁਕਿਆ। ਕਹਿੰਦੇ, ਇਹਨੂੰ ਸਮਝ ਹੀ ਨਹੀਂ ਆਉਂਦੀ। ਅਖੀਰ ਦੇ ਉਤੇ ਜਿਹੜੇ ਇਹਦੇ ਸਾਥੀ ਨੇ ਉਹ ਇਕ-ਇਕ ਕਰਕੇ ਇਹਦਾ ਸਾਥ ਛੱਡਣਾ ਸ਼ੁਰੂ ਕਰ ਦਿੰਦੇ ਨੇ।

*ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥*
*ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ਅੰਗ- ੧੩੮੧*

ਉਹਦਾ ਤਾਂ ਇਲਾਜ ਕਰ ਲੈਂਦੈ, ਚਿੱਟੇ ਵਾਲ ਆਉਣੇ ਸ਼ੁਰੂ ਹੋ ਗਏ -

*ਜਮ ਰਾਜੇ ਕੇ ਹੇਰੂ ਆਏ.......॥ ਅੰਗ-੪੩੨*

ਸੁਨੇਹਾ ਲੈ ਕੇ ਆ ਗਏ ਕਿ ਹੁਣ ਤੂੰ ਕੁਛ ਕਰਿਆ ਨਹੀਂ, ਸੰਸਾਰ 'ਚ ਆ ਕੇ ਹੁਣ ਕਰ ਲੈ। ਤੈਨੂੰ ਖਬਰਦਾਰ ਕਰਨ ਆਏ ਹਾਂ। ਸਫੇਦ ਵਾਲ ਆ ਜਾਂਦੇ ਨੇ। ਉਹ ਉਹਦੀ ਸੁਣਦਾ ਨਹੀਂ। ਬਜ਼ਾਰ 'ਚੋਂ ਜਾ ਕੇ ਰੰਗ ਲੈ ਆਉਂਦੈ, ਉਤੇ ਲਾ ਲੈਂਦੈ, ਕਹਿੰਦਾ ਲੈ ਹੁਣ ਕੀ ਕਰੋਂਗੇ? ਉਹ ਤਾਂ ਹਟਣਾ ਨਹੀਂ ਹੈ ਪਿਆਰਿਓ! ਉਹ ਤਾਂ ਸਮਾਂ ਲੰਘਦਾ ਜਾਂਦੈ। ਹੁਣ ਸਾਥੀ ਸਾਥ ਛੱਡਣਾ ਸ਼ੁਰੂ ਕਰ ਦਿੰਦੇ ਨੇ। ਦੰਦ ਝੜ ਗਏ, ਨਵੇਂ ਲਵਾਉਣ ਦਾ ਯਤਨ ਕਰਦੈ। ਉਹ ਨਿਕਲ ਗਏ ਜਿਹੜੇ ਤੇਰੇ ਨਾਲ ਆਏ ਸੀ। ਲੱਤਾਂ ਕੰਬਣ ਲਗ ਗਈਆਂ, ਹੁਣ ਨਹੀਂ ਚਲਦੀਆਂ ਕਿ ਪੈਦਲ ਚੱਲੀਏ, ਚੱਲ ਕੇ 50-50 ਮੀਲ, ਪਹਿਲੇ ਜ਼ਮਾਨਿਆਂ 'ਚ ਤੁਰ ਜਾਂਦੇ ਸੀ। ਅੱਖਾਂ ਦੇਖਦੀਆਂ ਨਹੀਂ ਹਨ। ਐਨਕਾਂ ਲਾਉਂਦੈ, ਨੰਬਰ ਬਦਲਦਾ ਤੁਰਿਆ ਜਾਂਦੈ। ਦਿਸਦਾ ਹੀ ਨਹੀਂ, ਮੱਥੇ 'ਤੇ ਹੱਥ ਰੱਖ ਕੇ ਕਹਿੰਦੈ, ਕਾਕਾ! ਸਾਊ! ਮੈਂ ਪਛਾਣਿਆ ਨਹੀਂ, ਤੂੰ ਕੌਣ ਹੈਂ? ਉਹ ਚਿਹਰਾ ਹੀ ਨਹੀਂ ਲਗਦਾ। ਨਿਗ੍ਹਾ ਫਟ ਜਾਂਦੀ ਹੈ। ਪਛਾਣ 'ਚ ਆਉਂਦਾ ਹੀ ਨਹੀਂ। ਕੰਨ ਜਿਹੜੇ ਨੇ ਸੱਤ ਪਤਾਲਾਂ ਦੀ ਬਾਣੀ ਬਣ ਜਾਂਦੇ ਨੇ। ਸੁਣਦੇ ਹੀ ਨਹੀਂ ਹਨ। ਕਹਿੰਦਾ, ਉੱਚੀ ਬੋਲ। ਉਹ ਹਾਰ ਕੇ ਤੁਰ ਜਾਂਦੈ। ਕਹਿੰਦਾ ਇਹਦੇ ਨਾਲ ਕਿਹੜਾ ਮੱਥਾ ਮਾਰੇ, ਮਿਲਦੇ ਹੀ ਨਹੀਂ। ਪਹਿਲਾਂ ਜ਼ੋਰ ਲਾ-ਲਾ ਕੇ ਬੋਲਾਂਗੇ, ਤਾਂ ਇਹਨੂੰ ਬੋਲੇ ਬੱਦਲ ਨੂੰ ਗੱਲ ਸਮਝ 'ਚ ਆਉਣੀ ਹੈ। ਅਜੇ ਵੀ ਨਹੀਂ ਕਹਿੰਦਾ, ਅਜੇ ਵੀ ਨਹੀਂ ਕਹਿੰਦਾ ਕਿ ਮੈਂ ਜਾਣੈ। ਅਜੇ ਵੀ ਵੈਰ-ਵਿਰੋਧ ਦੀਆਂ ਗੱਲਾਂ ਕਰਦਾ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥ ਅੰਗ- ੨੬੮*

ਲੜਾਈ ਦੀਆਂ, ਝਗੜਿਆਂ ਦੀਆਂ ਗੱਲਾਂ। ਉਥੇ ਸਾਡੇ ਇਕ ਬੰਦਾ ਚੜ੍ਹਾਈ ਕਰਨ ਲੱਗਿਆ। ਮੁੰਡੇ ਇਕੱਠੇ ਕਰ ਲਏ। ਕਹਿੰਦਾ, ਓਏ ਤੁਹਾਨੂੰ ਕੁਛ ਅਕਲ ਹੈ? ਕਹਿੰਦੇ, ਕੀ ਗੱਲ ਬਾਪੂ? ਕਹਿੰਦਾ, ਆਪਣਾ ਵੈਰ ਹੈ ਨਾ ਫਲਾਣੇ ਨਾਲ? ਕਹਿੰਦੇ, ਹਾਂ। ਕਹਿੰਦਾ, ਮੈਨੂੰ ਤੁਸੀਂ ਖੁਰਲੀ 'ਚ ਸੁੱਟ ਆਇਓ ਉਹਦੀ। ਪੁਲਿਸ ਨੂੰ ਲੈ ਆਇਓ, ਕਹਿ ਦਿਓ ਸਾਡਾ ਬਾਪੂ ਉਹਨੇ ਮਾਰ ਦਿਤਾ। ਮੈਂ ਮਰਨ ਵਾਲਾ ਹੀ ਹਾਂ। ਓਧਰ ਜਮਾਂ ਨੇ ਬਾਂਹ ਫੜੀ ਹੋਈ ਹੈ। ਓਧਰ ਬਦਲੇ ਲੈਣ ਦੀ ਗੱਲ ਆ ਰਹੀ ਹੈ ਉਹਦੇ ਮਨ ਵਿਚ। ਬਦਲਾ ਲੈ ਲਵਾਂ ਮਰ ਕੇ।

ਉਸ ਨੂੰ ਨਹੀਂ ਪਤਾ ਲਗਦਾ, ਐਨਾ ਮੂਰਖ ਹੋ ਗਿਆ ਇਨਸਾਨ। ਹੈ ਤਾਂ ਮਨੁੱਖ, ਮਹਾਰਾਜ ਕਹਿੰਦੇ, ਮਨੁੱਖ ਨਾ ਇਹਨੂੰ ਕਹੋ -

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*

*ਅੰਗ- ੨੫੧*

ਬਾਬਾ ਫਰੀਦ! 95 ਸਾਲ ਦੀ ਆਪ ਦੀ ਆਯੂ ਹੋਈ ਹੈ। 90 ਸਾਲ ਤੋਂ ਬਾਅਦ ਸੇਜ ਆਸਣੀ ਹੋਇਆ ਕਰਦੈ। ਸੇਜਾ 'ਤੇ ਆਸਣ ਲਗ ਜਾਂਦੈ। ਕੋਈ ਪਾਸਾ ਦਿਵਾਉਣ ਵਾਲਾ ਆ ਜਾਏ, ਬੜੀ ਮਿਹਰਬਾਨੀ। ਨਹੀਂ ਤਾਂ ਪਿਆ ਹੀ ਰਹਿੰਦੈ ਉਥੇ ਹੀ। ਉਠ ਨਹੀਂ ਸਕਦਾ। ਕਿਸੇ ਨੇ ਫੜ ਕੇ ਉਠਾਲ ਦਿਤਾ ਤਾਂ ਵੀ ਚੰਗਾ। ਕੋਈ-ਕੋਈ ਹੈ ਵਿਰਲਾ-

ਵਿਰਲਾ ਜਿਹੜਾ ਤੁਰਦਾ ਫਿਰਦਾ ਜਾਂਦੈ। ਆਮ ਹਾਲਤ ਇਹੀ ਹੁੰਦੀ ਹੈ ਮਹਾਰਾਜ ਕਹਿੰਦੇ।

ਜੇਠ ਦਾ ਮਹੀਨੈ, ਪਾਣੀ ਦੀ ਪਿਆਸ ਲੱਗੀ ਹੋਈ ਹੈ। ਚਾਰ ਕੁ ਫੁੱਟ ਦੇ ਉਤੇ ਪਾਣੀ ਪਿਐ। ਕਈ ਵਾਰੀ ਬਾਂਹ ਲੰਮੀ ਕਰੀ ਕਿ ਲੋਟਾ ਚੁਕ ਲਵਾਂ ਪਰ ਚੁੱਕ ਨਾ ਸਕਿਆ। ਉਸ ਵੇਲੇ ਜੀਵਨ ਦੇ ਜਿਹੜੇ ਸਾਰੇ ਨਾਟ ਸੀ ਉਹ ਯਾਦ ਆ ਗਏ ਕਿ ਕਿਵੇਂ ਮੈਂ ਤੁਰਿਆ ਫਿਰਦਾ ਸੀ। ਕਿਸ ਤਰ੍ਹਾਂ ਦੇ ਨਾਲ ਦੂਰ-ਦਰਾਜ਼ ਦੇ ਸਫਰ ਕਰੇ। ਬਾਬਾ ਫਰੀਦ ਨੇ ਬਹੁਤ ਵੱਡੇ ਸਫ਼ਰ ਸ੍ਰੀ ਗੁਰੂ ਨਾਨਕ ਪਾਤਸ਼ਾਹ ਵਾਂਗਣ ਕਰੇ ਨੇ। ਇਧਰਲੇ ਪਾਸੇ ਟਰਕੀ ਤੋਂ ਅਗਾਂਹਾਂ ਲਿਵਲਾਨ ਤਕ ਆਹ ਜਿਹੜੇ ਰੂਸ ਦੇ ਵਿਚ ਇਸਲਾਮ ਦੇ ਦੇਸ਼ ਨੇ, ਸਾਰੇ ਆਸਾਮ ਦੇ, ਬ੍ਰਹਮਾ ਤਕ, ਲੰਕਾ ਤਕ ਘੁੰਮਿਆ ਹੋਇਆ ਸੀ ਬਾਬਾ ਫਰੀਦ। ਕਹਿੰਦਾ-

*ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥*
*ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥ ੨੦ ॥*

*ਅੰਗ- ੧੩੭੮*

ਤੇ ਅੱਜ ਤਾਂ ਮੈਨੂੰ ਇਸ ਤਰ੍ਹਾਂ ਲਗ ਰਿਹੈ ਕਿ ਜਿਵੇਂ ਸੌ ਕੋਹ ਦੇ ਉਤੇ ਪਾਣੀ ਦਾ ਬਰਤਨ ਪਿਆ ਹੁੰਦੈ। ਉਸ ਵੇਲੇ ਅਫਸੋਸ ਆਇਆ ਮਨ ਦੇ ਅੰਦਰ ਤੇ ਆਪਣਾ ਹਾਲ ਦੇਖ ਕੇ ਇਸ ਤਰ੍ਹਾਂ ਬੋਲਦੇ ਨੇ। ਪੜ੍ਹੋ ਪਿਆਰ ਨਾਲ -

*ਧਾਰਨਾ - ਤੈਨੂੰ ਛੱਡ ਗਏ ਬਾਲ ਸਖਾਈ,*
*ਜਿੰਦੇ ਤੈਨੂੰ ਛੱਡ ਗਏ।*

*ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥*
*ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ਅੰਗ-੧੩੮੧*

ਕਿੱਥੇ ਗਈਆਂ ਅੱਖਾਂ, ਮੀਲ-ਮੀਲ ਤੋਂ, ਦੋ-ਦੋ ਮੀਲ ਤੋਂ ਬੰਦੇ ਨੂੰ ਪਛਾਣਦੀਆਂ ਸੀ। ਕਿੱਥੇ ਗਏ ਉਹ ਕੰਨ। ਜਿਹੜੇ ਦੋ-ਦੋ ਸੌ ਫੁੱਟ ਤੋਂ ਕੀਤੀ ਹੋਈ ਗੱਲ ਅਰਾਮ ਨਾਲ ਸੁਣ ਲੈਂਦੇ ਸੀ? ਕਿੰਨੀ-ਕਿੰਨੀ ਵਾਟ ਤੁਰਨ ਵਾਲੀਆਂ ਲੱਤਾਂ ਦੀ ਸ਼ਕਤੀ ਕਿੱਥੇ ਗਈ? ਹੱਥਾਂ ਦੀ ਕਿੱਥੇ ਗਈ? ਹੁਣ ਤਾਂ ਹੱਥ ਕੰਬਦੇ ਨੇ। ਕੋਈ ਮੂੰਹ ਨੂੰ ਪਾਣੀ ਲਾਵੇ ਤਾਂ ਪਿਲਾ ਦੇਵੇ। ਆਹ ਹਾਲ ਹੋ ਜਾਂਦੈ। ਜਵਾਨ ਬੰਦਾ ਕਹਿੰਦੈ, ਇਹੀ ਬੁੱਢਾ ਹੋਇਐ ਮੈਂ ਨਹੀਂ ਹੋਣਾ। ਸਾਰਿਆਂ ਦੀ ਗੱਲ ਇਹੀ ਹੈ। ਮੇਰੇ ਮਨ 'ਚ ਵੀ ਹੁੰਦੈ ਕਿ ਇਹੀ ਬੀਮਾਰ ਹੋਏ ਨੇ ਆਪਾਂ ਤਾਂ ਤਕੜੇ ਰਹਿਨੈ।

ਮਹਾਰਾਜ ਕਹਿੰਦੇ, ਇਹ ਜਿਹੜਾ ਸਾਰਾ ਰੌਲਾ-ਗੌਲਾ ਹੈ ਨਾ ਇਹ ਅਸਲੀ ਗੱਲ ਨੂੰ ਤਾਂ ਭੁੱਲ ਗਿਆ। ਨਕਲੀ ਵਲ ਪੈ ਗਿਆ। ਸੰਸਾਰ ਵਲ ਪਿਆ ਹੋਇਐ। ਜਿਹੜਾ ਕੰਮ ਕਰਨ ਆਇਆ ਸੀ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥*

*ਅੰਗ- ੧੨*

ਉਸ ਤੋਂ ਗਾਫ਼ਲ ਹੋ ਕੇ ਜਨਮ ਗਵਾ ਲਿਆ। ਵਿਸ਼ਵਾਸ਼ ਕਰ ਲਿਆ ਸਰੀਰ ਦਾ ਕਿ ਜੋਬਨ ਨਹੀਂ ਜਾਣਾ। ਮਹਾਰਾਜ ਕਹਿੰਦੇ, ਜੋਬਨ ਤਾਂ ਚਲਿਆ ਜਾਂਦੈ। ਇਹ ਅਟੱਲ ਨਿਯਮ ਹੈ -

*ਧਾਰਨਾ - ਧਨ ਜੋਬਨ ਫੁੱਲਾਂ ਦੀਆਂ ਵਾੜੀਆਂ,*
*ਖਿੜੀਆਂ ਨਾ ਸਦਾ ਰਹਿਣੀਆਂ।*

*ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥*
*ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥ ੧ ॥*

*ਅੰਗ- ੨੩*

ਦੋ-ਚਾਰ ਦਿਨ ਦਾ ਕੰਮ ਹੈ, ਉਸ ਤੋਂ ਬਾਅਦ ਫੇਰ ਬੁਢਾਪਾ ਆ ਜਾਂਦੈ। ਭਜਨ ਕਰਨ ਦਾ ਮੌਕਾ ਸੀ ਜਿਹੜਾ ਉਹ ਲੰਘਾ ਦਿਤਾ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨੌਵੇਂ ਪਾਤਸ਼ਾਹ ਮਹਾਰਾਜ ਕਹਿੰਦੇ ਨੇ ਕਿ -

*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥*

*ਅੰਗ- ੭੨੬*

ਭੁੱਲ ਗਿਆ ਅਸਲੀਅਤ ਨੂੰ ਤੇ ਕਹਿਣ ਲੱਗ ਗਿਆ ਮਹਾਰਾਜ ਤਾਂ ਢਹਿੰਦੀ ਕਲਾ ਦਾ ਉਪਦੇਸ਼ ਦਿੰਦੇ ਨੇ। ਉਹ ਅਸਲੀਅਤ ਦਸ ਰਹੇ ਨੇ। ਤੇਰੀਆਂ ਚੜ੍ਹਦੀ ਕਲਾ ਦੀਆਂ ਗੱਲਾਂ ਕੀ ਕਰਨਗੀਆਂ। ਭੁੱਲ ਗਿਆ ਤੂੰ ਪ੍ਰਮੇਸ਼ਰ ਨੂੰ, ਨਾਮ ਨਹੀਂ ਜਪਿਆ। ਜਦੋਂ ਤਕ ਅੰਦਰ ਵੈਰਾਗ ਨਹੀਂ ਹੁੰਦਾ -

*ਬਿਨੁ ਬੈਰਾਗ ਨ ਛੂਟਸਿ ਮਾਇਆ॥ ਅੰਗ- ੩੨੯*

ਲਗਨ ਨਹੀਂ ਕਦੇ ਵੀ ਲਗਦੀ। ਲਗਨ ਤਾਂ ਲਗਦੀ ਹੈ ਜੇ ਅੰਦਰ ਵੈਰਾਗ ਹੋ ਜਾਵੇ। ਧਰੂੰ ਨੂੰ ਵੈਰਾਗ ਹੋ ਗਿਆ। ਪਿਉ ਮੋੜ ਰਿਹੈ ਕਿ ਆ ਕੇ ਰਾਜ ਲੈ-ਲੈ। ਨਹੀਂ ਮੁੜਿਆ। ਪੂਰਨ ਪਦ ਪ੍ਰਾਪਤ ਕਰਕੇ ਹੀ ਵਾਪਸ ਆਇਆ। ਕਹਿੰਦੇ -

*ਰਾਮ ਜਪਉ ਜੀਅ ਐਸੇ ਐਸੇ॥*
*ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥ ਅੰਗ-੩੩੭*

ਸੋ ਲਗਨ ਦੀ ਬਾਤ ਹੋਇਆ ਕਰਦੀ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਕਹਿੰਦੇ, ਬੇਟਾ! ਛੋਟੀ ਉਮਰ ਤੇ ਐਡੀ ਲਗਨ ਤੈਨੂੰ, ਤੂੰ ਤਾਂ ਸਾਰਿਆਂ ਤੋਂ ਪਹਿਲਾਂ ਆਉਂਦੈ, ਫੇਰ ਸਾਰਿਆਂ ਤੋਂ ਬਾਅਦ ਵਿਚ ਜਾਂਦੈ। ਸੇਵਾ ਵੀ ਕਰਦੈਂ। ਕਾਰਨ ਕੀ ਹੈ?

ਸੱਚੇ ਪਾਤਸ਼ਾਹ! ਮੈਨੂੰ ਵਿਸ਼ਵਾਸ਼ ਹੋ ਗਿਆ ਕਿ ਕਾਲ ਦਾ ਗੁਲੇਲਾ ਕਦੇ ਵੀ ਲਗ ਸਕਦੈ। ***'ਨਹ***

***ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥ ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥ '***

ਮਹਾਰਾਜ ਕਹਿੰਦੇ, ਧੰਨ ਹੈਂ ਪਿਆਰਿਆ! ਤੇਰੇ ਪਿਛਲੇ ਜਨਮਾਂ ਦੇ ਸੰਸਕਾਰ ਬਹੁਤ ਪ੍ਰਬਲ ਨੇ। ਬੰਦਗੀ ਕਰਨ ਵਾਲਾ ਹੈਂ ਤੂੰ। ਕ੍ਰਿਪਾ ਕਰੀ ਮਹਾਰਾਜ ਜੀ ਨੇ ਬੱਚੇ ਦੇ ਉਪਰ। ਕਿਉਂਕਿ ਵੈਰਾਗ ਪੈਦਾ ਹੋਇਆ ਅੰਦਰ। ਵੈਰਾਗ ਤੋਂ ਬਿਨਾਂ ਮਾਇਆ ਨਹੀਂ ਟੁੱਟਦੀ। ਗੱਲਾਂ ਬਾਤਾਂ ਵਾਲੀ ਤਾਂ ਦੁਨੀਆਂ ਬਹੁਤ ਹੈ। ਮਹਾਰਾਜ ਕਹਿੰਦੇ, ਬੜੀ ਦੁਨੀਆਂ ਹੈ। ਬੜੇ ਕਹਿੰਦੇ ਨੇ ਕਿ ਮੈਂ ਚੰਗਾ ਹਾਂ, ਮੈਂ ਚੰਗਾ ਹਾਂ। ਪਰ ਚੰਗਿਆਈ ਦੇ ਨੇੜੇ ਤੇੜੇ ਵੀ ਨਹੀਂ। ਇਸ ਤਰ੍ਹਾਂ ਪੜ੍ਹ ਲਓ -

*ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ ॥*
*ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥*

*ਅੰਗ- ੮੫*

ਆਹ ਸਾਡੇ ਮਨ ਵਿਚ ਹੋਣ ਕਰਕੇ ਗੱਲ ਬਣਦੀ ਨਹੀਂ ਹੈ। ਪੂਰਨ ਤੌਰ 'ਤੇ ਵੈਰਾਗ ਨਹੀਂ ਉਪਜਦਾ। ਦੁਨੀਆਂ ਨੂੰ ਵਿਚ ਰਖਦੇ ਹਾਂ। ਮਹਾਰਾਜ ਕਹਿੰਦੇ -

*ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥*

*ਅੰਗ- ੬੫੭*

ਹਲਤ ਦੀ ਫ਼ਿਕਰ ਕਿਉਂ ਹੈ ਤੁਹਾਡੇ ਮਨ ਦੇ ਅੰਦਰ। ਜੋ ਕੁਛ ਤੁਹਾਡੇ ਮੱਥੇ ਵਿਚ ਕਲਮ ਲਿਖ ਦਿਤੀ, ਉਹ ਤਾਂ ਮਿਲਣੀ ਹੀ ਮਿਲਣੀ ਹੈ -

*ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥*

*ਅੰਗ- ੭੪*

ਇਕ ਵਾਰੀ ਇਕ ਬਾਦਸ਼ਾਹ ਜਾ ਰਿਹਾ ਸੀ। ਜਾਂਦੇ-ਜਾਂਦੇ ਰਾਜ ਜੋਤਸ਼ੀ ਜਿਹੜਾ ਮੱਥਾ ਦੇਖ ਕੇ, ਚਰਨ ਦੇਖ ਕੇ, ਹੱਥ ਦੇਖ ਕੇ, ਬੰਦੇ ਨੂੰ ਦੇਖ ਕੇ, ਉਹਦੀ ਬੋਲ ਚਾਲ ਦੇਖ ਕੇ, ਉਹਦੀ ਡੀਲ ਡੌਲ ਦੇਖ ਕੇ, ਉਹਦੇ ਭਵਿੱਖਤ ਨੂੰ ਜਾਣ ਜਾਇਆ ਕਰਦਾ ਸੀ। ਬਾਦਸ਼ਾਹ ਤੋਂ ਇਜਾਜ਼ਤ ਲਈ ਕਿ ਮਹਾਰਾਜ! ਅੱਜ ਆਪਾਂ ਪੈਦਲ ਜੰਗਲ 'ਚੋਂ ਜਾ ਰਹੇ ਹਾਂ। ਜੇ ਆਗਿਆ ਹੋਵੇ ਤਾਂ ਮੈਂ ਕਿਰਿਆ ਕਰ ਆਵਾਂ। ਮੈਦਾਨ 'ਚ ਚਲਿਆ ਗਿਆ, ਜੰਗਲ 'ਚ ਚਲਿਆ ਗਿਆ। ਵਾਪਸੀ ਦੇ ਉਤੇ ਇਕ ਬੱਚਾ ਲੱਕੜਾਂ ਵੱਢਦੈ। ਉਹਨੇ ਚਰਨ ਦੇਖਿਆ ਉਸਦਾ। ਮਸਤਕ ਦੇਖਿਆ, ਹੈਰਾਨ ਹੋ ਗਿਆ, ਬੱਚੇ ਨੂੰ ਹੇਠਾਂ ਲਾਹ ਲਿਆ। ਕਹਿੰਦਾ, ਬੇਟਾ! ਕੌਣ ਹੈਂ ਤੂੰ? ਕਿੱਥੇ ਰਹਿੰਦੈਂ?

ਕਹਿਣ ਲੱਗਿਆ, ਮੈਂ ਇਸੇ ਪਿੰਡ 'ਚ ਰਹਿੰਦਾ ਹਾਂ, ਮੈਂ ਮਜ਼ੂਰ ਹਾਂ। ਮੇਰੀ ਮਾਂ ਵੀ ਮਜ਼ੂਰ ਹੈ। ਕਹਿੰਦਾ, ਨਹੀਂ-ਨਹੀਂ ਸਮਾਂ ਆ ਗਿਆ, ਤੂੰ ਤਾਂ ਅੱਜ ਤੋਂ ਦੋ ਜਾਂ ਤਿੰਨ ਦਿਨ ਨੂੰ ਤਖਤ 'ਤੇ ਬੈਠ ਕੇ ਰਾਜ ਕਰਨ ਵਾਲਾ ਹੈਂ। ਸਮਾਂ ਆ ਚੁਕਿਆ ਹੈ। ਹਸ ਪਿਆ। ਕਹਿਣ ਲੱਗਿਆ, ਸਾਡੇ ਤਾਂ ਰੋਟੀ ਨਹੀਂ ਖਾਣ ਨੂੰ, ਰਾਜ ਕੀਹਦਾ ਅਸੀਂ ਕਰਨੈ?

ਕਹਿੰਦਾ, ਜਾਹ, ਮੇਰਾ ਜੋਤਿਸ਼ ਨਹੀਂ ਗਲਤ ਹੁੰਦਾ। ਆਹ ਹਫ਼ਤੇ ਦੇ ਅੰਦਰ-ਅੰਦਰ ਤੂੰ ਬਾਦਸ਼ਾਹ ਵੀ ਬਣਨੈ ਤੇ ਰਾਜੇ ਦੀ ਲੜਕੀ ਦੇ ਨਾਲ ਤੂੰ ਸ਼ਾਦੀ ਵੀ ਕਰਾਉਣੀ ਹੈ। ਹੈਰਾਨ ਹੋ ਗਿਆ ਕਿ ਪ੍ਰਮੇਸ਼ਰ ਦੀ ਗਤਿ ਦਾ ਕੁਝ ਪਤਾ ਨਹੀਂ ਲਗਦਾ। ਓਧਰ ਜਦੋਂ ਰਾਜੇ ਨੇ ਕਿਹਾ ਕਿ ਜੋਤਸ਼ੀ ਸਾਹਿਬ ਤੂੰ ਉਸ ਰਾਜੇ ਨਾਲ ਕੀ ਗੱਲਾਂ ਕਰ ਰਿਹਾ ਸੀ? ਕਹਿੰਦਾ, ਮਹਾਰਾਜ! ਮੈਂ ਤਾਂ ਪ੍ਰਮੇਸ਼ਰ ਦੀ ਕੁਦਰਤ ਦੇਖ ਕੇ ਹੈਰਾਨ ਹੋ ਰਿਹਾ ਸੀ?

ਕਹਿੰਦੇ, ਕੁਛ ਸਾਨੂੰ ਵੀ ਦਸ?

ਮਹਾਰਾਜ! ਮੈਨੂੰ ਜੀਵਨ ਦਾਨ ਬਖਸ਼ੋ। ਫੇਰ ਮੈਂ ਕਹਿ ਸਕਦਾ ਹਾਂ ਗੱਲ? ਗੱਲ ਵੱਡੀ ਹੈ, ਤੁਹਾਡੇ ਤੋਂ ਵੀ ਸਹੀ ਨਹੀਂ ਜਾਣੀ।

ਕਹਿੰਦਾ, ਜਾਹ, ਜਾਨ ਬਖਸ਼ੀ।

ਕਹਿੰਦਾ, ਮਹਾਰਾਜ! ਮੈਂ ਉਸ ਬੱਚੇ ਦੇ ਨਕਸ਼ ਦੇਖੇ, ਮੱਥਾ ਦੇਖਿਆ, ਹੱਥ ਦੇਖਿਆ, ਪੈਰ ਦੇ ਵਿਚ ਰੇਖਾ ਦੇਖੀ, ਉਹ ਸਮਾਂ ਆ ਗਿਆ, ਉਹ ਤਾਂ ਇਸ ਹਫ਼ਤੇ ਦੇ ਅੰਦਰ-ਅੰਦਰ ਤਖ਼ਤ 'ਤੇ ਬੈਠਣ ਵਾਲਾ ਹੈ ਤੇ ਤੁਹਾਡੀ ਲੜਕੀ ਦੇ ਨਾਲ ਉਹਦੀ ਸ਼ਾਦੀ ਹੋਣੀ ਹੈ। ਕਹਿੰਦਾ, ਹੈਂ ਮਜ਼ੂਰ ਨਾਲ ਮੇਰੀ ਲੜਕੀ ਦੀ ਸ਼ਾਦੀ?

ਕਹਿੰਦਾ, ਮਰਵਾ ਦਿਓ ਇਹਨੂੰ ਹੁਣੇ ਮਾਰ ਦਿਓ। ਬੜੀ ਬਦਨਾਮੀ ਹੋਏਗੀ ਮੇਰੀ। ਵਜ਼ੀਰ ਕਹਿਣ ਲੱਗਿਆ, ਮਹਾਰਾਜ! ਇਸ ਤਰ੍ਹਾਂ ਮਾਰਨ 'ਤੇ ਉਸ ਤੋਂ ਵੀ ਜ਼ਿਆਦਾ ਬਦਨਾਮੀ ਹੋਵੇਗੀ। ਆਪਣੇ ਕੋਲ ਕਾਨੂੰਨ ਹੈ, ਸਰਕਾਰੀ ਜੰਗਲ ਦੀ ਲੱਕੜ ਕੱਟਦੈ, ਇਹਦੇ ਉਤੇ ਜੁਰਮਾਨਾ ਕਰ ਦਿਓ ਵੱਡਾ। ਨਾ ਦੇ ਸਕਿਆ ਤਾਂ ਇਸ ਨੂੰ ਮਾਰ ਦੇਵਾਂਗੇ। ਕੋਰਟ ਵਿਚ ਬੁਲਾ ਲਿਆ। ਬੁਲਾ ਕੇ ਕਹਿਣ ਲੱਗੇ ਕਿ ਤੂੰ ਸਰਕਾਰੀ ਜੰਗਲ ਕੱਟਦਾ ਸੀ। ਤੈਨੂੰ ਵੀਹ ਮੋਹਰਾਂ ਜੁਰਮਾਨਾ ਕੀਤਾ ਜਾਂਦੈ। ਵੀਹ ਸੋਨੇ ਦੇ ਸਿੱਕੇ ਤੇ ਦੋ ਦਿਨ ਦਿਤੇ ਜਾਂਦੇ ਨੇ। ਦੋ ਦਿਨਾਂ ਦੇ ਅੰਦਰ-ਅੰਦਰ ਭਰ ਦੇ ਨਹੀਂ ਤਾਂ ਤੈਨੂੰ ਸਜ਼ਾਏ ਮੌਤ ਮਿਲੇਗੀ।

ਬੜਾ ਉਦਾਸ ਹੋਇਆ। ਮਾਂ ਦੇ ਕੋਲ ਆ ਗਿਆ। ਮਾਂ ਨੇ ਗੱਲ ਸੁਣੀ, ਉਹ ਵੀ ਬਹੁਤ ਉਦਾਸ ਹੋ ਗਈ। ਪੂਰਨ ਪਹੁੰਚੇ ਹੋਏ ਮਹਾਂਪੁਰਸ਼ ਇਸੇ ਪਿੰਡ ਦੇ ਵਿਚ ਸਨ ਤੇ ਸੇਵਾ ਕਰਨ ਮਾਂ ਰੋਜ਼ ਜਾਇਆ ਕਰਦੀ ਸੀ। ਕਦੇ ਆਟਾ ਪੀਂਹਦੀ ਸੀ, ਕਦੇ ਪ੍ਰਸ਼ਾਦੇ ਲਾਹੁੰਦੀ। ਕਦੇ ਬਰਤਨ ਮਾਂਜਦੀ, ਝਾੜੂ ਦਿੰਦੀ, ਪਾਣੀ ਲਿਆ ਕੇ ਛੜਕਾਓ ਕਰਦੀ, ਲੜਕਾ ਵੀ ਨਾਲ

ਲੱਗਿਆ ਰਹਿੰਦਾ। ਦਿਨ ਰਾਤ ਅਖੰਡ ਭਜਨ ਕਰਦੀ ਸੀ। ਇਕ ਸਕਿੰਟ ਨਹੀਂ ਸੀ ਆਉਣ ਦਿੰਦੀ ਜਿਹਦੇ ਵਿਚ ਪ੍ਰਮੇਸ਼ਰ ਦਾ ਨਾਮ ਭੁੱਲ ਜਾਵੇ।

ਮਹਾਤਮਾ ਨੇ ਚਿਹਰਾ ਦੇਖਿਆ ਕਹਿਣ ਲੱਗੇ, ਬੀਬੀ! ਤੂੰ ਅੱਜ ਉਦਾਸ ਕਿਉਂ ਹੈਂ? ਤੇਰਾ ਤਾਂ ਚਿਹਰਾ ਦਗਦਗ ਕਰਦਾ ਹੁੰਦੈ। ਖਿੜਿਆ ਰਹਿੰਦੈ। ਐਨਾ ਗਰੀਬੀ ਦਾ ਤੈਨੂੰ ਦੁਖ ਨਹੀਂ ਹੋਇਆ, ਕਿਹੜੀ ਚਿੰਤਾ ਹੈ ਜਿਹੜੀ ਤੇਰੇ ਮਨ ਵਿਚ ਲਗ ਗਈ? ਕਹਿਣ ਲੱਗੀ, ਮਹਾਰਾਜ! ਆਹ ਗੱਲ ਹੋ ਗਈ। ਰਾਜੇ ਨੇ ਡੰਨ ਲਾ ਦਿਤਾ। ਵੀਹ ਸੋਨੇ ਦੀਆਂ ਮੋਹਰਾਂ ਜੁਰਮਾਨਾ ਕਰ ਦਿਤਾ। ਮੇਰੇ ਕੋਲ ਤਾਂ ਇਕ ਵੀ ਪੈਸਾ ਨਹੀਂ ਹੈ। ਉਹਨੇ ਕਹਿ ਦਿਤਾ ਕਿ ਇਹਨੂੰ ਫਾਂਸੀ ਹੋ ਜਾਏਗੀ ਪਰਸੋਂ ਨੂੰ। ਕਿਤੇ ਹੱਥ ਨਹੀਂ ਪੈਂਦਾ, ਮੈਂ ਸਾਰੇ ਮੰਗ-ਤੁੰਗ ਕੇ ਦੇਖ ਲਿਆ। ਮਹਾਤਮਾ ਅੰਤਰ ਧਿਆਨ ਹੋ ਕੇ ਕਹਿਣ ਲੱਗੇ ਬੀਬਾ! ਤੂੰ ਪ੍ਰਮੇਸ਼ਰ ਦਾ ਭਜਨ ਕਰ, ਭਰੋਸਾ ਰੱਖ। ਇਹਦੇ ਮਸਤਕ ਵਿਚ ਐਸਾ ਲੇਖ ਲਿਖਿਆ ਹੋਇਆ ਹੈ ਪ੍ਰਮੇਸ਼ਰ ਨੇ ਕਿ ਇਹਨੇ ਤਾਂ ਇਸ ਹਫ਼ਤੇ ਦੇ ਵਿਚ ਬਾਦਸ਼ਾਹੀ ਤਖ਼ਤ 'ਤੇ ਬੈਠਣਾ ਹੈ। ਬਚਨ 'ਤੇ ਭਰੋਸਾ ਕਰਿਆ। ਭਜਨ ਕਰਨਾ ਸ਼ੁਰੂ ਕਰ ਦਿਤਾ। ਸਵੇਰ ਵੇਲੇ ਕੋਈ ਬੀਬੀ ਆਈ, ਕਹਿਣ ਲੱਗੀ, ਘਰ ਲਿਪਣਾ ਹੈ। ਜਾਹ, ਜਿਹੜਾ ਨਾਲਾ ਚਲਦੈ ਹੈ, ਇਹਦੇ ਵਿਚੋਂ ਮਿੱਟੀ ਲਿਆ ਕੱਢ ਕੇ ਪਾਂਡੂ। ਉਹ ਚਲੀ ਗਈ ਤੇ ਨਾਲ ਲੜਕਾ ਹੈ, ਜਾਂਦੇ ਹੋਏ ਜਦੋਂ ਕੱਢ ਰਹੇ ਨੇ ਤਾਂ ਹੱਥ 'ਚ ਇਕ ਥੈਲੀ ਆ ਗਈ ਉਹਨਾਂ ਦੇ। ਉਹ ਲੈ ਕੇ ਮਹਾਂਪੁਰਸ਼ਾਂ ਕੋਲ ਆ ਗਏ। ਕਹਿਣ ਲੱਗੇ, ਮਹਾਂਪੁਰਸ਼ੋ! ਆਹ ਪਤਾ ਨਹੀਂ ਕੀ ਹੈ?

ਮਹਾਤਮਾ ਕਹਿਣ ਲੱਗੇ, ਬੀਬਾ! ਪ੍ਰਮੇਸ਼ਰ ਦੀ ਦਿਆਲਤਾ ਹੋ ਗਈ ਹੈ। ਇਹ ਤਾਂ ਬਹੁਤ ਕੀਮਤੀ ਲਾਲ ਨੇ। ਲੱਖਾਂ-ਲੱਖਾਂ ਦਾ ਇਕ-ਇਕ ਲਾਲ ਹੈ। ਜਾਹ, ਰਾਜੇ ਨੂੰ ਦੇ ਦੇਈਂ। ਉਹਨੂੰ ਕਹਿ ਦੇਵੀਂ ਕਿ ਦੋ ਲੈ-ਲੈ ਇਕ ਦੀ ਥਾਂ 'ਤੇ। ਵੀਹ ਮੋਹਰਾਂ ਕੀ ਨੇ, ਇਹ ਤਾਂ ਸੈਂਕੜੇ ਮੋਹਰਾਂ ਤੋਂ ਮਹਿੰਗਾ ਹੈ। ਘਰ ਆ ਗਈ, ਓਧਰ ਸਮਾਂ ਹੋ ਗਿਆ, ਫੇਰ ਰਾਜੇ ਕੋਲ ਚਲੀ ਗਈ, ਦੋ ਲਾਲ ਲੈ ਕੇ। ਕਹਿੰਦੀ ਕਿ ਆਹ ਲੈ ਲਓ ਤੁਸੀਂ? ਮੋਹਰਾਂ ਤਾਂ ਸਾਡੇ ਕੋਲ ਹੈ ਨਹੀਂ। ਰਾਜੇ ਨੇ ਜੌਹਰੀ ਬੁਲਾਇਆ। ਉਹ ਕਹਿਣ ਲੱਗਿਆ ਜੀ, ਇਹ ਤਾਂ ਲੱਖਾਂ ਰੁਪਏ ਦੇ ਨੇ। ਰਾਜਾ ਹੈਰਾਨ ਹੋ ਗਿਆ ਕਿ ਆਹ ਮਾਈ? ਕਿਸੇ ਬਿਪਤਾ ਦੀ ਮਾਰੀ ਛੁਪੀ ਬੈਠੀ ਹੈ। ਇਹ ਤਾਂ ਬਹੁਤ ਅਮੀਰ ਹੈ। ਕਿੰਨੇ ਕੁ ਹਨ ਮਾਈ ਇਹ ਲਾਲ? ਕਹਿੰਦੀ, ਬਹੁਤ ਨੇ। ਗਿਣਤੀ ਤਾਂ ਕਰੀ ਨਹੀਂ। ਸੈਂਕੜਿਆਂ ਤੋਂ ਉਤੇ ਨੇ। ਮਨ ਵਿਚ ਸੋਚਿਆ ਕਿ ਇਹ ਤਾਂ ਬਹੁਤ ਅਮੀਰ ਹੈ। ਉਸੇ ਵੇਲੇ ਲੜਕੀ ਦੀ ਸ਼ਾਦੀ ਕਰਕੇ ਰਾਜ ਗੱਦੀ 'ਤੇ ਬਿਠਾ ਦਿਤਾ। ਮਹਾਰਾਜ ਕਹਿੰਦੇ -

*ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥*
*ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ ॥*
*ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ ॥*
*ਅੰਗ- ੭੦*

ਇਥੇ ਦਾ ਰਾਜ ਹੀ ਨਹੀਂ, ਦਰਗਾਹ ਦਾ ਰਾਜ ਵੀ ਮਿਲ ਜਾਂਦੈ ਉਸ ਨੂੰ। ਸੋ -

*ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥*
*ਅੰਗ- ੭੪*

ਜਿਹੋ ਜਿਹੇ ਲੇਖ ਲਿਖਾ ਕੇ ਆਏ ਹਾਂ। ਉਹ ਤਾਂ ਪਿਆਰਿਓ! ਭੋਗਣੇ ਹੀ ਭੋਗਣੇ ਨੇ। ਜਿਹੜਾ ਕੁਛ ਮਿਲਣਾ ਹੈ ਉਹ ਮਿਲਣਾ ਹੀ ਹੈ। ਫੇਰ ਇਹਦੀ ਚਿੰਤਾ ਕਿਉਂ ਕਰੀਏ -

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ਅੰਗ- ੧੦*

ਫ਼ਿਕਰ ਕਰ ਪ੍ਰਮੇਸ਼ਰ ਦੇ ਨਾਮ ਦਾ। ਉਮਰ ਬੀਤਦੀ ਜਾਂਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਦੁਨੀਆਂ ਦੇ ਵਿਚ ਲਗ ਕੇ ਅਸੀਂ ਆਪਣਾ ਜਨਮ ਬਰਬਾਦ ਕਰ ਲੈਂਦੇ ਹਾਂ। ਦਰਗਾਹ ਦਾ ਸਾਨੂੰ ਚਿੱਤ ਚੇਤਾ ਵੀ ਨਹੀਂ ਰਹਿੰਦਾ ਕਿ ਉਥੇ ਜਾ ਕੇ ਰਹਿਣਾ ਵਸਣਾ ਹੈ। ਉਥੇ ਵੀ ਕੁਛ ਸੰਵਾਰ ਲਈਏ। ਕੋਈ ਵਿਰਲਾ ਬੰਦਾ ਹੀ ਹੈ ਜਿਹੜਾ ਇਸ ਗੱਲ ਨੂੰ ਸਮਝਦਾ ਹੈ।

ਇਕ ਰਾਜ ਦੇ ਵਿਚ ਐਸਾ ਅਸੂਲ ਸੀ ਕਿ ਮਰਜ਼ੀ ਦੇ ਨਾਲ ਰਾਜਾ ਬਣ ਕੇ ਤਖ਼ਤ 'ਤੇ ਬਹਿ ਸਕਦਾ ਸੀ। ਲੇਕਿਨ ਉਸ ਨੂੰ 20 ਸਾਲ ਦੀ ਵਾਰੀ ਮਿਲਦੀ ਸੀ ਉਸ ਤੋਂ ਬਾਅਦ ਉਹਨੂੰ ਲਾਹ ਕੇ ਇਕ ਨਿਰਜਨ ਜਜੀਰਾ ਸੀ, ਟਾਪੂ ਸੀ, ਉਹਦੇ ਵਿਚ ਛੱਡ ਆਉਂਦੇ ਸੀ। ਇਕ ਐਸਾ ਸਮਾਂ ਆਇਆ, ਕੋਈ ਤਖ਼ਤ 'ਤੇ ਨਾ ਬੈਠੇ ਕਿ ਉਥੇ ਜਾਣਾ ਬੜਾ ਔਖਾ ਹੈ।

ਇਕ ਨੌਜਵਾਨ ਆਇਆ, ਵੀਹ ਸਾਲ ਦਾ। ਕਹਿੰਦਾ, ਮੈਂ ਲੈਂਦਾ ਹਾਂ ਤਖ਼ਤ। ਸ਼ਰਤਾਂ ਸੁਣਾ ਦਿਤੀਆਂ, ਮੰਨ ਲਈਆਂ ਉਸ ਨੇ। ਜਦੋਂ ਸਾਲ ਹੋ ਗਿਆ ਰਾਜ ਕਰਦੇ ਨੂੰ। ਉਸ ਵੇਲੇ ਰਾਜ ਪ੍ਰਬੰਧ ਚੰਗੀ ਤਰ੍ਹਾਂ ਹੱਥ ਵਿਚ ਆ ਗਿਆ। ਇੰਜਨੀਅਰ ਬੁਲਾਏ, ਮੀਟਿੰਗ ਕਰੀ। ਕਹਿਣ ਲੱਗਿਆ ਕਿ ਮੈਂ ਉਹ ਟਾਪੂ ਦੇਖਣਾ ਚਾਹੁੰਦਾ ਹਾਂ, ਜਿਥੇ ਮੈਨੂੰ ਵੀਹ ਸਾਲ ਬਾਅਦ ਛੱਡੋਗੇ? ਜਹਾਜ਼ ਦੇ ਵਿਚ ਚਲੇ ਗਏ। ਜਾ ਕੇ ਉਥੇ ਹੁਕਮ ਕਰ ਦਿਤਾ ਕਿ ਇਹਨੂੰ ਆਬਾਦ ਕਰੋ। ਇਥੇ ਪਾਰਕ ਬਣਾਓ, ਫੁਹਾਰੇ ਲਾਓ, ਇਥੇ

ਬਿਲਡਿੰਗਾਂ ਬਣਾਓ। ਇਥੇ ਵਸਣ ਨੂੰ ਥਾਂ ਦਿਓ। ਐਸਾ ਸੁੰਦਰ ਬਣਾਇਆ ਕਿ ਹਰੇਕ ਦਾ ਜੀਅ ਕਰੇ ਕਿ ਮੈਂ ਉਥੇ ਜਾ ਕੇ ਵਸ ਜਾਵਾਂ। ਜਦੋਂ ਸ਼ਰਤ ਪੂਰੀ ਹੋਣ ਵਿਚ ਦੋ-ਤਿੰਨ ਮਹੀਨੇ ਰਹਿ ਗਏ। ਤਾਂ ਕਹਿਣ ਲੱਗਿਆ, ਲਓ ਬਈ ਆਪਣਾ ਨਵਾਂ ਰਾਜਾ ਟੋਲ੍ਹ ਲਓ ਤੇ ਮੇਰਾ ਅਸਤੀਫ਼ਾ ਪਹਿਲਾਂ ਹੀ ਮਨਜ਼ੂਰ ਕਰ ਲਓ। ਮੈਂ ਤਾਂ ਹੁਣ ਉਥੇ ਜਾਂਦਾ ਹਾਂ ਜਿਥੇ ਤੁਸੀਂ ਛਡਦੇ ਹੁੰਦੇ ਹੋਂ। ਉਹ ਕਹਿੰਦੇ, ਹੁਣ ਕੀ ਛੱਡਣੈ? ਉਹ ਤਾਂ ਤੂੰ ਇਹਦੇ ਨਾਲੋਂ ਵੀ ਚੰਗਾ ਬਣਾ ਲਿਆ।

ਸੋ ਜਿਹਨਾਂ ਨੇ ਅਗਾਂਹਾਂ ਦਾ ਪਾਸਾ ਸੰਵਾਰ ਲਿਆ, ਉਹਨਾਂ ਦੇ ਮਨਾਂ 'ਚ ਖੁਸ਼ੀਆਂ ਆ ਜਾਂਦੀਆਂ ਨੇ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ੨੨ ॥*
*ਅੰਗ- ੧੩੬੫*

ਸੋ ਆਹ ਭੁਲੇਖਾ ਖਾ ਕੇ ਆਦਮੀ ਆਪਣਾ ਸਾਰਾ ਸਮਾਂ ਜਿਹੜਾ ਨਸ਼ਟ ਕਰ ਦਿੰਦੈ। ਕਿਸੇ ਕਿਨਾਰੇ 'ਤੇ ਨਹੀਂ ਪਹੁੰਚਦਾ। ਇਹ ਪ੍ਰੇਮੀ ਜਿਹੜਾ ਜੱਗਾ ਸਿੰਘ ਸੀ। ਇਹਦੇ ਮਨ ਦੇ ਅੰਦਰ ਬਹੁਤ ਵੈਰਾਗ ਦੀ ਕਾਂਗ ਉਠੀ। ਗੁਰੂ ਦਸ਼ਮੇਸ਼ ਪਿਤਾ ਦੇ ਚਰਨਾਂ 'ਚ ਗਿਆ, ਪਾਤਸ਼ਾਹ! ਮੇਰੇ ਜੀਵਨ ਦਾ ਉਧਾਰ ਕਰ ਦਿਓ। ਮੈਂ ਤੁਹਾਡੀ ਸ਼ਰਨ ਆਇਆ ਹਾਂ, ਮੈਨੂੰ ਸਿੱਖੀ ਦਾਨ ਦਿਓ। ਮਹਾਰਾਜ ਕਹਿੰਦੇ, ਚੰਗਾ ਸਿੰਘਾ! ਸਿੱਖੀ ਤਾਂ ਬਹੁਤ ਔਖੀ ਹੈ। ਗੁਰੂ ਨੂੰ ਮਨ ਵੇਚਣਾ ਪੈਂਦੈ। ਜਦੋਂ ਤਕ ਮਨ ਨਹੀਂ ਵੇਚਦਾ ਓਨੀਂ ਦੇਰ ਤਕ ਕਾਰਜ ਰਾਸ ਨਹੀਂ ਹੁੰਦਾ -

*ਮਨੁ ਬੇਚੈ ਸਤਿਗੁਰ ਕੈ ਪਾਸਿ ॥ ਅੰਗ- ੨੮੬*

ਸੋ ਸਾਡੇ ਇਹ ਗੱਲ ਸਮਝ ਨਹੀਂ ਆਉਂਦੀ। ਗੱਲੀਂ ਬਾਤੀਂ ਤਾਂ ਅਸੀਂ ਬਹੁਤ ਸਿਆਣੇ ਹਾਂ, ਵਿਦਵਾਨ ਹਾਂ। ਲੇਕਿਨ ਮਨ ਤਾਂ ਵੇਚਦੇ ਹੀ ਨਹੀਂ ਅਸੀਂ, ਗੁਰੂ ਨੂੰ ਦਿੰਦੇ ਹੀ ਨਹੀਂ। ਗੁਰੂ ਕਹਿੰਦੈ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ॥ ਅੰਗ- ੯੧੮*

ਜੋ ਹੁਕਮ ਹੈ, ਆਗਿਆ ਹੈ, ਇਹ ਸਾਰਾ ਸੰਸਾਰ ਹੁਕਮ 'ਚ ਚੱਲ ਰਿਹਾ ਹੈ। ਤੇਰਾ ਜ਼ੋਰ ਨਹੀਂ -

*ਇਸ ਕਾ ਬਲੁ ਨਾਹੀ ਇਸੁ ਹਾਥ ॥*
*ਕਰਨ ਕਰਾਵਨ ਸਰਬ ਕੋ ਨਾਥ ॥*
*ਆਗਿਆਕਾਰੀ ਬਪੁਰਾ ਜੀਉ ॥*
*ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥ ਅੰਗ- ੨੭੭*

ਇਹ ਤਾਂ ਹੁਕਮ ਦੀ ਖੇਡ ਹੋ ਰਹੀ ਹੈ।

*ਹੁਕਮਿ ਰਜਾਈ ਚਲਣਾ*
*ਨਾਨਕ ਲਿਖਿਆ ਨਾਲਿ॥ ਅੰਗ- ੧*

ਤੇਰੇ 'ਚ ਤਾਕਤ ਨਹੀਂ ਕਿ ਤੂੰ ਵਾਹਿਗੁਰੂ ਦੇ ਹੁਕਮ ਨੂੰ ਮੋੜ ਦੇਵੇਂ। ਕੋਈ ਹੋਰ ਸ਼ਕਲ ਦੇ ਦੇਵੇਂ। ਉਹ ਤਾਂ ਜਿਵੇਂ ਨਚਾ ਰਿਹੈ ਇਸ ਤਰ੍ਹਾਂ ਸੰਸਾਰ ਨੱਚ ਰਿਹੈ। ਮੈਂ ਕਰਦਾਂ-ਮੈਂ ਕਰਦਾਂ ਬੰਨ੍ਹ ਰਿਹੈ। ਬੰਨ੍ਹਿਆ ਹੋਇਆ ਕਰਮਾਂ ਦੀ ਸਜ਼ਾ ਭੁਗਤ ਰਿਹੈ। ਉਹ ਵੀ ਹੁਕਮ ਦੀ ਕਿਰਿਆ ਹੋ ਰਹੀ ਹੈ। ਸੋ ਮਹਾਰਾਜ ਕਹਿੰਦੇ, ਪਿਆਰਿਆ! ਮਨ ਦੇ-ਦੇ ਗੁਰੂ ਨੂੰ। ਜਦੋਂ ਤਕ ਤੂੰ ਮਨ ਦਾ ਸੌਦਾ ਨਹੀਂ ਕਰਦਾ, ਤੂੰ ਪਾਰ ਨਹੀਂ ਉਤਰਨਾ।

*ਧਾਰਨਾ - ਮਨ ਵੇਚ ਦੇ ਗੁਰਾਂ ਨੂੰ ਆਪਣਾ,*
*ਕਾਰਜ ਤੇਰੇ ਰਾਸ ਹੋਣਗੇ।*

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥ ਅੰਗ - ੨੮੬*

ਬੜਾ ਹੀ ਸੁਖਾਲਾ ਫਾਰਮੂਲਾ ਹੈ, ਲੇਕਿਨ ਬੜਾ ਹੀ ਔਖਾ ਹੈ। ਕਿਉਂਕਿ ਮਨ ਤੋਂ ਅਸੀਂ ਲਾਂਭੇ ਨਹੀਂ ਹੋ ਸਕਦੇ। ਮਨ ਨਾਲ ਹੀ ਸਾਡਾ ਕੰਮ ਚਲਦੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ- ੩੪੨*

ਮਨ ਦੇਣਾ ਔਖਾ ਹੈ ਰੱਬ ਨੂੰ। ਵੈਸੇ ਤਾਂ ਅਸੀਂ ਕੁਝ ਵੀ ਨਹੀਂ ਦਿੰਦੇ। ਸਾਰਾ ਕੁਝ ਲੈ ਕੇ ਅਸੀਂ ਕੀ ਕਰਦੇ ਹਾਂ। ਲੱਖਾਂ ਰੁਪਏ ਦਾ ਮੁਨਾਫਾ ਹੋ ਗਿਆ। ਉਹ ਪ੍ਰਮੇਸ਼ਰ ਨੇ ਦੇ ਦਿਤਾ ਸਾਨੂੰ -

*ਦੇਦਾ ਦੇ ਲੈਦੇ ਥਕਿ ਪਾਹਿ॥ ਅੰਗ - ੨*

ਉਹਦਾ ਸੁਭਾਅ ਦੇਣਾ ਹੀ ਦੇਣਾ ਹੈ। ਸਾਡਾ ਸੁਭਾਅ ਹੈ ਸਵੇਰੇ ਹੀ ਉਠ ਕੇ ਦੇਹ-ਦੇਹ-ਦੇਹ-ਦੇਹ, ਮੈਨੂੰ ਆਹ ਵੀ ਦੇ। ਆਹ ਵੀ ਦੇ ਦੇ। ਕਿਤੇ ਤਾਂ ਕਿਨਾਰਾ ਹੋਵੇ। ਕਿਤੇ ਖੜ੍ਹ ਜਾਵੇ ਖੜ੍ਹਦਾ ਹੀ ਨਹੀਂ ਹੈ। ਸਾਰੀ ਜ਼ਿੰਦਗੀ ਕਹੀ ਜਾਂਦੈ ਦੇ-ਦੇ। ਦੇਣ ਵਾਲਾ ਦੇਈ ਜਾਂਦੈ, ਲੈਣ ਵਾਲੇ ਥੱਕ ਕੇ ਸੰਸਾਰ ਤੋਂ ਤੁਰ ਜਾਂਦੇ ਨੇ -

*ਜੁਗਾ ਜੁਗੰਤਰਿ ਖਾਹੀ ਖਾਹਿ॥ ਅੰਗ- ੨*

ਜੁਗਾਂ ਜੁਗਾਤਰਾਂ ਤੋਂ ਦਿੰਦਾ ਚਲਿਆ ਜਾ ਰਿਹੈ। ਲੇਕਿਨ ਉਹ ਇਕ ਚੀਜ਼ ਮੰਗਦੈ ਕਿ ਜੇ ਤੂੰ ਇਹਨਾਂ ਦੁਖਾਂ ਤੋਂ ਛੁਟਕਾਰਾ ਪਾਉਣੈ ਤਾਂ ਮੈਨੂੰ ਇਕ ਚੀਜ਼ ਦੇ-ਦੇ। ਜਿਹੜਾ ਹੈ ਤੇਰਾ ਮਨ, ਇਹ ਮਨ ਦੇ-ਦੇ।

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਸੋ ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ, ਗੁਰ ਸਤੋਤਰ 'ਚ ਬੋਲੋ।

ਅਰਦਾਸ, ਹੁਕਮਨਾਮਾ।

# ਐਸੇ ਜਨ ਵਿਰਲੇ ਸੰਸਾਰੇ

**ਸਤਿਕਾਰਯੋਗ ਬੀਜੀ (ਮਾਤਾ ਰਣਜੀਤ ਕੌਰ ਜੀ) ਦੇ ਜਨਮ ਦਿਹਾੜੇ ਨੂੰ ਸਮਰਪਿਤ**

*ਸੰਤ ਬਾਬਾ ਲਖਬੀਰ ਸਿੰਘ ਜੀ*
*ਮੌਜੂਦਾ ਮੁਖੀ, ਟਰੱਸਟ ਰਤਵਾੜਾ ਸਾਹਿਬ*

*ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥*
*ਨਾਨਕ ਦਾਸੁ ਇਹੈ ਸੁਖੁ ਮਾਗੈ*
*ਮੋ ਕਉ ਕਰਿ ਸੰਤਨ ਕੀ ਧੂਰੇ ॥ ਅੰਗ - ੧੩*

*ਤੇਰਾ ਰੂਪੁ ਅਗੰਮੁ ਹੈ ਅਨੂਪੁ ਤੇਰਾ ਦਰਸਾਰਾ ॥*
*ਹਉ ਕੁਰਬਾਣੀ ਤੇਰਿਆ ਸੇਵਕਾ*
*ਜਿਨ੍ ਹਰਿ ਨਾਮੁ ਪਿਆਰਾ ॥ ਅੰਗ - ੭੪੭*

*ਇਹੁ ਤਨੁ ਮਾਇਆ ਪਾਹਿਆ*
*ਪਿਆਰੇ ਲੀਤੜਾ ਲਬਿ ਰੰਗਾਏ ॥*
*ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ*
*ਕਿਉ ਧਨ ਸੇਜੈ ਜਾਏ ॥ ੧ ॥*
*ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥*
*ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥*
*ਲੈਨਿ ਜੋ ਤੇਰਾ ਨਾਉ ਤਿਨਾ ਕੈ*
*ਹੰਉ ਸਦ ਕੁਰਬਾਨੈ ਜਾਉ ॥ ੧ ॥ ਰਹਾਉ ॥*
*ਕਾਇਆ ਰੰਙਣਿ ਜੇ ਥੀਐ ਪਿਆਰੇ*
*ਪਾਈਐ ਨਾਉ ਮਜੀਠ ॥*
*ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥ ੨ ॥*
*ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥*
*ਧੂੜਿ ਤਿਨਾ ਕੀ ਜੇ ਮਿਲੈ ਜੀ*
*ਕਹੁ ਨਾਨਕ ਕੀ ਅਰਦਾਸਿ ॥ ੩ ॥*
*ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥*
*ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ*
*॥ ੪ ॥ ੧ ॥ ੩ ॥ ਅੰਗ - ੭੨੨*

ਗੁਰੂ ਪਿਆਰੀ ਸਾਧਸੰਗਤ ਜੀਉ! ਆਓ! ਸਭ ਮਾਈ ਭਾਈ, ਖੰਡਾਂ-ਬ੍ਰਹਿਮੰਡਾਂ ਦੇ ਮਾਲਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਸੀਸ ਝੁਕਾਈਏ, ਹੱਥ ਜੋੜ ਕੇ ਫਤਹਿ ਦਾ ਸਿਮਰਨ ਕਰੀਏ ਜੀ -

*ਵਾਹਿਗੁਰੂ ਜੀ ਕਾ ਖ਼ਾਲਸਾ,*
*ਵਾਹਿਗੁਰੂ ਜੀ ਕੀ ਫ਼ਤਹਿ।*

ਅੱਜ ਇਸ ਪਾਵਨ ਅਸਥਾਨ 'ਤੇ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਸਤਿਕਾਰ ਯੋਗ ਬੀਜੀ, ਉਹਨਾਂ ਦਾ ਪਵਿੱਤਰ ਜਨਮ ਦਿਹਾੜਾ, ਗੁਰਮਤਿ ਸਮਾਗਮ ਦੇ ਰੂਪ ਵਿਚ, ਸ਼ਰਧਾ, ਪਿਆਰ ਅਤੇ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਅੰਮ੍ਰਿਤ ਵੇਲੇ ਤੋਂ ਗੁਰੂ ਪਿਆਰੀਆਂ ਸੰਗਤਾਂ ਹਾਜ਼ਰੀਆਂ ਭਰ ਰਹੀਆਂ ਹਨ।

ਆਓ, ਸਤਿਕਾਰਯੋਗ ਬੀਜੀ ਜਿਨ੍ਹਾਂ ਦੇ ਜੀਵਨ ਬਾਰੇ ਆਪ ਜੀਆਂ ਨੇ ਸਾਰਿਆਂ ਪਾਸੋਂ ਉਹਨਾਂ ਦੇ ਜੀਵਨ ਦੇ ਅਮੋਲਕ ਬਚਨ, ਨਿਰਮਲ ਜੀਵਨ ਬਾਰੇ ਸਰਵਣ ਕੀਤਾ ਹੈ।

ਗੁਰੂ ਘਰ ਵਿਚ ਮਾਤਾਵਾਂ, ਬੀਬੀਆਂ ਦੀ ਸੇਵਾ, ਸਿਮਰਨ, ਕੁਰਬਾਨੀਆਂ, ਤਿਆਗ; ਇਤਿਹਾਸ ਭਰਿਆ ਪਿਆ ਹੈ। ਮੇਰੇ ਸ੍ਰੀ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਜੀ ਨੇ ਜਿੱਥੇ ਬਰਾਬਰਤਾ ਦਿਤੀ ਹੈ ਤੇ ਮਾਤਾਵਾਂ ਬੀਬੀਆਂ ਨੇ ਵੀ ਕੋਈ ਕਸਰ ਨਹੀਂ ਛੱਡੀ। ਹਰ ਸਮੇਂ ਜਦੋਂ ਅਸੀਂ ਇਤਿਹਾਸ ਪੜ੍ਹਦੇ ਅਤੇ ਸੁਣਦੇ ਹਾਂ ਇਹ ਗੁਰੂ ਕੇ ਖਾਲਸੇ ਨੇ ਕੁਰਬਾਨੀਆਂ ਸੰਸਾਰ ਦੇ ਭਲੇ ਵਾਸਤੇ, ਦੇਸ਼, ਕੌਮ, ਧਰਮ ਵਾਸਤੇ, ਗਊ ਗਰੀਬ ਦੀ ਰੱਖਿਆ ਵਾਸਤੇ, ਅਨੇਕਾਂ ਦਿਤੀਆਂ ਨੇ। ਉਹਦੇ ਵਿਚ ਮਾਤਾਵਾਂ, ਬੀਬੀਆਂ ਦਾ ਵੀ ਜ਼ਿਕਰ ਆਉਂਦਾ ਹੈ ਸਾਧਸੰਗਤ ਜੀ। ਕਿਉਂਕਿ ਇਹ ਕ੍ਰਿਪਾ ਸ੍ਰੀ ਗੁਰੂ ਨਾਨਕ ਸਾਹਿਬ, ਦਸਮ ਪਾਤਸ਼ਾਹ ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਹੈ।

ਕੁਝ ਹੋਰ ਧਰਮਾਂ ਦੇ ਵਿਚ ਇਕ ਐਸਾ ਖਿਆਲ ਜਿਹੜਾ ਹੈ, ਉਹ ਪ੍ਰਬਲ ਹੈ, ਪ੍ਰਚਲਤ ਹੈ ਜਿਹੜਾ ਗੁਰਮਤਿ ਨਾਲ ਮੇਲ ਨਹੀਂ ਖਾਂਦਾ ਕਿ ਜਿਸ ਦਾ ਸਰੀਰ ਬੀਬੀ ਦਾ ਹੈ, ਉਹਦੀ ਮੁਕਤੀ ਨਹੀਂ ਹੁੰਦੀ। ਇਹ ਉਹਨਾਂ ਵਿਚ ਪ੍ਰਚਲਿਤ ਹੈ। ਪਰ ਸ੍ਰੀ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਬਰਾਬਰਤਾ ਹੈ। ਸਰੀਰ ਚਾਹੇ ਬੀਬੀ ਦਾ ਹੈ, ਚਾਹੇ ਭਾਈ ਦਾ ਹੈ, ਉਹ ਮਨੁੱਖ ਜਨਮ ਹੈ। ਧਿਆਨ ਦੇਣਾ, ਸਰੀਰ ਦਾ ਮੂਲ ਮਨ ਹੈ, ਮਨ ਦਾ ਮੂਲ ਆਤਮਾ ਹੈ ਤੇ ਆਤਮਾ ਦਾ ਮੂਲ ਪ੍ਰਮਾਤਮਾ ਹੈ। ਗਿਆਨ ਕਿਸ ਨੂੰ ਹੁੰਦੈ? ਗਿਆਨ ਸਰੀਰ ਨੂੰ ਨਹੀਂ ਹੁੰਦਾ, ਗਿਆਨ ਹੁੰਦੈ ਸੁਰਤ ਨੂੰ ਤੇ ਸੁਰਤ ਸਭ ਵਿਚ ਇਕੋ ਜਿਹੀ ਹੈ। ਆਤਮਾ ਸਾਰਿਆਂ ਵਿਚ ਇਕ ਹੈ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*

*ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ - ੬੧੦*
*ਸਭ ਮਹਿ ਜੋਤਿ ਜੋਤਿ ਹੈ ਸੋਇ ॥*
*ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਅੰਗ - ੧੩*

ਸਤਿਕਾਰਯੋਗ ਬੀਜੀ ਜਿਨ੍ਹਾਂ ਨੂੰ ਅਕਾਲ ਪੁਰਖ ਵਾਹਿਗੁਰੂ ਜੀ ਨੇ ਮਨੁੱਖ ਸਰੀਰ ਦਿਤਾ ਤੇ ਆਪ ਜੀ ਦੇ ਗੁਰੂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਪਿਤਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਤੇ ਮਾਤਾ, ਮਾਤਾ ਸਾਹਿਬ ਕੌਰ ਜੀ ਵੱਡੀ ਬਖਸ਼ਿਸ਼ ਹੈ। ਹੋਰ ਬਖਸ਼ਿਸ਼ਾਂ ਅਕਾਲ ਪੁਰਖ ਦੀਆਂ ਕਿੰਨੀਆਂ ਹੀ ਨੇ ਕਿ ਆਪ ਜੀ ਦੇ ਸਰੀਰ ਦੇ ਪਿਤਾ ਬ੍ਰਹਮ ਗਿਆਨੀ ਮਹਾਂਪੁਰਸ਼ ਸੰਤ ਬਾਬਾ ਹੀਰਾ ਸਿੰਘ ਜੀ ਸੀ। ਇਥੇ ਹੀ ਬਸ ਨਹੀਂ ਆਪ ਜੀ ਦੇ ਪਤੀ ਬ੍ਰਹਮ ਗਿਆਨੀ, ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ ਤੇ ਜਿਨ੍ਹਾਂ ਨੂੰ ਸੰਗਤ ਪ੍ਰਾਪਤ ਹੋਈ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦੀ। ਜਿਨ੍ਹਾਂ ਦਾ ਸੰਸਾਰ ਵਿਚ ਸੂਰਜ ਵਾਂਗੂੰ ਨਾਮ ਚਮਕਦਾ ਹੈ ਸਾਧਸੰਗਤ ਜੀ।

ਰਾੜਾ ਸਾਹਿਬ ਇਕ ਵਾਰੀ ਸੰਤ ਸਮਾਜ ਦੀ ਮੀਟਿੰਗ ਹੋਈ ਸੀ ਤੇ ਬਹੁਤ ਸੰਤ ਸਨ ਉਥੇ। ਉਥੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਭਾਈ ਸਾਹਿਬ ਭਾਈ ਜਸਵੀਰ ਸਿੰਘ ਜੀ ਜਦੋਂ ਬੋਲੇ ਤਾਂ ਉਹਨਾਂ ਨੇ ਕੀ ਕਿਹਾ? ਉਹਨਾਂ ਨੇ ਕਿਹਾ ਕਿ ਅਸੀਂ 'ਤੇ ਆਮ ਹੀ ਸਮਝਦੇ ਸੀ ਕਿ ਚਿੱਟਿਆਂ ਚੋਲਿਆਂ ਵਾਲੇ ਨੇ ਪਰ ਜਦੋਂ ਇਤਿਹਾਸ ਪੜ੍ਹਿਐ, ਕਿਉਂਕਿ 'ਆਤਮ ਮਾਰਗ' ਦੇ ਵਿਚ 'ਨੌਂ ਰਤਨ' ਪੁਸਤਕ ਵਿਚ ਹੋਰ ਵੀ ਮਹਾਂਪੁਰਸ਼ਾਂ ਦੇ ਜੀਵਨ ਆਏ ਨੇ। ਕਹਿੰਦੇ, ਜਦੋਂ ਹੁਣ ਇਤਿਹਾਸ ਪੜ੍ਹਿਐ ਤਾਂ ਪਤਾ ਲੱਗਿਆ ਕਿ ਇਹ ਯੋਧਿਆਂ ਤੇ ਸੂਰਮਿਆਂ ਦੀ ਸੰਪਰਦਾ ਹੈ। ਧੰਨ-ਧੰਨ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਮਹਾਰਾਜ, ਪੰਜਾਂ ਪਿਆਰਿਆਂ ਦੇ ਮੁਖੀ, ਉਹਨਾਂ ਤੋਂ ਇਹ ਸੰਪਰਦਾ, ਦਸਮ ਪਾਤਸ਼ਾਹ ਦੀ ਕ੍ਰਿਪਾ ਨਾਲ ਚਲਦੀ ਆ ਰਹੀ ਹੈ ਕਿਉਂਕਿ ਸਾਰੇ ਖਾਲਸੇ ਹਨ। ਸਾਰਿਆਂ ਦੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ। ਅੱਡ-ਅੱਡ ਸੇਵਾ ਲੱਗੀ ਹੈ ਸਭ ਦੀ। ਕਹਿੰਦੇ, ਇਹਨਾਂ ਵਿਚ ਬਾਬਾ ਸਾਹਿਬ ਸਿੰਘ ਜੀ ਊਨਾ ਸਾਹਿਬ ਵਾਲੇ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ, ਬਾਬਾ ਮਹਾਰਾਜ ਸਿੰਘ ਜੀ, ਜਿਨ੍ਹਾਂ ਨੇ ਅੰਗਰੇਜ਼ਾਂ ਦੇ ਛੱਕੇ ਛੁਡਾਏ। ਧਿਆਨ ਨਹੀਂ ਸੀ ਕਦੇ ਦਿਤਾ ਉਹਨਾਂ 'ਤੇ। ਐਸੇ ਸੂਰਬੀਰ ਯੋਧੇ ਹੋਏ ਨੇ।

ਇਕ ਵਾਰੀ ਇਕ ਅੰਗਰੇਜ਼ ਜੋੜਾ ਰਾੜਾ ਸਾਹਿਬ ਆਇਆ। ਉੱਚੀ ਮੰਗਲੀ ਵਾਲੇ ਮਹਾਂਪੁਰਸ਼ ਸੰਤ ਨਿਰੰਜਨ ਸਿੰਘ ਜੀ ਉਥੇ ਸੇਵਾ ਕਰਦੇ ਸਨ। ਉਹਨਾਂ ਨੂੰ ਮਿਲੇ। ਕਹਿਣ ਲੱਗੇ, ਸਾਡੇ ਪਰਿਵਾਰ ਦਾ ਇਕ ਜੀਅ ਵਿਛੜ ਗਿਆ। ਸਾਡੇ ਅੰਦਰ ਉਸ ਲਈ ਵੈਰਾਗ ਹੈ, ਜਿਹੜਾ ਸੁਣਦਾ ਸੀ, ਬੋਲਦਾ ਸੀ, ਹਰ ਕੰਮ ਸਾਡੇ ਨਾਲ ਕਰਦਾ ਸੀ, ਉਹ ਰੂਹ ਕਿੱਥੇ ਗਈ? ਅਸੀਂ ਭਾਈ ਹਰਭਜਨ ਸਿੰਘ ਯੋਗੀ ਕੋਲ ਚਲੇ ਗਏ। ਉਹਨਾਂ ਨੇ ਸਾਨੂੰ ਕੁਝ ਸਾਧਨ ਕਰਾਏ, ਪ੍ਰਾਣਾਯਾਮ ਕਰਾਇਆ। ਅਸੀਂ ਕਿਹਾ ਕਿ ਅੱਗੇ ਦੱਸੋ? ਭਾਈ ਹਰਭਜਨ ਸਿੰਘ ਯੋਗੀ ਨੇ ਅਮਰੀਕਾ ਵਿਚ ਕਿੰਨੇ ਅੰਗਰੇਜ਼ਾਂ ਨੂੰ ਅੰਮ੍ਰਿਤ ਛਕਾਇਆ ਹੈ। ਤਾਂ ਭਾਈ ਹਰਭਜਨ ਸਿੰਘ ਯੋਗੀ ਨੇ ਕਿਹਾ ਕਿ ਜੇ ਨਾਮ ਦੀ ਗੱਲ ਪੁੱਛਣੀ ਹੈ ਤਾਂ ਰਾੜਾ ਸਾਹਿਬ ਦੀ ਸੰਪਰਦਾ ਦੇ ਮਹਾਂਪੁਰਸ਼ਾਂ ਨੂੰ ਮਿਲੋ।

ਨਾਮਧਾਰੀ ਮਹਾਂਪੁਰਸ਼ਾਂ ਦੇ ਮੁਖੀ ਬਾਬਾ ਪ੍ਰਤਾਪ ਸਿੰਘ ਜੀ ਕੋਲ ਸੰਗਤ ਬਚਨ ਕਰ ਰਹੀ ਸੀ ਕਿ ਕੋਈ ਹੋਰ ਮਹਾਂਪੁਰਸ਼ਾਂ ਦੇ ਦਰਸ਼ਨ ਕਰਾਓ। ਕਹਿੰਦੇ, ਰਾੜਾ ਸਾਹਿਬ ਜਾਓ। ਸੰਗਤ ਕਹਿਣ ਲੱਗੀ ਕਿ ਤੁਸੀਂ ਘੱਟ ਹੋਂ ਕਿਸੇ ਨਾਲੋਂ? ਤੁਸੀਂ ਸਾਡੇ ਕੋਲ ਰਾੜਾ ਸਾਹਿਬ ਮਹਾਂਪੁਰਸ਼ਾਂ ਦੀ ਸਿਫ਼ਤ ਕਰਦੇ ਹੋ, ਤੁਸੀਂ ਕਿਹੜਾ ਕਿਸੇ ਨਾਲੋਂ ਘੱਟ ਹੋ ਤੇ ਬਾਬਾ ਪ੍ਰਤਾਪ ਸਿੰਘ ਜੀ ਨੇ ਕੀ ਕਿਹਾ? ਉਹਨਾਂ ਨੇ ਕਿਹਾ ਕਿ ਇਕ ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਹਨ ਕਿ ਨਾ ਕਿਸੇ ਦੀ ਨਿੰਦਿਆ ਕਰਦੇ ਹਨ, ਨਾ ਕਿਸੇ ਦੀ ਨਿੰਦਿਆ ਸੁਣਦੇ ਹਨ। ਜਾਓ ਉਹਨਾਂ ਦੇ ਦਰਸ਼ਨ ਕਰਕੇ ਆਓ।

ਇਹ ਮੈਂ ਬੇਨਤੀ ਤਾਂ ਕੀਤੀ ਹੈ ਕਿ ਆਪਣੇ ਪਿਆਰੇ ਮਹਾਂਪੁਰਸ਼ ਤੇ ਸਤਿਕਾਰਯੋਗ ਬੀਜੀ ਨੂੰ ਉਹਨਾਂ ਬ੍ਰਹਮ ਗਿਆਨੀ ਮਹਾਂਪੁਰਸ਼ਾਂ ਦੀ ਸੰਗਤ ਪ੍ਰਾਪਤ ਹੋਈ। ਗੁਰੂ ਦੇ ਪਿਆਰ ਵਿਚ ਉਹਨਾਂ ਨੇ ਆਪਣਾ ਜੀਵਨ ਰੰਗਿਆ ਹੋਇਆ ਸੀ। ਇਕ ਜੀਵਨ ਹੁੰਦੈ ਆਪਣੇ ਵਾਸਤੇ, ਰੱਬ ਦੇ ਪਿਆਰਿਆਂ ਦਾ ਜੀਵਨ ਹੁੰਦੈ ਦੂਸਰਿਆਂ ਵਾਸਤੇ। ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਘਰ ਵਿਚ ਪਿਆਰੇ ਮਹਾਂਪੁਰਸ਼ਾਂ ਦਾ ਬਚਨ ਹੈ ਕਿ ਜੀਵਨ ਹੀ ਪ੍ਰਚਾਰ ਹੈ। ਇਥੇ ਕਥਨੀ ਪ੍ਰਧਾਨ ਨਹੀਂ ਕਰਨੀ ਪ੍ਰਧਾਨ ਹੈ। ਮਹਾਂਪੁਰਸ਼ ਗੁਰੂ ਕੇ ਪਿਆਰੇ, ਗੁਰਮੁਖ, ਸੰਤ, ਗੁਰਸਿੱਖ ਦੁਨੀਆਂ ਦੇ ਕਿਸੇ ਕੋਨੇ 'ਤੇ ਵੀ ਹੋਣ, ਚਾਹੇ ਖੇਤੀ ਕਰਦੇ ਨੇ, ਦੁਕਾਨ ਕਰਦੇ ਨੇ, ਨੌਕਰੀ ਕਰਦੇ ਨੇ, ਵਪਾਰ ਕਰਦੇ ਨੇ, ਉਹਨਾਂ ਦਾ ਸੱਚਾ-ਸੁੱਚਾ ਜੀਵਨ ਹੀ ਪ੍ਰਚਾਰ ਬਣ ਜਾਂਦਾ ਹੈ।

ਇਕ ਰੂਹਾਨੀ ਜੀਵਨ ਪਿਆਰੇ ਮਹਾਂਪੁਰਸ਼ਾਂ ਦਾ ਹੈ ਤੇ ਸਤਿਕਾਰਯੋਗ ਬੀਜੀ ਦਾ ਵੀ ਹੈ। ਆਪ ਜੁੜੇ ਤੇ ਦੂਸਰਿਆਂ ਨੂੰ ਜੋੜਿਆ -

*ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥ ਅੰਗ - ੨੮੯*

ਇਹ ਗੁਰੂ ਦਾ ਹੁਕਮ ਹੈ। ਮੇਰੇ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਕਿੰਨੀ ਵਡਿਆਈ ਦਿੰਦੇ ਨੇ-

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - ੩੦੬*

ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਬਚਨ ਆਉਂਦੈ -

*ਐਸੇ ਜਨ ਵਿਰਲੇ ਸੰਸਾਰੇ ॥ ਅੰਗ - ੧੦੩੯*

ਉਸ ਤਰ੍ਹਾਂ ਤਾਂ ਬਹੁਤ ਨੇ ਪਰ ਵਿਰਲੇ ਨੇ। ਕਿਹੜੇ ਵਿਰਲੇ ਨੇ?-

*ਐਸੇ ਜਨ ਵਿਰਲੇ ਸੰਸਾਰੇ ॥*
*ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥*
*ਆਪਿ ਤਰਹਿ ਸੰਗਤਿ ਕੁਲ ਤਾਰਹਿ*
*ਤਿਨ ਸਫਲ ਜਨਮੁ ਜਗਿ ਆਇਆ ॥ ਅੰਗ - ੧੦੩੯*

ਉਹਨਾਂ ਦਾ ਸੰਸਾਰ 'ਤੇ ਆਉਣਾ ਸਫਲ ਹੈ। ਆਪ ਜੁੜੇ ਤੇ ਦੂਸਰਿਆਂ ਨੂੰ ਗੁਰੂ ਸ਼ਬਦ ਨਾਲ ਜੋੜਿਆ। ਇਸ ਇਲਾਕੇ ਵਿਚ ਜਦੋਂ ਘੁੰਮਦੇ ਸੀ, ਕਹਿਣਾ ਭਾਈ! ਆਹ ਗੁੱਗੇ ਮਾੜੀਆਂ ਨੂੰ ਨਾ ਮੰਨੋ। ਜਦੋਂ ਕਈਆਂ ਨੇ ਉਹਨਾਂ ਨੂੰ ਮਾਤਾ ਜੀ ਕਹਿਣਾ, ਉਹਨਾਂ ਨੇ ਹੱਸ ਕੇ ਕਹਿਣਾ ਕਿ ਮੈਨੂੰ ਨਾ ਮਾਤਾ ਰਾਣੀ ਕਿਤੇ ਬਣਾ ਦਿਓ। ਦੇਖੋ, ਕਿੰਨਾਂ ਧਿਆਨ ਰੱਖਦੇ ਸੀ ਅੱਖਰ-ਅੱਖਰ ਦਾ ਤਾਂ ਹੀ ਸਤਿਕਾਰ ਨਾਲ 'ਬੀਜੀ' ਕਿਹਾ ਕਰਦੇ ਸੀ ਉਹਨਾਂ ਨੂੰ। ਸਤਿਗੁਰੂ ਦੀ ਬਾਣੀ ਦਾ ਬਚਨ ਆਉਂਦੈ ਕਿ ਪਹਿਲਾਂ ਆਪ ਜੁੜਨਾ, ਆਪ ਕਮਾਈ ਕਰਨੀ ਤੇ ਫੇਰ ਦੂਸਰਿਆਂ ਨੂੰ ਜੋੜਨਾ। ਆਪ ਜੀ ਦਾ ਜੀਵਨ -

*ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥*
*ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥*
*ਅੰਗ - ੭੮੮*

ਜੋਤ, ਪ੍ਰਕਾਸ਼, ਗਿਆਨ -

*ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥*
*ਪਾਤਸ਼ਾਹੀ ੧੦*

ਸਰੀਰ ਦੋ ਨੇ, ਵਿਚਾਰ ਇਕ ਹੈ। ਗਿਆਨ ਇਕ ਹੈ। ਉਹ ਹੈ ਗੁਰਮਤਿ ਦਾ ਗਿਆਨ। ਗੁਰਮਤਿ ਦਾ ਪ੍ਰਚਾਰ। ਸਾਹਿਬ ਕਹਿੰਦੇ, ਸਰੀਰ ਕਰਕੇ ਨੇੜੇ ਬੈਠਣ ਨੂੰ ਹੀ 'ਧਨ ਪਿਰੁ' ਨਹੀਂ ਕਹਿੰਦੇ। 'ਧਨ ਪਿਰੁ' ਉਹ ਹਨ ਸਰੀਰ ਦੋ ਜੋਤ ਇੱਕੋ ਹੈ। ਜੇ ਪਿਆਰੇ ਮਹਾਂਪੁਰਸ਼ ਸਿੰਧ ਵਿਚ ਰਹਿੰਦੇ ਸੀ, ਬੀਜੀ ਪਿੱਛੇ ਨੇ, ਬਾਅਦ ਵਿਚ ਗਏ ਨੇ ਉਥੇ। ਜੇ ਨਾਲ ਰਹੇ ਨੇ ਤਾਂ ਵੀ ਪ੍ਰਚਾਰ ਕੀਤਾ ਹੈ। ਜੇਕਰ ਆਰਮੀ ਵਿਚ ਰਹੇ, ਤਾਂ ਵੀ ਕਿਵੇਂ ਸਾਥ ਦਿਤਾ। ਚੰਡੀਗੜ੍ਹ ਸੈਕਟਰੀਏਟ ਡਿਊਟੀ ਸੀ ਮਹਾਂਪੁਰਸ਼ਾਂ ਦੀ, ਬੀਜੀ ਨੇ ਸਾਥ ਦਿਤਾ, ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਨੂੰ ਲਿਆ ਕੇ, ਆਪ ਸਾਰੇ ਪ੍ਰਬੰਧ ਕਰਨੇ, ਖਰਚ ਕਰਨੇ ਤੇ ਮਹਾਂਪੁਰਸ਼ਾਂ ਦੇ ਦੀਵਾਨ ਸਜਾਉਣੇ। ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਜਦੋਂ ਰਾਤ ਨੂੰ ਥੋੜ੍ਹਾ ਸਮਾਂ ਅਰਾਮ ਕਰਦੇ ਸੀ, ਬਾਹਰਲੇ ਪਾਸੇ ਮਹਾਂਪੁਰਸ਼ ਤੇ ਬੀਜੀ ਲੰਮੇ ਪੈ ਜਾਂਦੇ ਸੀ। ਕਿਉਂ? ਕਿਉਂਕਿ ਥੱਕੇ ਹੁੰਦੇ ਸੀ ਕਿ ਇਹ ਨਾ ਹੋਵੇ ਅਸੀਂ ਸੁੱਤੇ ਰਹਿ ਜਾਈਏ। ਮਹਾਂਪੁਰਸ਼ਾਂ ਦਾ ਨਿਤਨੇਮ ਹੈ, 2 ਵਜੇ ਉਹਨਾਂ ਨੇ ਇਸ਼ਨਾਨ ਕਰਨਾ ਹੈ। ਅਸੀਂ ਸੁੱਤੇ ਹੀ ਨਾ ਰਹੀਏ। ਯੂ.ਪੀ ਦੇ ਵਿਚ 12 ਸਾਲ ਘਰ ਨੂੰ ਤਾਲਾ ਮਾਰ ਕੇ, ਉਹਨਾਂ ਸਮਿਆਂ ਵਿਚ ਸੜਕਾਂ ਪੱਕੀਆਂ ਨਹੀਂ ਸੀ ਹੁੰਦੀਆਂ, ਕੱਚੇ ਰਾਹ ਹੁੰਦੇ ਸੀ, ਤੇ ਕਈ ਜਗ੍ਹਾਂ ਪੈਦਲ ਚੱਲ-ਚੱਲ ਕੇ ਵੀ ਬੀਜੀ ਨੇ ਨਾਲ ਜਾਣਾ ਅਤੇ ਬਚਨ ਜਿਹੜਾ ਲਿਆ ਸੀ ਕਿ ਹੱਥ ਅੱਗੇ ਨਹੀਂ ਕਰਨਾ, ਭਾਵ ਕਿਸੇ ਕੋਲੋਂ ਮੰਗਣਾ ਨਹੀਂ। ਦੇਣਾ ਹੈ ਲੈਣਾ ਨਹੀਂ ਹੈ। ਇਹਦਾ ਭਾਵ ਬੜਾ ਗਹਿਰਾ ਹੈ ਕਿਉਂਕਿ ਗ੍ਰਿਹਸਤ ਪ੍ਰਧਾਨ ਤਾਂ ਹੀ ਜੇ ਉਹ ਧਰਮ ਦਸ ਗੁਣ ਧਾਰਨ ਕਰਦੈ। ਜੇ ਸਾਰੇ ਭਿੱਖਸ਼ੂ ਬਣ ਜਾਂਦੇ ਤਾਂ ਸੰਸਾਰ ਦਾ ਹਾਲ ਕੀ ਹੁੰਦਾ। ਵੱਡੇ-ਵੱਡੇ ਰਾਜੇ, ਗੋਰਖ ਨਾਥ ਦੇ ਚੇਲੇ, ਰਾਜਕੁਮਾਰਾਂ ਨੇ ਰਾਜ ਛੱਡ ਦਿਤੇ। ਘਰ ਛੱਡ ਦਿਤੇ। ਪਰ ਉਹਨਾਂ ਦਾ ਹਾਲ ਕੀ ਹੋਇਆ -

*ਰੋਵਹਿ ਰਾਜੇ ਕੰਨ ਪੜਾਇ ॥*
*ਘਰਿ ਘਰਿ ਮਾਗਹਿ ਭੀਖਿਆ ਜਾਇ ॥ ਅੰਗ- ੯੫੪*

ਸਤਿਕਾਰਯੋਗ ਬੀਜੀ ਕਹਿੰਦੇ, ਅਸੀਂ ਆਪਣੀ ਕਿਰਤ ਕਮਾਈ ਕਰਕੇ, ਉਹਦੇ ਵਿਚੋਂ ਸੇਵਾ ਕਰਨੀ ਹੈ। ਵੰਡ ਛਕਣਾ ਹੈ।

ਸੰਤ ਬਾਬਾ ਕਲਿਆਣ ਸਿੰਘ ਜੀ, ਉਦਾਸੀ ਸਾਧੂ ਸਨ। ਮਹਾਂਪੁਰਸ਼ਾਂ ਦੀ ਪ੍ਰੇਰਨਾ ਨਾਲ ਬਾਅਦ ਵਿਚ ਉਹਨਾਂ ਨੇ ਅੰਮ੍ਰਿਤ ਛਕਿਆ। ਨਿਰਮਲੇ ਸਾਧੂਆਂ ਨਾਲ ਰਹੇ, ਆਪ ਸਾਧਨ ਵੀ ਕਰਦੇ ਰਹੇ। ਪਹਿਲੀ ਵਾਰ ਜਦੋਂ ਸੰਤ ਸਾਮਗਮ ਵਿਚ ਲਗਾਤਾਰ 77 ਘੰਟੇ ਕਥਾ ਕੀਰਤਨ ਹੋਇਐ। ਭਾਈ ਰਣਧੀਰ ਸਿੰਘ ਜੀ ਨਗਰ ਲੁਧਿਆਣੇ। ਉਥੇ ਸੰਤ ਕਲਿਆਣ ਸਿੰਘ ਜੀ ਦੇ ਕਥਾ ਕੀਰਤਨ, ਬਚਨ ਸੁਣੇ ਸੀ। ਉਹਨਾਂ ਨੇ ਆਪ ਮੈਨੂੰ ਬਚਨ ਦਸਿਆ। ਮੈਂ ਇਹ ਬੇਨਤੀ ਤਾਂ ਕਰ ਰਿਹਾ

ਕਿ ਅੱਗੇ ਤੁਸੀਂ ਬਹੁਤ ਸਾਰੇ ਬਚਨ ਸੁਣ ਲਏ ਨੇ ਤੇ ਮੈਂ ਉਹ ਬਾਰ-ਬਾਰ ਨਾ ਦੁਹਰਾਵਾਂ। ਸੰਤ ਕਲਿਆਣ ਸਿੰਘ ਜੀ ਕਹਿੰਦੇ ਕਿ ਮੈਂ ਇਕ ਜਗ੍ਹਾ ਗਿਆ, ਸੰਗਤ ਕਾਫੀ ਸੀ, ਉਥੇ ਜਿਹੜੇ ਬਾਬਾ ਜੀ ਬੈਠੇ ਸੀ ਕੁਰਸੀ 'ਤੇ। ਮੈਂ ਜਾ ਕੇ ਫਤਹਿ ਬੁਲਾਈ। ਸਾਰੇ ਕਹਿਣ ਜੀ, ਬਹਿ ਜਾਓ-ਬਹਿ ਜਾਓ-ਬਹਿ ਜਾਓ। ਕਹਿੰਦੇ, ਹੁਣ ਕੁਰਸੀ ਤਾਂ ਕੋਈ ਹੈ ਨਹੀਂ ਕੋਲ। ਸੰਤ ਵੀ ਕਹਿਣ ਕਿ ਬਹਿ ਜਾਓ ਜੀ। ਕਹਿੰਦੇ, ਮੈਂ ਖਲੋਤਾ ਰਿਹਾ ਕਿ ਮੈਨੂੰ ਥੱਲੇ ਬਿਠਾਉਣਾ ਚਾਹੁੰਦੇ ਨੇ। ਮੁੜ ਕੇ ਫੋਟੋ ਖਿੱਚ ਕੇ ਦੱਸਣਗੇ ਕਿ ਸਾਡੇ ਬਾਬਾ ਜੀ ਦੇ ਅੱਗੇ, ਥੱਲੇ ਆਹ ਬਾਬਾ ਬੈਠਾ ਸੀਗਾ। ਕਹਿੰਦੇ, ਜਦੋਂ ਬਾਰ-ਬਾਰ ਕਿਹਾ ਤਾਂ ਲਾਗੇ (ਨੇੜੇ) ਇਕ ਦਰਖ਼ਤ ਦਾ ਟਾਹਣ ਡਿੱਗਾ ਸੀ, ਮੈਂ ਛਾਲ ਮਾਰ ਕੇ ਉਹਦੇ ਉਤੇ ਬੈਠ ਗਿਆ ਤੇ ਮੈਂ ਕਿਹਾ, ਬਹਿ ਗਿਆ ਮੈਂ। ਉਹ ਵੇਖਣ ਲੱਗ ਪਏ। ਮੈਂ ਕਿਹਾ, ਸੰਤ ਜੀ! ਉਮਰ 'ਚ ਮੈਂ ਤੁਹਾਡੇ ਨਾਲੋਂ ਵੱਡਾ ਹਾਂ। ਵਿਦਵਾਨ ਮੈਂ ਵੱਡਾ ਹਾਂ। ਵੈਦ ਮੈਂ ਵੱਡਾ ਹਾਂ। ਉਹ ਨਬਜ਼ ਨਹੀਂ ਸੀ ਦੇਖਦੇ, ਮੱਥਾ ਦੇਖ ਕੇ ਹੀ ਮਰੀਜਾਂ ਨੂੰ ਪਛਾਣ ਲੈਂਦੇ ਸੀ। ਵੱਡੇ-ਵੱਡੇ ਵੈਦ ਵੀ ਉਹਨਾਂ ਨੂੰ ਮੰਨਦੇ ਸੀ।

ਕਹਿੰਦੇ, ਰਹੀ ਗੱਲ ਨਾਮ ਦੀ, ਉਹ ਨਾ ਤੇਰੇ ਕੋਲ ਤੇ ਨਾ ਮੇਰੇ ਕੋਲ। ਜੇ ਤੇਰੇ ਕੋਲ ਨਾਮ ਹੁੰਦਾ ਤਾਂ ਤੂੰ ਮੈਨੂੰ ਸਤਿਕਾਰ ਨਾਲ ਬਿਠਾਉਂਦਾ। ਪਰ ਤੂੰ ਥੱਲੇ ਬਿਠਾਉਣਾ ਚਾਹੁੰਦਾ ਸੀ। ਜੇ ਮੇਰੇ ਕੋਲ ਹੁੰਦਾ ਤਾਂ ਮੈਂ ਵੀ ਥੱਲੇ ਆਰਾਮ ਨਾਲ ਬਹਿ ਜਾਂਦਾ। ਮੈਂ ਵੀ ਆਕੜ ਕੇ ਰਿਹਾ ਹਾਂ, ਮੈਂ ਕਿਹੜਾ ਘੱਟ ਹਾਂ।

ਜਦੋਂ ਲੁਧਿਆਣੇ ਪਿਆਰੇ ਮਹਾਂਪੁਰਸ਼ਾਂ ਦਾ ਕੀਰਤਨ ਸੁਣਿਆ ਕਿ ਇਹ ਅਨੁਭਵੀ ਮਹਾਂਪੁਰਸ਼ ਹਨ। ਕਮਾਈ ਵਾਲੇ ਮਹਾਂਪੁਰਸ਼ ਹਨ ਕਿਉਂਕਿ ਉਹਨਾਂ ਦੀ ਵੀ ਜ਼ਿੰਦਗੀ ਲੰਘੀ ਸੀ ਸੰਤਾਂ ਨਾਲ। ਕਹਿੰਦੇ, ਮੈਂ ਕੋਠੀ ਦਾ ਐਡਰੈਸ (ਪਤਾ) ਲਿਆ। ਰਸਤੇ ਦੇ ਵਿਚ ਸੋਚਾਂ ਕਿ ਕਿਤੇ ਓਥੋਂ ਵਾਲੀ ਗੱਲ ਮੇਰੇ ਨਾਲ ਨਾ ਹੋਵੇ ਕਿਤੇ। ਪਰ ਜਦੋਂ ਮੈਂ ਗਿਆ। ਮਹਾਂਪੁਰਸ਼ਾਂ ਨੇ ਬਰਾਬਰ ਕੁਰਸੀ 'ਤੇ ਬਿਠਾਇਆ। ਸਤਿਕਾਰਯੋਗ ਬੀਜੀ ਨੇ ਸਤਿਕਾਰ ਨਾਲ ਚਾਹ ਪਾਣੀ, ਲੰਗਰ ਛਕਾਇਆ। ਕਹਿੰਦੇ ਮੈਂ ਦੇਖਦਾ ਰਿਹਾ ਕਿ ਇਹ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਨੇ। ਬੜਾ ਸਤਿਕਾਰ ਦਿਤਾ। ਕੁਛ ਸਮੇਂ ਤੋਂ ਬਾਅਦ ਜਦੋਂ ਮੈਂ ਆਗਿਆ ਲਈ, ਮਹਾਂਪੁਰਸ਼ਾਂ ਤੇ ਬੀਜੀ ਨੇ, ਸਿਰੋਪਾਓ, ਵਸਤਰ ਤੇ ਮਾਇਆ ਭੇਟ ਕੀਤੀ। ਮੈਂ ਹੱਥ ਜੋੜ ਕੇ ਕਿਹਾ ਕਿ ਜੀ, ਮੈਂ ਸਿਰੋਪਾਓ ਨਹੀਂ ਲੈਣਾ। ਕਹਿੰਦੇ, ਅੱਗੋਂ ਮਹਾਂਪੁਰਸ਼ਾਂ ਤੇ ਬੀਜੀ ਨੇ ਕਿਹਾ ਕਿ ਅਸੀਂ ਗ੍ਰਿਹਸਤੀ ਹਾਂ। ਤੁਸੀਂ ਸਾਡੇ ਗ੍ਰਿਹਸਤੀਆਂ ਦੇ ਘਰ ਆਏ ਹੋ ਤੇ ਸੰਤਾਂ ਦਾ ਸਤਿਕਾਰ ਕਰਨਾ ਸਾਡਾ ਫਰਜ਼ ਬਣਦਾ ਹੈ।

ਕਹਿੰਦੇ, ਮੇਰੀਆਂ ਅੱਖਾਂ 'ਚੋਂ ਹੰਝੂ ਆ ਗਏ। ਅਗਲੀ ਗੱਲ ਉਹਨਾਂ ਨੇ ਕਹੀ ਕਿ ਮੈਂ ਵੀ ਤਾਂ ਵਿਦਵਾਨ ਸੀ ਨਾ। ਮੈਂ ਵੀ ਤਾਂ ਸੰਤਾਂ ਦਾ ਸੰਗੀ ਰਿਹਾ ਸੀ। ਜਦੋਂ ਉਹਨਾਂ ਨੇ ਇਹ ਗੱਲ ਕਹੀ ਕਿ ਅਸੀਂ ਗ੍ਰਿਹਸਤੀ ਹਾਂ ਤੇ ਸਾਡਾ ਫਰਜ਼ ਬਣਦਾ ਹੈ ਸਾਧੂਆਂ ਦਾ ਸਤਿਕਾਰ ਕਰਨਾ ਤੇ ਮੈਂ ਹੱਥ ਜੋੜ ਕੇ ਕਿਹਾ ਕਿ ਸੁਕਦੇਵ ਮੁਨੀ 'ਤੇ ਵੀ ਕ੍ਰਿਪਾ ਗ੍ਰਿਹਸਤੀ ਨੇ ਕੀਤੀ ਸੀ। ਗ੍ਰਿਹਸਤੀ ਛੋਟੇ ਨਹੀਂ ਵੱਡੇ ਹੀ ਹੁੰਦੇ ਨੇ -

*ਭਗਤੁ ਵਡਾ ਰਾਜਾ ਜਨਕੁ ਹੈ*
*ਗੁਰਮੁਖਿ ਮਾਇਆ ਵਿਚਿ ਉਦਾਸੀ॥ ਭਾਈ ਗੁਰਦਾਸ ਜੀ*

ਇਹ ਸੀ ਜੀਵਨ ਉਹਨਾਂ ਦਾ ਸਾਧਸੰਗਤ ਜੀ। ਫੇਰ ਸਾਦਾ ਖਾਣਾ ਤੇ ਸਾਦਾ ਪਹਿਨਣਾ ਕਿਉਂਕਿ ਅਸੀਂ ਉਹਨਾਂ ਦਾ ਦਿਹਾੜਾ ਮਨਾ ਰਹੇ ਹਾਂ। ਮਤਲਬ ਦਿਹਾੜਾ ਮਨਾਉਣ ਦਾ ਕਿ ਅਸੀਂ ਉਹਨਾਂ ਦੇ ਜੀਵਨ ਵਿਚੋਂ ਕੋਈ ਬਚਨ ਸੰਭਾਲੀਏ। ਅੱਜ 8 ਅਗਸਤ ਸਤਿਕਾਰਯੋਗ ਬੀਜੀ ਦਾ ਪਵਿੱਤਰ ਜਨਮ ਦਿਹਾੜਾ ਹੈ ਤੇ ਅੱਜ 8 ਅਗਸਤ ਨੂੰ ਹੀ ਬਾਬਾ ਗੁਰਦੀਪ ਸਿੰਘ ਜੀ ਖੂਬੀਆ ਨੰਗਲ ਵਾਲੇ, ਉਹਨਾਂ ਦਾ ਵੀ ਅੱਜ ਜਨਮ ਦਿਹਾੜਾ ਹੈ।

ਪਿਕੰਬਾਰਪੁਰ ਵਾਲੇ ਗਿਆਨੀ ਹਰਿੰਦਰ ਸਿੰਘ ਜੀ, ਬਹੁਤ ਵੱਡਾ ਪਰਿਵਾਰ, ਬਿਲਾਸਪੁਰ ਦੇ ਇਲਾਕੇ ਵਿਚ ਕਹਿੰਦੇ ਕਹਾਉਂਦੇ ਸੀ, ਉਹ ਥੰਮ ਸਨ ਗਿਆਨੀ ਹਰਿੰਦਰ ਸਿੰਘ ਜੀ ਤੇ ਮਹਾਂਪੁਰਸ਼ਾਂ ਨੇ ਹੀ ਉਹਨਾਂ ਨੂੰ ਇਸ ਪਾਸੇ ਲਾਇਆ ਕਿ ਜਿਥੇ ਤੁਸੀਂ ਗੁਰਸਿੱਖੀ ਵਿਚ ਪਰਪੱਕ ਹੋ, ਉਥੇ ਰਾਜਨੀਤੀ ਵਿਚ ਵੀ ਆਓ ਤੇ ਤੁਸੀਂ ਵਿਧਾਨ ਸਭਾ ਜਾਓ, ਰਾਜਨੀਤੀ ਵਿਚ ਅੱਗੇ ਜਾਓ ਤਾਂਕਿ ਯੂ.ਪੀ ਦੇ ਸਿੱਖਾਂ ਲਈ ਅਵਾਜ਼ ਉਠਾਓ। ਉਹ ਪਰਿਵਾਰ ਬਹੁਤ ਵੱਡਾ ਹੈ। ਉਹ ਜਿਸ ਵਕਤ ਬੀਜੀ ਕੋਲ ਫਾਰਮ 'ਤੇ ਆਇਆ ਕਰਨ, ਬੀਜੀ ਨੇ ਦਾਲ ਪ੍ਰਸ਼ਾਦਾ ਛਕਾਉਣਾ। ਉਹਨੇ ਘਰ ਆ ਕੇ ਬੀਬੀਆਂ ਨੂੰ ਕਹਿਣਾ ਕਿ ਬੀਜੀ ਜਿਸ ਤਰ੍ਹਾਂ ਦੀ ਦਾਲ ਬਣਾਉਂਦੇ ਨੇ ਉਸ ਤਰ੍ਹਾਂ ਦੀ ਦਾਲ ਬਣਾਇਆ ਕਰੋ। ਉਹ ਬੀਬੀਆਂ ਕਹਿੰਦੀਆਂ ਅਸੀਂ ਪੜ੍ਹ-ਪੜ੍ਹ ਕੇ ਕੋਈ ਮਸਾਲਾ ਨਹੀਂ ਛੱਡਿਆ, ਜਿਹੜਾ ਦਾਲ 'ਚ

ਨਾ ਪਾਇਆ ਹੋਵੇ। ਉਹ ਆਖਣ ਇਹ ਨਹੀਂ ਬਣੀ। ਕਹਿੰਦੀ, ਇਕ ਦਿਨ ਅਸੀਂ ਇਕੱਠੀਆਂ ਹੋ ਕੇ ਬੀਜੀ ਕੋਲ ਚਲੀਆਂ ਗਈਆਂ ਕਿ ਸਾਡੇ ਤਾਂ ਘਰਵਾਲੇ ਨਹੀਂ ਛੱਡਦੇ ਸਾਨੂੰ, ਜਿਹੜੀ ਦਾਲ ਤੁਸੀਂ ਬਣਾਉਂਦੇ ਹੋਂ, ਉਹ ਬਣਾ ਕੇ ਦਿਖਾਓ ਸਾਨੂੰ। ਕਹਿੰਦੇ, ਲਓ ਬਣਾ ਦਿੰਦੇ ਹਾਂ। ਦਾਲ ਬੀਜੀ ਨੇ ਰੱਖ ਦਿਤੀ। ਕੋਈ ਤੜਕਾ ਨਹੀਂ ਲਾਇਆ, ਕੋਈ ਐਸੀ ਚੀਜ਼ ਨਹੀਂ ਪਾਈ ਕਿ ਤਰ੍ਹਾਂ-ਤਰ੍ਹਾਂ ਦੇ ਮਸਾਲੇ ਪਾਏ ਹੋਣ। ਬਸ ਪਾਇਆ ਕੀ ਉਹਦੇ ਵਿਚ, ਹਲਦੀ ਪਾਈ, ਲੂਣ ਪਾਇਆ, ਹਰੀ ਮਿਰਚ ਪਾਈ। ਦਾਲ ਬਣਾ ਕੇ ਕਹਿੰਦੇ ਲਓ ਖਾ ਲਓ। ਅਸੀਂ ਹੈਰਾਨ ਹੋ ਗਏ, ਅਸੀਂ ਤਾਂ ਤੜਕੇ ਲਾਉਂਦੀਆਂ ਰਹਿ ਗਈਆਂ।

ਬੇਨਤੀ ਕਰਾਂ ਕਿ ਅੱਜ ਸੰਸਾਰ ਦੇ ਅੰਦਰ ਬਿਮਾਰੀਆਂ ਐਨੀਆਂ ਚਲ ਰਹੀਆਂ ਨੇ। ਵੱਡਿਆਂ ਨੂੰ ਵੀ, ਛੋਟੇ ਬੱਚਿਆਂ ਨੂੰ ਵੀ। ਉਹਦਾ ਕਾਰਨ ਕੀ ਹੈ? ਕਿ ਖਾਣਾ ਠੀਕ ਨਹੀਂ। ਇਥੇ ਵੀ ਤੇ ਬਾਹਰਲੇ ਦੇਸ਼ਾਂ ਵਿਚ ਵੀ। ਚਲੋ, ਵੱਡਿਆਂ ਨੂੰ ਤਾਂ ਆਪਾਂ ਕਹਾਂਗੇ ਕਿ ਉਮਰ ਲੰਮੀ ਹੋ ਗਈ ਹੈ, ਕੋਈ ਬਿਮਾਰੀ ਹੈ ਵੀ। ਛੋਟੇ-ਛੋਟੇ ਬੱਚੇ, ਅੱਠ ਦਸ ਸਾਲ ਤੋਂ ਲੈ ਕੇ ਵੀਹ ਸਾਲ ਦੇ ਬੱਚਿਆਂ ਦੇ ਲੀਵਰ ਵਿਚ ਖਰਾਬੀ। ਕਿਸੇ ਦੀਆਂ ਕਿਡਨੀਆਂ ਫੇਲ੍ਹ। ਜਿੰਨੇ ਤਲੇ ਹੋਏ ਖਾਣੇ ਖਾਂਦੇ ਨੇ, ਫਾਸਟ ਫੂਡ ਖਾਂਦੇ ਨੇ, ਉਹ ਸਾਰਾ ਅਸਰ ਹੀ ਇਹਨਾਂ ਦਾ ਹੈ। ਜੇ ਅਸੀਂ ਬੀਜੀ ਦਾ ਪਵਿੱਤਰ ਦਿਹਾੜਾ ਮਨਾ ਰਹੇ ਹਾਂ ਤੇ ਕੁਛ ਲੈ ਕੇ ਜਾਈਏ ਕਿ ਆਪ ਵੀ ਸਹੀ ਖਾਣਾ ਖਾਈਏ ਤੇ ਬੱਚਿਆਂ ਨੂੰ ਵੀ ਸਹੀ ਖੁਰਾਕ ਦੇਈਏ। ਮੈਂ ਸਮਝ ਲਵਾਂਗਾ ਇਹ ਦਿਨ ਜਿਹੜਾ ਹੈ ਪ੍ਰਵਾਨ ਹੋ ਗਿਆ। ਬਾਹਰਲੇ ਦੇਸ਼ਾਂ ਵਿਚ ਵੀ ਜਾ ਕੇ ਦੇਖੋ। ਬਾਹਰਲੇ ਦੇਸ਼ਾਂ ਵਿਚ ਇਕ ਤਾਂ ਬੇਵਸ ਨੇ ਕਈ ਤਾਂ, ਕਿਉਂਕਿ ਜਿਹੜੇ ਇਕੱਲੇ-ਇਕੱਲੇ ਗਏ ਨੇ। ਆਪ ਖਾਣਾ ਨਹੀਂ ਬਣਾ ਸਕਦੇ, ਸਮਾਂ ਨਹੀਂ ਲਗਦਾ। ਚਲੋ ਕਈਆਂ ਨੇ ਟਿਫਨ ਲਵਾਏ ਹੋਏ ਨੇ ਤੇ ਕਈ ਸ਼ੌਂਕ ਨਾਲ ਬਾਹਰੋਂ ਖਾਈ ਜਾਂਦੇ ਨੇ। ਉਹਦਾ ਫੇਰ ਬਾਅਦ 'ਚ ਰੀਜ਼ਲਟ ਨਿਕਲਦਾ ਹੈ। ਇਥੇ ਵੀ ਬਾਹਰ ਵੀ ਬਹੁਤ ਸਾਰੀਆਂ ਬਿਮਾਰੀਆਂ ਖਾਣਿਆਂ ਤੋਂ ਲਗ ਰਹੀਆਂ ਨੇ। ਤਲੇ ਹੋਏ ਖਾਣੇ ਨਾ ਖਾਓ, ਫਾਸਟ ਫੂਡ ਨਾ ਖਾਓ, ਸਾਦਾ ਖਾਓ -

*ਬਹੁ ਸਾਦਹੁ ਉਪਜੈ ਰੋਗ।*

ਦਾਸ ਨੇ ਆਪਣੀਆਂ ਅੱਖਾਂ ਨਾਲ ਦੇਖਿਐ ਕਈ ਵਾਰੀ ਬੀਜੀ ਨੇ ਮਹਾਂਪੁਰਸ਼ਾਂ ਨੂੰ ਪ੍ਰਸ਼ਾਦਾ ਦੇ ਕੇ ਆਪ ਹੱਥ 'ਤੇ ਫੁਲਕਾ ਰੱਖ ਲੈਣਾ ਤੇ ਉਤੇ ਥੋੜ੍ਹਾ ਜਿਹਾ ਕੁਛ ਰਖ ਲੈਣਾ ਤੇ ਅਰਾਮ ਨਾਲ ਛਕ ਲੈਣਾ। ਸਾਦਾ ਪਹਿਨਣਾ, ਸਾਦਾ ਖਾਣਾ ਇਹ ਜੀਵਨ ਸੀ ਪਿਆਰਿਓ ਉਹਨਾਂ ਦਾ।

ਬਹੁਤ ਸਾਰੇ ਫੋਨ ਆਉਂਦੇ ਨੇ ਕਿਉਂਕਿ ਦਾਸ ਜਿਵੇਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਯੂ.ਕੇ ਗਿਆ ਮੈਂ ਤਾਂ ਬੇਨਤੀ ਕਰ ਰਿਹਾਂ। ਕੈਨੇਡਾ ਵਿਚ ਬਹੁਤ ਜ਼ਿਆਦਾ ਹੈ, ਉਸ ਤੋਂ ਘੱਟ ਅਮਰੀਕਾ ਵਿਚ ਹੈ ਤੇ ਹੋਰ ਦੇਸ਼ਾਂ ਵਿਚ ਹੈ। ਬਹੁਤ ਸਾਰੇ ਬੱਚੇ ਆ ਰਹੇ ਨੇ। ਜਿਹੜੇ ਸੁਣਦੇ ਹਨ, ਬੋਲਦੇ ਨਹੀਂ। ਦਿਮਾਗੀ ਤੌਰ 'ਤੇ ਵੀ ਉਹਨਾਂ ਵਿਚ ਕਈ ਕਮੀਆਂ ਨੇ। ਕੀ ਹੈ? ਪਹਿਲਾਂ ਹੀ ਬੀਬੀਆਂ ਦੀ, ਉਹਨਾਂ ਮਾਤਾਵਾਂ ਦੀ ਖੁਰਾਕ ਸਹੀ ਨਹੀਂ। ਜਿਸ ਘਰ ਵਿਚ ਬੱਚੇ ਨੇ ਆਉਣਾ ਹੈ ਉਸ ਮਾਤਾ ਦਾ, ਬੀਬੀ ਦਾ ਸਰੀਰ ਤੰਦਰੁਸਤ ਚਾਹੀਦੈ। ਜਿਸ ਘਰ ਵਿਚ ਬੱਚੇ ਦੀ ਆਸ ਹੋ ਗਈ ਹੈ, ਉਸ ਵੇਲੇ ਹੀ ਖਾਣ ਪੀਣ ਦਾ ਪੂਰਾ ਪਰਹੇਜ਼ ਰੱਖਣਾ ਪੈਣੈ। ਹੁਣ ਜੇ ਚੀਜ਼ਾਂ ਓਹੀ ਖਾਣੀਆਂ ਨੇ ਤਾਂ ਬੱਚੇ ਦਾ ਮਾਸ-ਹੱਡੀਆਂ, ਦਿਮਾਗ ਹਰ ਚੀਜ਼ ਉਸੇ ਦੀ ਬਣਨੀ ਹੈ। ਸੋ ਬੜੀਆਂ ਕਮੀਆਂ ਆ ਰਹੀਆਂ ਨੇ। ਅੱਜ ਤੋਂ 50 ਸਾਲ ਪਿੱਛੇ ਚਲੇ ਜਾਈਏ। ਮਾਤਾਵਾਂ ਕਿੰਨਾਂ ਖਿਆਲ ਰਖਦੀਆਂ ਸੀ ਕਿ ਸਾਡੇ ਘਰ ਪੋਤਰਾ ਆਉਣੈ, ਪੋਤਰੀ ਆਉਣੀ ਹੈ। ਬੱਚੇ ਨੇ ਆਉਣੈ, ਬਹੁਤ ਧਿਆਨ ਰੱਖਣਾ ਉਹਨਾਂ ਨੇ ਤੇ ਹੁਣ ਇਹ ਖਾਣੇ ਜਿਹੜੇ ਨੇ ਇਹ ਬੱਚਿਆਂ ਨੂੰ ਬਰਬਾਦ ਕਰ ਰਹੇ ਨੇ। ਦੂਸਰਾ ਸਮਾਂ ਨਹੀਂ ਮਿਲ ਰਿਹਾ, ਉਹ ਬੱਚਾ ਛੋਟਾ ਜਿਹਾ ਹੀ ਮੋਬਾਈਲ ਫੜ ਛਡਦੈ, ਕੌਣ ਸਿਖਾਵੇ ਉਹਨੂੰ ਬੋਲਣਾ। ਉਹ ਵੀ ਇਕ ਕਮੀ ਹੈ। ਸੋ ਮੈਂ ਖਾਣ ਦੀ ਗੱਲ ਕਰ ਰਿਹਾ ਸੀ, ਬਹੁਤੇ ਡਰਾਈ ਫਰੂਟ ਖਾਣੇ, ਬਹੁਤੀਆਂ ਗਰਮ ਚੀਜ਼ਾਂ ਖਾਣੀਆਂ, ਬਹੁਤ ਠੰਡੀਆਂ ਚੀਜ਼ਾਂ ਖਾਣੀਆਂ ਇਹ ਸਾਰੀਆਂ ਹੀ ਸਰੀਰ ਵਿਚ ਰੋਗ ਪੈਦਾ ਕਰਦੀਆਂ ਨੇ। ਤੁਸੀਂ ਪਾਰਟੀਆਂ, ਵਿਆਹ ਸ਼ਾਦੀਆਂ 'ਤੇ ਜਾਂਦੇ ਹੋ। ਉਥੇ ਹਰ ਚੀਜ਼ ਜ਼ਿਆਦਾ ਤਲੀ ਹੋਈ ਤੇ ਗਰਮਾ ਗਰਮ ਖਾਂਦੇ ਨੇ। ਜੇ ਨਵੰਬਰ, ਦਸੰਬਰ, ਜਨਵਰੀ ਮਹੀਨੇ ਠੰਢ ਹੈ, ਚਾਹੇ ਗਰਮੀ ਹੈ ਸਰਦੀ ਹੈ, ਬਾਅਦ ਵਿਚ ਆਈਸ ਕਰੀਮ ਖਾਣੀ ਹੀ ਖਾਣੀ ਹੈ। ਉਹ ਫੇਰ ਤੇਲ ਜਮ੍ਹੇਗਾ ਹੀ ਸਾਡੀ ਛਾਤੀ ਵਿਚ। ਉਸ ਤੋਂ ਬਚੋ।

*ਚਲਦਾ..........।'*

# ਧੰਨੁ ਧੰਨੁ ਧੰਨੁ ਜਨੁ ਆਇਆ ॥

## ਬ੍ਰਹਮ ਗਿਆਨੀ ਪੂਰਨ ਮਹਾਂਪੁਰਸ਼ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨੂੰ ਸਮਰਪਿਤ

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ'*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀ! ਖਿਆਲ ਬਾਹਰ ਜਾਣ ਤੋਂ ਰੋਕੀਏ। ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, - ਸਤਿਨਾਮੁ ਸ੍ਰੀ ਵਾਹਿਗੁਰੂ।' ਗੁਰੂ ਪਾਤਸ਼ਾਹ ਜੀ ਦੀ ਕ੍ਰਿਪਾ ਹੋਈ ਹੈ। ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲਿਆਂ ਦੇ ਆਗਮਨ ਦੀ ਖੁਸ਼ੀ ਵਿਚ, ਦਿਹਾੜਾ ਮਨਾਇਆ ਜਾ ਰਿਹਾ। 5 ਅਗਸਤ 1905 ਈਸਵੀ ਦਾ ਇਹ ਦਿਹਾੜਾ, ਨਗਰ ਆਲੋਵਾਲ ਮਾਤਾ ਰਤਨ ਕੌਰ ਜੀ, ਪਿਤਾ ਨੰਬਰਦਾਰ ਰਾਮ ਸਿੰਘ ਜੀ ਦੇ ਗ੍ਰਿਹ ਅੰਦਰ ਆਪ ਜੀ ਦਾ ਸਰੀਰਕ ਜਨਮ ਹੋਇਆ। ਖੁਸ਼ੀ ਮਨਾਈ ਜਾਂਦੀ ਹੈ -

*ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥*
*ਅੰਗ - ੪੪*

ਜਗ੍ਹਾ-ਜਗ੍ਹਾ 'ਤੇ ਅੱਜ ਸੰਸਾਰ ਦੇ ਵਿਚ ਇਸ ਦਿਨ ਨੂੰ ਮਨਾਇਆ ਜਾਂਦਾ ਹੈ। ਇਹ ਖੁਸ਼ੀ ਦਾ ਦਿਨ ਹੈ। ਦੂਰੋਂ-ਦੂਰੋਂ ਸੰਗਤ ਪਹੁੰਚੀ ਹੈ। ਖੁਸ਼ੀ 'ਚ ਵਾਧਾ ਕਿਵੇਂ ਹੁੰਦੈ ਜਦੋਂ ਅਸੀਂ ਮਹਾਂਪੁਰਸ਼ਾਂ ਦੇ ਜਨਮ ਦਿਹਾੜੇ, ਆਗਮਨ ਦਿਵਸ ਮਨਾਉਂਦੇ ਹਾਂ ਕਿਉਂਕਿ ਸਾਡੇ ਜੀਵਨ ਵਿਚ ਵੀ ਫੇਰ ਪ੍ਰਕਾਸ਼ ਹੁੰਦਾ ਹੈ। ਜਨਮ ਚਲੋ ਸਰੀਰ ਦਾ ਹੁੰਦਾ ਹੈ, ਪਰ ਉਸ ਪਵਿੱਤਰ ਆਤਮਾ ਦਾ ਪ੍ਰਕਾਸ਼ ਸਰੀਰ ਵਿਚ ਹੁੰਦੈ, ਉਹ ਜਨਮ ਤੇ ਮਰਨ ਵਿਚ ਨਹੀਂ ਆਉਂਦੇ। ਮਰਦਾ ਕੌਣ ਹੈ? ਸਰੀਰ। ਜਿਥੋਂ ਤੱਤ ਲੈਂਦਾ ਹੈ, ਤੱਤਾਂ 'ਚ ਤੱਤ ਵਿਲੀਨ ਹੋ ਜਾਂਦੇ ਹਨ ਤੇ ਮਹਾਂਪੁਰਸ਼ ਜਿਹੜੀਆਂ ਸਾਡੇ ਵਰਗੀਆਂ ਭੁੱਲੀਆਂ ਭਟਕੀਆਂ ਰੂਹਾਂ ਹਨ, ਉਹਨਾਂ ਨੂੰ ਜੀਵਨ ਦਾਨ ਦੇਣ ਵਾਸਤੇ, ਸਰੀਰ ਧਾਰਨ ਕਰਦੇ ਹਨ। ਸੰਗਤਾਂ ਵੀ ਧੰਨ ਹਨ ਜਿਹੜੀਆਂ ਐਸੇ ਮਹਾਂਪੁਰਸ਼ਾਂ ਦੀ ਯਾਦ ਵਿਚ ਸਮਾਗਮ ਰੱਖਦੀਆਂ ਹਨ-

*ਧੰਨੁ ਧੰਨੁ ਧੰਨੁ ਜਨੁ ਆਇਆ ॥*
*ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥*
*ਜਨ ਆਵਨ ਕਾ ਇਹੈ ਸੁਆਉ ॥*
*ਜਨ ਕੈ ਸੰਗਿ ਚਿਤਿ ਆਵੈ ਨਾਉ ॥*
*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ ਅੰਗ - ੨੯੫*

*ਨਾਨਕ ਭਗਤਾ ਸਦਾ ਵਿਗਾਸੁ ॥ ਅੰਗ - ੨*

ਜੀਵਨ ਦੇ ਵਿਚ ਖੁਸ਼ੀ, ਖੇੜਾ, ਅਨੰਦ ਕਿਉਂਕਿ-

*ਸਦਾ ਅਨੰਦੁ ਤਹ ਨਹੀ ਬਿਓਗੁ ॥ ਅੰਗ - ੨੨੫*

ਜਿਹੜੇ ਉਸ ਅਨੰਦ ਦੇ ਵਿਚ ਬਿਰਾਜਮਾਨ ਹਨ-

*ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥*
*ਅੰਗ- ੯੧੭*

ਉਸ ਦਿਨ ਦੇ ਮਨਾਉਣ ਦੇ ਨਾਲ ਮਨ ਨੂੰ ਮਨਾਉਣਾ ਹੁੰਦਾ ਹੈ। ਖੁਸ਼ੀਆਂ ਹੀ ਖੁਸ਼ੀਆਂ ਮਿਲਦੀਆਂ ਹਨ।

*ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥*
*ਨਿਮਖ ਏਕ ਹਰਿ ਨਾਮੁ ਦੇਇ*
*ਮੇਰਾ ਮਨੁ ਤਨੁ ਸੀਤਲੁ ਹੋਇ ॥ ਅੰਗ - ੪੪*

ਖੁਸ਼ੀ ਕਦੋਂ ਆਉਂਦੀ ਹੈ? ਜਦੋਂ ਕੋਈ ਐਸੀ ਰੂਹ ਸੰਸਾਰ ਦੇ ਵਿਚ ਆਉਂਦੀ ਹੈ। ਬੱਚਿਆਂ ਦੇ ਜਨਮ ਦਿਨ ਵੀ ਲੋਕ ਮਨਾਉਂਦੇ ਹਨ, ਉਸ ਦਿਨ ਵੀ Happy birthday to you. (ਜਨਮ ਦਿਨ ਮੁਬਾਰਕ) ਕਿਹਾ ਜਾਂਦਾ ਹੈ। ਪਰ ਮਹਾਂਪੁਰਖ ਜਦੋਂ ਇਸ ਸੰਸਾਰ ਦੇ ਵਿਚ ਪ੍ਰਗਟ ਹੋਏ, ਉਹ ਨੰਬਰਦਾਰ ਜੀ ਨੂੰ ਵਧਾਈਆਂ ਮਿਲੀਆਂ। ਖੁਸ਼ੀਆਂ ਹੋਈਆਂ।

ਛੋਟੀ ਉਮਰ 'ਚ ਹੀ, ਅਜੇ ਪੰਜ ਕੁ ਸਾਲ ਦੇ ਸਨ। ਆਪ ਜੀ ਦੇ ਪਿਤਾ ਜੀ ਬਾਬਾ ਬੀਰਮਦਾਸ ਜੀ ਬਿਧੋਸ਼ੀ ਵਾਲਿਆਂ ਦੇ ਕੋਲ ਲੈ ਗਏ। ਉਹ ਵਿਰਕੱਤ ਸਾਧੂ ਸਨ, ਜੰਗਲਾਂ ਦੇ ਵਿਚ ਨਿਵਾਸ ਰਖਦੇ ਸਨ। ਬਹੁਤ ਕਰਨੀ ਕਮਾਈ ਦੇ ਮਾਲਕ ਮਹਾਂਪੁਰਸ਼। ਵਸਤਰ ਬਹੁਤ ਘੱਟ ਸਰੀਰ ਦੇ ਉਤੇ ਪਹਿਨਦੇ, ਦਿਗੰਬਰ ਸਾਧੂ ਸਨ। ਉਹਨਾਂ ਦੇ ਨੇੜੇ ਤਾਂ ਕੋਈ ਜਾਂਦਾ ਹੀ ਨਹੀਂ ਸੀ। ਕਿਉਂਕਿ ਉਨ੍ਹਾਂ ਦੀ ਐਸੀ ਖੇਡ ਸੀ। ਜਦੋਂ ਇਹ ਸੰਤ ਸੇਵੀ ਪਰਿਵਾਰ ਗਿਆ, ਨਮਸ਼ਕਾਰ ਕੀਤੀ ਜਾ ਕੇ ਤੇ ਆਪ ਜੀ ਅਜੇ ਛੋਟੇ ਹੀ ਹਨ ਤੇ ਦੌੜ ਕੇ ਜਾ ਕੇ ਉਨ੍ਹਾਂ ਦੀ ਗੋਦ ਦੇ ਵਿਚ ਬੈਠ ਜਾਂਦੇ ਹਨ। ਨੰਬਰਦਾਰ ਜੀ (ਪਿਤਾ ਜੀ) ਸਹਿਮ ਗਏ ਕਿ ਮਹਾਤਮਾ ਕਿਤੇ ਨਰਾਜ਼ ਨਾ ਹੋ ਜਾਣ। ਐਸੀ ਭਾਵਨਾ ਨੂੰ ਦੇਖ ਕੇ ਬਾਬਾ ਬੀਰਮਦਾਸ ਜੀ ਬਚਨ ਕਰਦੇ ਹਨ, ਨੰਬਰਦਾਰਾ! ਇਹ ਬਖਸ਼ੀ

ਰੂਹ ਆਈ ਹੈ, ਸੰਸਾਰ ਦੇ ਭਲੇ ਵਾਸਤੇ ਤੇ ਤੇਰੇ ਘਰ ਇਸ ਨੇ ਸਰੀਰ ਧਾਰਨ ਕੀਤਾ ਹੈ। ਤੂੰ ਇਹਨੂੰ ਐਵੇਂ ਨਾ ਜਾਣੀਂ। ਸਾਡੇ ਕੋਲ ਤਾਂ ਲੋਕ ਆਉਣ ਤੋਂ ਡਰਦੇ ਨੇ। ਪਰ ਇਹਦੇ ਅੱਗੇ ਤਾਂ ਲਾਈਨਾਂ ਲਾ ਕੇ ਰਾਜੇ ਮਹਾਰਾਜੇ ਵੀ ਦਰਸ਼ਨਾਂ ਲਈ ਉਡੀਕ ਕਰਿਆ ਕਰਨਗੇ। ਘਰ-ਘਰ ਇਹਨਾਂ ਦੇ ਸਰੂਪ ਲਗਣਗੇ। ਬੜੇ ਅਗੰਮੀ ਬਚਨ ਮਹਾਂਪੁਰਸ਼ਾਂ ਨੇ ਕੀਤੇ। ਜਦੋਂ ਆਪ ਜੀ ਦਾ ਸਰੀਰ ਮਾਂ ਦੇ ਪੇਟ ਵਿਚ ਸਨ। ਇਕ ਸਾਧੂ ਆਇਆ, ਉਸ ਨੇ ਮਾਤਾ ਜੀ ਨੂੰ ਇਕ ਫੁੱਲ ਭੇਟਾ ਕੀਤਾ, ਇਸ ਭੇਟਾ ਦੇ ਨਾਮ 'ਤੇ ਆਪ ਜੀ ਦਾ ਨਾਮ ਗੁਲਾਬ ਸਿੰਘ ਰੱਖਿਆ। ਆਪ ਨੇ ਚੁਲੈਲਾ ਨਗਰ ਪੜ੍ਹਾਈ ਪ੍ਰਾਇਮਰੀ ਦੀ ਕੀਤੀ। ਫੇਰ ਮਾਡਲ ਸਕੂਲ ਪਟਿਆਲੇ ਵਿਚ, ਜਿਥੇ ਆਪ ਜੀ ਦੀ ਭੂਆ ਜੀ ਦਾ ਘਰ ਸੀ। ਭੂਆ ਦਾ ਪੁੱਤਰ ਭਾਈ ਦਲੀਪ ਸਿੰਘ, ਸ. ਬਹਾਦਰ ਦਾ ਖਿਤਾਬ ਸੀ ਉਹਨਾਂ ਕੋਲ। ਬਹੁਤ ਪੜ੍ਹੇ ਲਿਖੇ ਸਨ ਦਲੀਪ ਸਿੰਘ ਜੀ। ਉਹਨਾਂ ਨੂੰ ਰਾਜਿਆਂ ਦੇ ਨੇੜੇ ਰਹਿਣ ਦੀ ਡਿਊਟੀ ਮਿਲੀ। ਉਹਨਾਂ ਦੇ ਬੱਚਿਆਂ ਨੂੰ ਪੜ੍ਹਾਉਂਦੇ ਤੇ ਆਪ ਜੀ ਦਾ ਪਾਲਨ-ਪੋਸਣ ਰਾਜੇ ਮਹਾਰਾਜਿਆਂ ਵਾਂਗੂੰ ਹੀ ਹੋਇਆ। ਪੁਰਾਤਨ ਦਸਵੀਂ 'ਚ ਪੜ੍ਹਦਿਆਂ ਦੀ ਉਹ ਤਸਵੀਰ ਹੈ। ਕਿੰਨਾਂ ਸੋਹਣਾ ਸੁਨੱਖਾ ਆਪ ਜੀ ਦਾ ਸਰੂਪ ਹੈ। ਹਾਕੀ ਦੇ ਆਪ ਜੀ ਬਹੁਤ ਸੋਹਣੇ ਖਿਡਾਰੀ ਸਨ। ਪੜ੍ਹਨ ਵਿਚ ਵੀ ਤੇਜ, ਖੇਡਣ ਵਿਚ ਵੀ ਤੇਜ। ਪਰ ਦੂਜੇ ਪਾਸੇ ਰੂਹਾਨੀਅਤ ਦੇ ਵਿਚ ਸਭ ਤੋਂ ਅੱਗੇ। ਸੱਤਵੀਂ ਜਮਾਤ ਵਿਚ ਆਪ ਜੀ ਜਦੋਂ ਪੜ੍ਹਦੇ ਸੀ ਤਾਂ ਇਕ ਸਿੰਧੀ ਅਧਿਆਪਕ ਸੀ, ਪ੍ਰੋ. ਵਿਸਵਾਨੀ, ਸਿੰਧੀਆਂ ਦੇ ਅੰਦਰ ਸ਼ਰਧਾ ਬਹੁਤ ਹੁੰਦੀ ਹੈ। ਉਹਨੇ ਸ਼ਰਧਾ ਬਣਾਈ ਕਿ ਜਿਸਨੂੰ ਜਪੁਜੀ ਸਾਹਿਬ ਯਾਦ ਹੋ ਗਿਆ। ਸਮਝ ਲਓ ਕਿ -

***ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥ (ਅੰਗ- ੬੨੨)*** ਸੋ ਇਸ ਮਾਰਗ 'ਤੇ ਚੱਲਣ ਯੋਗ ਹੋ ਗਿਆ। ਕਿਉਂਕਿ ਜਪੁਜੀ ਸਾਹਿਬ ਮਹਾਂਮੰਤਰ ਹੈ। ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰ ਜਪੁਜੀ ਸਾਹਿਬ ਦੇ ਅੰਦਰ ਹੈ। ਜਪੁਜੀ ਸਾਹਿਬ ਦਾ ਸਾਰ ਮੂਲਮੰਤ੍ਰ 'ਚ ਹੈ। ਮੂਲਮੰਤ੍ਰ ਦਾ ਸਾਰ, ਗੁਰਮੰਤ੍ਰ ਹੈ -

*ਬੀਜ ਮੰਤ੍ਰੁ ਸਰਬ ਕੋ ਗਿਆਨੁ ॥* *ਅੰਗ - ੨੭੪*

ਹੁਣ ਆਪ ਦਸਦੇ ਨੇ ਕਿ ਉਸੇ ਸਮੇਂ ਇਕੋ ਚੌਂਕੜੇ ਵਿਚ ਬੈਠ ਕੇ 'ਜਪੁਜੀ ਸਾਹਿਬ' ਕੰਠ ਕਰ ਲਿਆ। ਫੇਰ ਕਿੱਡੀ ਕ੍ਰਿਪਾ।

ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ ਵੀ ਜਪੁਜੀ ਸਾਹਿਬ ਦੀ ਮਹਿਮਾ ਦਸਦੇ ਨੇ ਕਿ ਦੀਨ ਜਾਂ ਦੁਨੀਆਂ ਦਾ ਕੋਈ ਵੀ ਕਾਰਜ ਇਸਦੇ ਸਾਮ੍ਹਣੇ ਨਹੀਂ ਰੁਕ ਸਕਦਾ। ਰੁਕੇ ਹੋਏ ਕਾਰਜ, ਕਿੰਨੇ ਹੀ ਵਿਘਨ ਹੋਣ, ਜਪੁਜੀ ਸਾਹਿਬ ਦਾ ਪਾਠ ਵਿਧੀ ਪੂਰਵਕ ਕਰ ਲਿਆ, ਸਭ ਠੀਕ ਹੋ ਜਾਣਗੇ। ਮਹਾਂਪੁਰਸ਼ 25 ਪਾਠ ਰੋਜ਼ ਜਪੁਜੀ ਸਾਹਿਬ ਦੇ ਦਸਦੇ ਹੁੰਦੇ। ਜਿਹੋ ਜਿਹਾ ਕਾਰਜ ਹੁੰਦਾ ਉਸ ਅਨੁਸਾਰ ਦਸ ਦਿੰਦੇ। ਵਿਚਕਾਰ ਕੋਈ ਸ਼ਬਦ ਹੁੰਦਾ। ਜੁਗਤੀਆਂ ਹੁੰਦੀਆਂ, ਜੋ ਸੀਨੇ-ਬ-ਸੀਨੇ ਚਲੀਆ ਆਉਂਦੀਆਂ ਨੇ। ਕਹਿੰਦੇ, ਉਹ ਸਿੱਖ ਅਖਵਾਉਣ ਦਾ ਹੱਕਦਾਰ ਨਹੀਂ ਜੋ ਜਪੁਜੀ ਸਾਹਿਬ ਪੜ੍ਹਦਾ ਜਾਂ ਸੁਣਦਾ ਨਹੀਂ। ਸੋ ਇਸ ਤਰ੍ਹਾਂ ਦੇ ਨਾਲ ਜਪੁਜੀ ਸਾਹਿਬ ਦੀ ਬਹੁਤ ਮਹਿਮਾ ਹੈ। 'ਆਤਮ ਮਾਰਗ' ਵਿਚ ਵੀ, ਜਪੁਜੀ ਸਾਹਿਬ ਦਾ ਮਹਾਤਮ, ਦੀਵਾਨ ਛਪਦਾ ਰਿਹਾ ਹੈ। ਯੂ-ਟਿਊਬ 'ਤੇ ਵੀ ਪਾਈ ਗਈ ਹੈ। ਸੁਣ ਕੇ ਦੇਖਿਆ, ਅੰਦਰ ਦਾ ਰਸਤਾ ਖੁਲ੍ਹਦਾ ਚਲਿਆ ਜਾਂਦਾ ਹੈ। ਅੰਦਰ ਦਾ ਰਸਤਾ ਹੀ ਆਤਮਾ ਦਾ ਮਾਰਗ ਹੈ।

ਇਸ ਤਰ੍ਹਾਂ ਕਰਦੇ-ਕਰਦੇ ਲਗਨ ਲੱਗੀ। ਫੇਰ ਆਪ ਜੀ ਦੋ ਵਜੇ ਜਿਹੜਾ ਸੁਧਾਸਰ ਸਰੋਵਰ ਮੋਤੀ ਬਾਗ 'ਚ ਹੈ। ਇਤਿਹਾਸਕ ਅਸਥਾਨ ਹੈ, ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਮੁਬਾਰਕ ਚਰਨ ਪਏ ਹਨ। ਉਥੇ ਉਨ੍ਹਾਂ ਸਮਿਆਂ ਵਿਚ ਸਾਰੇ ਹੀ ਫੌਜੀ ਅੰਮ੍ਰਿਤ ਵੇਲੇ ਬੈਠ ਜਾਂਦੇ। ਉਸੇ 'ਚ ਹੀ ਇਸ਼ਨਾਨ ਕਰ ਲੈਣਾ। ਸਮਾਂ ਅਜਾਈਂ ਨਹੀਂ ਸੀ ਗਵਾਉਂਦੇ ਕਿ ਉਹ ਪੂਰੀ ਤਰ੍ਹਾਂ ਦੇ ਨਾਲ, ਵਿਧੀ ਨਾਲ, ਜੋ ਸਤਿਪੁਰਸ਼ ਰੇਰੂ ਸਾਹਿਬ ਵਾਲਿਆਂ ਦੀ ਸੰਗਤ ਕਰਦੇ। ਜੁਗਤ ਦਸੀ ਹੁੰਦੀ। ਉਸ ਦੇ ਅਨੁਸਾਰ ਆਪ ਜੀ ਉਥੇ ਉਨ੍ਹਾਂ ਦੇ ਵਿਚ ਬੈਠ ਕੇ ਅਭਿਆਸ ਕਰਦੇ। ਪੰਜ ਪਾਠ ਤਾਂ ਸੁਖਮਨੀ ਸਾਹਿਬ ਜੀ ਦੇ ਹੀ ਕਰ ਲੈਂਦੇ ਸੀ। ਸੁਰਤ ਨਾਲ ਕਰਦੇ ਸੀ।

ਸਾਡੇ ਵਾਂਗੂੰ ਨਹੀਂ ਕਿ ਪ੍ਰਸ਼ਾਦੇ ਛਕ-ਛਕ ਕੇ, ਸਰੀਰ ਆਲਸੀ ਹੋ ਗਏ। ਤੁੰਦਰਾ ਪੈ ਜਾਂਦੀ ਹੈ। ਮਹਾਂਪੁਰਸ਼ ਦਸਿਆ ਕਰਦੇ ਕਿ ਸਾਨੂੰ 17 ਤੋਂ 20 ਮਿੰਟ ਲਗਦੇ ਇਕ ਪਾਠ ਨੂੰ। ਸੁਰਤਿ ਨਾਲ ਪਾਠ ਕਰ ਲੈਣੇ। ਫੇਰ ਸਮਾਧੀਆਂ ਕਿੰਨੀਆਂ ਲੰਮੀਆਂ-ਲੰਮੀਆਂ, ਪੰਜ-ਪੰਜ ਘੰਟੇ, 7 ਵਜੇ ਤਕ ਬੈਠੇ ਰਹਿਣਾ। ਅਸਲ 'ਚ ਇਹ ਸਾਡਾ ਸਾਰਿਆਂ ਦਾ ਹੀ ਮੁੱਢਲਾ ਫਰਜ਼ ਹੈ, ਮਹਾਂਪੁਰਸ਼ਾਂ ਦਾ ਜੀਵਨ ਤਾਂ ਇਕ ਰੋਲ ਮਾਡਲ ਹੈ, ਚਾਨਣ ਮੁਨਾਰੇ ਦਾ ਕੰਮ ਕਰਦਾ ਹੈ। ਜਿਵੇਂ ਸਮੁੰਦਰੀ ਰਾਹ ਦਾ ਪੱਥ ਪ੍ਰਦਰਸ਼ਕ ਲਾਈਟ ਹਾਊਸ ਹੁੰਦਾ ਹੈ। ਇਸੇ ਤਰ੍ਹਾਂ ਮਹਾਂਪੁਰਖਾਂ ਦਾ ਇਹ ਜੀਵਨ, ਜਿਸ ਦੀ ਆਪਾਂ ਵਿਚਾਰ ਕਰ ਰਹੇ ਹਾਂ, ਇਥੋਂ ਸਾਨੂੰ ਜੀਵਨ ਜਾਂਚ ਮਿਲਦੀ ਹੈ।

*ਸੰਤ ਰਹਤ ਸੁਨਹੁ ਮੇਰੇ ਭਾਈ ॥*

*ਉਆ ਕੀ ਮਹਿਮਾ ਕਥਨੁ ਨ ਜਾਈ ॥ ਅੰਗ - ੩੯੨*

ਕਿਉਂ ਨਹੀਂ ਕਥੀ ਜਾ ਸਕਦੀ ਕਿਉਂਕਿ ਨਾਮ 'ਚ ਉਹਨਾਂ ਦਾ ਨਿਵਾਸ ਹੈ।

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥*
*ਸੰਤ ਕਾ ਸੰਗੁ ਵਡਭਾਗੀ ਪਾਈਐ ॥*
*ਸੰਤ ਕੀ ਸੇਵਾ ਨਾਮੁ ਧਿਆਈਐ ॥ ਅੰਗ- ੨੬੫*

ਐਸਾ ਜੀਵਨ, ਭਾਵੇਂ ਕਿ ਅਜੇ ਗੁਰੂ ਵਾਲੇ ਨਹੀਂ ਸੀ ਬਣੇ। ਪਰ ਇਹ ਵੀ ਲਗਨ ਦੇਖ ਕੇ ਸੰਗਤ ਦੀ ਰੰਗਤ ਚੜ੍ਹੀ। ਸੱਤਵੀਂ ਜਮਾਤ ਤੋਂ ਹੀ ਰੰਗ ਲਗ ਗਿਆ। ਜਪੁਜੀ ਸਾਹਿਬ ਦਾ ਪਾਠ ਬਾਰ-ਬਾਰ ਪੜ੍ਹਨਾ, ਸੁਖਮਨੀ ਸਾਹਿਬ ਪੜ੍ਹਨਾ। ਬਾਣੀ ਦੀ ਐਨੀ ਲਗਨ ਲਗ ਗਈ, ਫੇਰ ਉਹਨਾਂ ਸਤਿਸੰਗੀਆਂ ਦੇ ਰਾਹੀਂ ਜਾਗ ਲੱਗੀ। ਅੰਮ੍ਰਿਤ ਵੇਲਾ ਸੰਭਾਲਦੇ ਨੇ। ਹੁਣ ਇਹ ਦੇਖਦੇ ਨੇ ਘਰ ਵਾਲੇ ਤਾਂ। ਕਿਉਂਕਿ ਰਾਤ ਨੂੰ ਘਰਵਾਲਿਆਂ ਨੇ ਤਾਂ ਲੇਟ ਆਉਣਾ, ਰਾਜੇ ਮਹਾਰਾਜਿਆਂ ਕੋਲੋਂ। ਫੇਰ ਦਿਨ ਚੜ੍ਹੇ ਤਕ ਸੌਣਾ। ਉਹਨਾਂ ਨੂੰ ਤਾਂ ਇਸ ਪ੍ਰਕ੍ਰਿਆ ਦਾ ਪਤਾ ਨਹੀਂ ਸੀ। ਪਰ ਇਹ ਮਹਾਂਪੁਰਸ਼ ਪੂਰੀ ਰਹਿਤ ਰੱਖ ਰਹੇ। ਸੰਗਤ ਨਾਲ ਜਦੋਂ ਰੇਰੂ ਸਾਹਿਬ ਵਾਲੇ ਮਹਾਂਪੁਰਸ਼ਾਂ ਕੋਲ ਗਏ। ਸੰਤ ਬਾਬਾ ਕਿਸ਼ਨ ਸਿੰਘ ਜੀ ਫੌਜ ਵਿਚ ਹੁੰਦੇ। ਬਾਬਾ ਹੀਰਾ ਸਿੰਘ ਜੀ ਹੁੰਦੇ, ਇਹ ਸੰਤ ਨਿਰੰਜਨ ਸਿੰਘ ਜੀ ਮੋਹੀ ਵਾਲੇ ਹੁੰਦੇ। ਇਹ ਸਾਰੇ ਫੌਜ ਵਿਚ ਉਸ ਸਮੇਂ ਹੁੰਦੇ ਸਨ। ਆਪ ਦਸਵੀਂ 'ਚ ਪੜ੍ਹਦੇ ਸਨ। ਰਾੜਾ ਸਾਹਿਬ ਉਸ ਸਮੇਂ ਢੱਕੀ ਸੀ। ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਮਹਾਂਪੁਰਸ਼ ਬਿਰਾਜਦੇ ਸਨ। ਆਪ ਵੀ ਫੌਜ ਵਿਚ ਰਹੇ। ਫੌਜ ਦੀ ਨੌਕਰੀ ਬੜੀ ਮਰਿਆਦਾ ਦੀ ਹੈ, ਅਨੁਸਾਸ਼ਨ ਦੀ ਹੈ। ਇਸੇ ਕਰਕੇ ਜ਼ਿਆਦਾਤਰ ਸਾਧੂ ਫੌਜ ਵਿਚ ਹੀ ਹੋਏ। ਹੁਣ ਲਗਨ ਲੱਗੀ ਸੀ। ਜਦੋਂ ਮਹਾਂਪੁਰਖਾਂ ਦੀ ਪਾਰਖੂ ਅੱਖ, ਜਦੋਂ ਦ੍ਰਿਸ਼ਟੀ ਨਾਲ ਦ੍ਰਿਸ਼ਟੀ ਮਿਲੀ-

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥*
*ਅੰਗ - ੨੭੩*

ਗੁਲਾਬ ਅੱਜ ਅਤਰ ਨਾਲ ਮਿਲ ਗਿਆ, ਕਿਉਂਕਿ ਗੁਲਾਬ ਦੀ ਵੀ ਸੁਗੰਧੀ ਹੈ, ਅਤਰ ਦੀ ਵੀ ਸੁਗੰਧੀ ਹੈ। ਇਹ ਸੁਗੰਧੀ ਕਿੰਨੀ ਫੈਲੀ ਪਹਿਲੇ ਮਿਲਾਪ 'ਚ ਹੀ ਉਹਨਾਂ ਮਹਾਂਪੁਰਸ਼ਾਂ ਦੇ ਨਾਲ ਦਿਲਾਂ ਦੇ ਸੌਦੇ ਹੋ ਗਏ। ਮਰਿਆਦਾ ਪੁਰਸ਼ੋਤਮ ਮਹਾਤਮਾ ਨੇ ਕਿਹਾ ਕਿ ਗੁਰੂ ਵਾਲੇ ਬਣੋ। ਉਸੇ ਸਮੇਂ ਅੰਮ੍ਰਿਤ ਛਕ ਲਿਆ। ਜਦੋਂ ਹੁਕਮਨਾਮਾ ਆਇਆ, ਉਸ ਪਹਿਲੇ ਅੱਖਰ 'ਤੇ ਆਪ ਜੀ ਦਾ ਨਾਮ 'ਈਸ਼ਰ ਸਿੰਘ' ਰਖ ਦਿਤਾ। ਹੁਣ ਗੁਲਾਬ ਅਤਰ 'ਚ ਸੁਮੇਲ ਹੋ ਕੇ ਈਸ਼ਵਰ ਦਾ ਰੂਪ ਬਣ ਗਏ। ਕਿਉਂਕਿ ਕਮਾਈ ਤਾਂ ਜਨਮਾਂ-ਜਨਮਾਂ ਦੀ ਪਹਿਲਾਂ ਹੀ ਬਹੁਤ ਸੀ। ਇਸ ਜਨਮ ਦੀ ਵੀ ਕੋਈ ਘੱਟ ਨਹੀਂ ਸੀ।

ਹੁਣ ਫੌਜੀਆਂ ਦੀਆਂ ਛੁੱਟੀਆਂ ਵੀ ਖਤਮ ਹੋ ਗਈਆਂ, ਮਹਾਂਪੁਰਸ਼ ਫੌਜੀਆਂ ਨੂੰ ਕਹਿਣ ਲੱਗੇ, ਚਲੋ, ਤੁਹਾਡੀਆਂ ਛੁੱਟੀਆਂ ਤਾਂ ਖਤਮ ਹੋ ਗਈਆਂ, ਇਹ ਕਾਕਾ ਤਾਂ ਲਗਦਾ ਹੈ ਲੰਮੀਆਂ ਛੁੱਟੀਆਂ 'ਤੇ ਹੀ ਆਇਆ ਹੈ। ਜਾਣ ਨੂੰ ਇਹਦਾ ਦਿਲ ਨਹੀਂ ਕਰਦਾ। ਫੇਰ ਕਿਹਾ ਕਿ ਚਲੋ ਦਸਵੀਂ ਦੇ ਪੇਪਰ ਦੇ ਕੇ ਆ ਜਾਇਓ। ਦਸਵੀਂ ਦੇ ਪੇਪਰ ਕੀ ਦੇਣੇ ਸਨ, ਪੇਪਰਾਂ 'ਚ ਵਾਹਿਗੁਰੂ-ਵਾਹਿਗੁਰੂ ਹੀ ਲਿਖਿਆ। ਐਸਾ ਸ਼ਕਤੀਸ਼ਾਲ ਮੰਤ੍ਰ ਜਿਹੜਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਲੈ ਕੇ ਆਏ, ਆਪ ਜੀ ਨੇ ਜਦੋਂ ਵਿਧੀਪੂਰਵਕ ਪੰਜ ਪਿਆਰਿਆਂ ਤੋਂ ਲਿਆ। ਉਸੇ ਸਮੇਂ ਇਸ ਦਾ ਅਭਿਆਸ ਕੀਤਾ। ਇਸ ਗੁਰਮੰਤ੍ਰ ਨੂੰ ਐਨਾ ਸਿੱਧ ਕਰ ਲਿਆ। ਪੰਜ ਪਿਆਰਿਆਂ ਨੇ ਜੋ ਮੂਲਮੰਤ੍ਰ ਦਿਤਾ ਐਨਾ ਦ੍ਰਿੜ੍ਹ ਕਰ ਲਿਆ ਕਹਿੰਦੇ ਕਿ ਸਾਡੇ ਸਵਾਸ ਦੇ ਉਤੇ ਆ ਗਿਆ। ਬੈਖਰੀ, ਮਧਮਾ, ਪਸੰਤੀ ਬਾਣੀ, ਪਰਾ ਬਾਣੀ 'ਚੋਂ ਲੰਘਦੇ ਹੋਏ ਸਵਾਸ 'ਤੇ ਆ ਗਿਆ, ਆਗਿਆ ਚੱਕਰ 'ਚ ਜਾ ਕੇ ਧਿਆਤਾ ਧਿਆਨ ਧੇਅ ਦੀ ਤ੍ਰਿਕੁਟੀ ਤੋੜ ਕੇ ਗਿਆਤਾ ਗਿਆਨ ਗੇਯ ਇਕ ਹੋ ਗਿਆ -

*ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥*
*ਅੰਗ - ੯੭੪*

ਐਸੀਆਂ ਘਾਟੀਆਂ ਆਪ ਜੀ ਨੇ ਮੰਜ਼ਿਲ-ਦਰ-ਮੰਜ਼ਿਲ ਆਪ ਜੀ ਨੇ ਤਹਿ ਕੀਤੀਆਂ।

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ - ੨੯੫*

ਮਹਾਂਪੁਰਖਾਂ ਕੋਲ ਜੁਗਤੀਆਂ ਹੁੰਦੀਆਂ ਹਨ। ਉਸ ਜੁਗਤ ਨਾਲ ਉਹ -

*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਅੰਗ - ੨੯੫*

ਮੁਕਤ ਅਵਸਥਾ ਜਿਥੇ ਜਾ ਕੇ ਸਭ ਦੁਖ ਮੁੱਕ ਜਾਣ। ਉਹ ਐਸੀ ਅਵਸਥਾ ਦੇ ਮਾਲਕ, ਰੇਰੂ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ ਜੁਗਤੀਆਂ ਦਰਸਾਈਆਂ। ਅੰਮ੍ਰਿਤ ਵੇਲੇ 2 ਵਜੇ ਸਾਮ੍ਹਣੇ ਬਿਠਾ ਕੇ, ਇਹ ਜੁਗਤ ਦਰਸਾ ਦਿਤੀ ਜਿਸ ਦੇ ਉਹ ਆਪ ਮਾਲਕ ਹਨ। ਸਵਾਸ-ਸਵਾਸ ਦਾ ਭਜਨ, ਫੇਰ ਕਿੰਨੀਆਂ ਹੀ ਅਵਸਥਾਵਾਂ ਪ੍ਰਾਪਤ -

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਅੰਗ- ੯੪੧*

ਜਦੋਂ ਵੈਰਾਗ ਲੱਗਿਆ, ਕਿਉਂਕਿ ਢਾਈ ਕੁ ਸਾਲ ਹੀ ਮਹਾਂਪੁਰਖਾਂ ਦੀ ਨਿਜ ਸੇਵਾ ਦੇ ਵਿਚ। ਸੇਵਾ ਕੀ ਸੀ, ਇਕ ਤਪ ਹੀ ਸੀ -

*ਸੰਤ ਕੀ ਸੇਵਾ ਨਾਮੁ ਧਿਆਈਐ ॥ ਅੰਗ- ੨੬੫*

'ਅਲਪ ਅਹਾਰ ਸੁਲਪ ਸੀ ਨਿੰਦ੍ਰਾ' ਦੀ ਅਵਸਥਾ ਦੇ ਵਿਚ ਦੀ ਆਪ ਜੀ ਲੰਘਦੇ। ਕਿਉਂਕਿ ਰੇਰੂ ਸਾਹਿਬ ਵਾਲੇ ਮਹਾਰਾਜ ਦਾ ਸਰੀਰ ਬੜਾ ਸਖਤ ਸੀ। 300 ਵਿੱਘਾ ਜ਼ਮੀਨ ਉਹਨਾਂ ਨੇ ਖਰੀਦੀ। ਖੇਤੀ ਕੀਤੀ। ਰੇਰੂ ਸਾਹਿਬ ਦੇ ਨਾਮ ਕਰਵਾਈ। ਗੋਖੇ ਦੀ ਛਪੜੀ, ਉਥੇ ਗੁਫਾ ਸੀ, ਹੁਣ ਵੀ ਹੈ। ਉਸ ਦੇ ਵਿਚ ਆਪ ਜੀ ਬਿਰਾਜਦੇ। 101 ਡੋਲ ਨਾਲ ਮਹਾਂਪੁਰਸ਼ਾਂ ਦਾ ਆਪ ਇਸ਼ਨਾਨ ਕਰਵਾਉਂਦੇ। ਉਸ ਤੋਂ ਬਾਅਦ ਉਹ ਫੇਰ ਗੋਖੇ ਦੀ ਛਪੜੀ ਚਲੇ ਜਾਂਦੇ। ਰਾਤ ਦੇ 11 ਦੇ ਵਜੇ ਤਕ ਉਹ ਆਪ ਜਾਗਦੇ, ਉਸ ਸਮੇਂ ਤਕ ਜਿਹੜੇ ਗੜਵਈ ਸਨ, ਛੋਟੇ ਮਹਾਰਾਜ ਘੋੜੀ ਦੀ ਸੇਵਾ ਵਿਚ ਸਨ, ਆਪ ਜੀ ਨਿਜ ਸੇਵਾ ਦੇ ਵਿਚ ਸਨ। ਫੇਰ ਹੋਰ ਵੀ ਤਪ ਤੇ ਤਤਿਕਸ਼ਾ ਸੀ। ਐਨਾ ਤਪ ਕੀਤਾ -

*ਜੈਸਾ ਸੇਵੈ ਤੈਸੋ ਹੋਇ ॥ ਅੰਗ - ੨੨੩*

ਜਦੋਂ ਸੰਤ ਮਹਾਰਾਜ 9 ਮਾਘ 1927 ਈਸਵੀ 'ਚ ਰੇਰੂ ਸਾਹਿਬ ਵਾਲਿਆਂ ਨੇ ਭਾਣਾ ਵਰਤਾਇਆ। ਸਰੀਰ ਛੱਡਣ ਤੋਂ ਪਹਿਲਾਂ ਹੀ ਆਪ ਜੀ ਨੂੰ ਬਾਣਾ ਪਹਿਨਾਇਆ। ਦੋਵੇਂ ਮਹਾਂਪੁਰਸ਼ਾਂ ਨੂੰ ਚੋਲਾ ਪਹਿਨਾਇਆ, ਅਰਦਾਸ ਕੀਤੀ ਕਿ ਇਸ ਬਿਰਦ ਬਾਣੇ ਦੀ ਲਾਜ ਰੱਖਿਓ। ਭਾਵੇਂ ਹੋਰ ਕਿੰਨੇ ਹੀ ਸਿੰਘ ਸਨ। ਪਰ ਰੂਹਾਨੀਅਤ ਕਿਸੇ ਇਕ ਦਾ ਅਧਿਕਾਰ ਤਾਂ ਹੈ ਨਹੀਂ, ਇਕ ਜਗਦੇ ਦੀਵੇ ਨਾਲ ਜਿੰਨੇ ਮਰਜ਼ੀ ਦੀਵੇ ਜਗਾ ਲਓ ਪਰ ਕਈ ਵਾਰੀ ਰਾਜਨੀਤੀ ਅਸਥਾਨਾਂ 'ਤੇ ਆ ਜਾਂਦੀ ਹੈ। ਉਸ ਸਮੇਂ ਬਾਬਾ ਭਗਵਾਨ ਸਿੰਘ ਜੀ ਸੀਨੀਅਰ ਸਨ। ਉਹਨਾਂ ਨੂੰ ਦਸਤਾਰ ਬੰਦੀ ਹੋਈ। 5 ਮਹੀਨੇ ਮਹਾਂਪੁਰਸ਼ਾਂ ਦੇ ਸਰੀਰਕ ਵਿਛੋੜੇ ਤੋਂ ਬਾਅਦ ਵੈਰਾਗਮਈ ਅਵਸਥਾ ਸੀ ਆਪ ਦੀ, ਮਨ ਦੀ ਦਸ਼ਾ ਬਦਲਣ ਵਾਸਤੇ ਦੋਵੇਂ ਮਹਾਂਪੁਰਸ਼ ਛੋਟੇ ਤੇ ਵੱਡੇ ਆਹ ਜਿਹੜੀ ਨਹਿਰ ਚਲਦੀ ਹੈ, ਸ੍ਰੀ ਅਨੰਦਪੁਰ ਸਾਹਿਬ ਵਲ ਨੂੰ ਪੈਦਲ ਯਾਤਰਾ ਆਰੰਭ ਕਰ ਦਿੰਦੇ ਨੇ। ਵੈਰਾਗਮਈ ਅਵਸਥਾ 'ਚ ਵਿਚਰਦੇ-ਵਿਚਰਦੇ ਪਟਿਆਲੇ ਪਹੁੰਚਦੇ ਨੇ। ਭਾਈ ਗਿਆਨ ਸਿੰਘ ਰਾੜੇ ਵਾਲਾ ਉਹ ਫੇਰ ਆਪ ਜੀ ਨੂੰ ਲੈ ਕੇ ਢੱਕੀ ਆਉਂਦਾ ਹੈ। ਉਥੇ ਆਪ ਜੀ ਨਿਵਾਸ ਰਖਦੇ ਨੇ। ਇਸ ਢੱਕੀ ਦੇ ਵਿਚ ਆਪ ਜੀ ਨੇ ਐਨਾ ਤਪ ਕੀਤਾ, ਅਵਸਥਾਵਾਂ ਇਵੇਂ ਤਾਂ ਮਿਲਦੀਆਂ ਨਹੀਂ। ਆਪ ਜੀ ਚਾਰ ਫੁੱਟ ਮੁਰੱਬੇ ਦੇ ਵਿਚ ਬੈਠ ਕੇ ਤਪ ਕਰਦੇ, ਘੱਟ ਖਾਣਾ, ਘੱਟ ਸੌਣਾ, ਘੱਟ ਬੋਲਣਾ। ਤਪ ਐਨਾ ਕਰਦੇ ਕਿ ਜਦੋਂ ਇਹ ਸ਼ਬਦ ਪੜ੍ਹਦੇ ਕਿ 'ਤਨ ਸੁੱਕ ਕੇ ਹੱਡਾਂ ਦੀ ਮੁੱਠੀ ਹੋ ਗਿਆ, ਅਜੇ ਵੀ ਨਾ ਰੱਬ ਬਹੁੜਿਆ।' ਉਸੇ ਦੀ ਮੂਰਤੀ ਹੋ ਜਾਂਦੇ -

*ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥*
*ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥*
*ਅੰਗ - ੧੩੮੨*

ਐਸੀ ਅਵਸਥਾ ਬਾਬਾ ਫਰੀਦ ਜੀ ਵਾਂਗੂੰ, ਐਨਾ ਤਪ ਕੀਤਾ। ਆਪ ਜੀ ਦੀ ਮਹਿਮਾ ਸਾਰੇ ਫੈਲ ਗਈ। ਜਿਸ ਢੱਕੀ ਦੇ ਵਿਚੋਂ ਦਿਨ 'ਚ ਲੰਘਦੇ ਸਮੇਂ ਵੀ ਡਰ ਆਉਂਦਾ ਸੀ, ਅੱਜ ਉਥੇ -

*ਨਿਰਭਉ ਜਪੈ ਸਗਲ ਭਉ ਮਿਟੈ ॥*
*ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥ ਅੰਗ - ੨੯੩*

ਕਿੰਨੇ ਪ੍ਰਾਣੀਆਂ ਨੇ, ਪ੍ਰਾਣ ਵਾਯੂ ਰਾਹੀਂ ਅਭਿਆਸ ਕੀਤਾ। ਉਸ ਅਵਸਥਾ ਦੇ ਮਾਲਕ ਹੋਏ। ਵੈਰਾਗ ਦੇ ਵਿਚ ਹਨ ਆਪ ਜੀ ਕਿਉਂਕਿ -

*ਬਿਨੁ ਬੈਰਾਗ ਨ ਛੂਟਸਿ ਮਾਇਆ ॥ ਅੰਗ- ੩੨੯*

ਜਦੋਂ ਤਕ ਵੈਰਾਗ ਨਹੀਂ ਆਉਂਦਾ, ਮਾਇਆ ਤੋਂ ਛੁਟਕਾਰਾ ਨਹੀਂ ਹੁੰਦਾ। ਆਪ ਜੀ ਦੇ ਅੰਦਰ ਐਨਾ ਵੈਰਾਗ ਸੀ -

*ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,*
*ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।*
*ਕਮਗੁਫਤਨੋ, ਕਮ ਖ਼ੁਰਦਨੋਂ,*
*ਖ਼ੁਆਬਸ਼ ਹਰਾਮ, ਇੰਤਜ਼ਾਰੀ, ਬੇਕਰਾਰੀ, ਦਸਤਸਰ।*

ਸੰਤ ਈਸ਼ਰ ਸਿੰਘ ਮਹਾਰਾਜ ਜੀ ਤੋਂ ਹੀ ਕਿੰਨੇ ਸੰਤ ਬਣੇ। ਰਾੜਾ ਸਾਹਿਬ ਤੋਂ ਹੀ ਆਪਣੇ ਪਿਆਰੇ ਮਹਾਂਪੁਰਸ਼ ਜਿਨ੍ਹਾਂ ਦਾ ਨਗਰ ਧਮੋਟ, ਉਹਨਾਂ ਨੇ ਰਤਵਾੜਾ ਸਾਹਿਬ ਨੂੰ ਭਾਗ ਲਾਏ। ਇਸੇ ਤਰ੍ਹਾਂ ਨਾਲ ਉਹਨਾਂ ਦੇ ਜੀਵਨ ਸਾਥੀ ਪਰਮ ਸਤਿਕਾਰਯੋਗ ਬੀਜੀ ਬੀਤ ਰਾਗ ਅਵਸਥਾ ਦੇ ਮਾਲਕ। ਇਹ ਜੋ ਨੌਂ ਨਿਸ਼ਾਨੀਆਂ ਉਹਨਾਂ ਦੇ ਸਰੀਰ ਤੋਂ ਵੀ ਪ੍ਰਗਟ ਹੁੰਦੀਆਂ। ਉਹਨਾਂ ਦਾ ਸਰੀਰਕ ਜਨਮ ਦਿਹਾੜਾ 8 ਅਗਸਤ ਨੂੰ ਰਤਵਾੜਾ ਸਾਹਿਬ ਦੀ ਪਾਵਨ ਭੂਮੀ 'ਤੇ, ਬਹੁਤ ਹੀ ਸ਼ਰਧਾ ਪਿਆਰ, ਸਤਿਕਾਰ, ਖੁਸ਼ੀਆਂ ਚਾਵਾਂ ਨਾਲ ਮਨਾਇਆ ਜਾ ਰਿਹਾ ਹੈ। ਸੋ ਇਹ ਖੁਸ਼ੀਆਂ ਦੇ ਦਿਹਾੜੇ ਮਨਾਉਣ ਨਾਲ ਖੁਸ਼ੀਆਂ ਦੇ ਵਿਚ ਵਾਧਾ ਹੁੰਦਾ ਹੈ-

*ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥*
*ਅੰਗ - ੪੪*

*ਵਾਹਿਗੁਰੂ ਜੀ ਕਾ ਖ਼ਾਲਸਾ,*
*ਵਾਹਿਗੁਰੂ ਜੀ ਕੀ ਫ਼ਤਹਿ।*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

ਸਿਰੀਰਾਗੁ ਮਹਲਾ ੪ ਵਣਜਾਰਾ
ੴ ਸਤਿ ਨਾਮੁ ਗੁਰ ਪ੍ਰਸਾਦਿ ॥
ਹਰਿ ਹਰਿ ਉਤਮੁ ਨਾਮੁ ਹੈ
ਜਿਨਿ ਸਿਰਿਆ ਸਭੁ ਕੋਇ ਜੀਉ ॥

ਹੇ ਪਿਆਰੇ ਜੀ! ਸਾਰਿਆਂ ਦੇ ਇੰਦਰਿਆਂ, ਮਨਾਂ, ਪ੍ਰਾਣਾਂ, ਬੁੱਧੀਆਂ, ਤੱਤਾਂ ਦੇ ਸੂਰਜ, ਚੰਦ ਆਦਿਕ ਨੂੰ ਹਰਿ=ਹਰੇ ਭਰੇ ਕਰਕੇ ਪ੍ਰਕਾਸ਼ ਕਰਨ ਵਾਲੇ ਹਰਿ=ਪਰਮੇਸ਼ਰ ਦਾ ਨਾਮ ਸਾਰਿਆਂ ਨਾਮਾਂ ਨਾਲੋਂ ਉਤਮੁ=ਸ੍ਰੇਸ਼ਟ ਹੈ, ਜਿਸ ਪਰਮੇਸ਼ਰ ਨੇ ਖੰਡ ਬ੍ਰਹਿਮੰਡ ਆਦਿ ਸਭੁ ਕੋਇ=ਕੋਈ ਸਿਰਿਆ=ਪੈਦਾ ਕੀਤਾ ਹੈ।

*ਹਰਿ ਜੀਅ ਸਭੇ ਪ੍ਰਤਿਪਾਲਦਾ*
*ਘਟਿ ਘਟਿ ਰਮਈਆ ਸੋਇ ॥*

ਹਰਿ=ਹਰੀ ਪਰਮੇਸ਼ਰ ਹੀ ਸਭੇ=ਸਾਰੇ ਜੀਅ=ਜੀਵਾਂ ਦੀ ਪ੍ਰਤਿਪਾਲਦਾ=ਪਾਲਣਾ ਕਰਨ ਵਾਲਾ ਹੈਂ ਅਤੇ ਸੋਇ=ਉਹ ਪਰਮੇਸ਼ਰ ਘਟਿ ਘਟਿ=ਘਟਾਂ ਘਟਾਂ ਵਿਚ ਰਮਈਆ=ਰਮਿਆ ਹੋਇਆ ਹੈ ਵਾ: ਸੋਇ=ਤੱਤ ਪਦ ਦਾ ਲਖ ਅਰਥ ਰੂਪ ਪਰਮੇਸ਼ਰ ਸਾਰਿਆਂ ਘਟਿ=ਸਰੀਰਾਂ ਤੇ ਘਟਿ=ਅੰਤਹਕਰਣ ਵਿਚ ਰਮਿਆ ਹੋਇਆ ਹੈ।

ਸੋ ਹਰਿ ਸਦਾ ਧਿਆਈ ॥

ਇਸ ਕਰਕੇ ਸੋ=ਉਸ ਹਰਿ=ਪਰਮੇਸ਼ਰ ਨੂੰ ਸਦਾ=ਨਿਤਾਪ੍ਰਤੀ ਹੀ ਧਿਆਈਐ=ਧਿਆਉਣਾ ਕਰੀਏ। ਤਿਸੁ=ਉਸ ਵਾਹਿਗੁਰੂ ਤੋਂ ਬਿਨੁ=ਬਗੈਰ ਅਵਰੁ=ਹੋਰ ਕੋਇ=ਕੋਈ ਵੀ ਜੀਵ ਦਾ ਰਾਖਾ ਨਹੀਂ ਹੈ।

ਜੋ ਮੋਹਿ ਮਾਇਆ ਚਿਤੁ ਲਾਇਦੇ
ਸੇ ਛੋਡਿ ਚਲੇ ਦੁਖੁ ਰੋਇ ॥

ਜੋ ਉਸ ਵਾਹਿਗੁਰੂ ਨੂੰ ਛੱਡ ਕੇ ਮਾਇਆ ਦੇ ਮੋਹ ਵਿਚ ਚਿਤੁ=ਅੰਤਸ਼ਕਰਣ ਦੀ ਬਿਰਤੀ ਨੂੰ ਲਾਇਦੇ=ਲਾ ਲੈਂਦੇ ਹਨ, ਸੇ=ਉਹ ਦੁਨੀਆਂ ਵਿਚ ਸਾਰੇ ਪਦਾਰਥਾਂ ਨੂੰ ਛੋਡਿ=ਛੱਡ ਕੇ ਦੁੱਖ ਭੋਗਦੇ, ਅੰਤ ਨੂੰ ਰੋਂਦੇ ਚਲੇ=ਤੁਰ ਜਾਂਦੇ ਹਨ। ਫਿਰ ਉਨ੍ਹਾਂ ਦੀ ਰੱਖਿਆ ਕਰਨ ਵਿਚ ਕੋਈ ਸਮਰੱਥ ਨਹੀਂ ਹੁੰਦਾ।

ਜਨ ਨਾਨਕ ਨਾਮੁ ਧਿਆਇਆ
ਹਰਿ ਅੰਤਿ ਸਖਾਈ ਹੋਇ ॥੧॥

ਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਗੁਰਮੁਖ ਜਨਾਂ ਨੇ ਧਿਆਤਾਕਾਰ ਬਿਰਤੀ ਕਰਕੇ ਪਰਮੇਸ਼ਰ ਦੇ ਨਾਮ ਨੂੰ ਧਿਆਇਆ=ਧਿਆਉਣਾ ਕੀਤਾ ਹੈ, ਹਰਿ=ਪਰਮੇਸ਼ਰ ਅੰਤ ਸਮੇਂ ਉਨ੍ਹਾਂ ਦਾ ਸਖਾਈ=ਸਹਾਇਕ ਹੋਇ=ਹੁੰਦਾ ਹੈ।

ਮੈ ਹਰਿ ਬਿਨੁ ਅਵਰੁ ਨ ਕੋਇ ॥

ਮੈ=ਮੈਨੂੰ ਹਰਿ=ਹਰੀ ਪਰਮੇਸ਼ਰ ਤੋਂ ਬਿਨੁ=ਬਗੈਰ, ਕੋਇ=ਕੋਈ ਅਵਰ=ਹੋਰ ਆਸਰਾ ਨਹੀਂ ਹੈ।

ਹਰਿ ਗੁਰ ਸਰਣਾਈ ਪਾਈਐ ਵਣਜਾਰਿਆ ਮਿਤ੍ਰਾ
ਵਡਭਾਗਿ ਪਰਾਪਤਿ ਹੋਇ ॥੧॥ ਰਹਾਉ॥

ਹੇ ਸ਼ੁਭ ਅਸ਼ੁਭ ਕਰਮਾਂ ਕਰਕੇ ਵਣਜਾਰੇ ਅਤੇ ਚੇਤਨ ਦੀ ਅੰਸ਼ ਹੋਣ ਕਰਕੇ ਮਿੱਤਰਾ! ਉਸ ਹਰਿ=ਪਰਮੇਸ਼ਰ ਨੂੰ ਗੁਰੂ ਦੀ ਸਰਣਾਈ=ਸ਼ਰਨ ਵਿਚ ਪੈ ਕੇ ਹੀ ਪਾਈਐ=ਪਾਈਦਾ ਹੈ। ਪਰ ਵਡਭਾਗਿ=ਵੱਡਿਆਂ ਭਾਗਾਂ ਵਾਲਿਆਂ ਨੂੰ ਹੀ ਗੁਰੂ ਦੀ ਪ੍ਰਾਪਤੀ ਹੋਇ=ਹੁੰਦੀ ਹੈ।

ਸੰਤ ਜਨਾ ਵਿਣੁ ਭਾਈਆ
ਹਰਿ ਕਿਨੈ ਨ ਪਾਇਆ ਨਾਉ ॥

ਚੇਤਨ ਦੀ ਅੰਸ਼ ਹੋਣ ਕਰਕੇ ਪਾਤਸ਼ਾਹ ਜੀ ਸਾਰਿਆਂ ਨੂੰ ਭਾਈਆ=ਭਾਈ ਆਖਦੇ ਹਨ ਕਿ ਹੇ ਭਾਈ! ਸੰਤ ਜਨਾਂ ਦੀ ਸੰਗਤ ਤੋਂ ਵਿਣੁ=ਬਿਨਾਂ ਉਸ ਹਰਿ=ਹਰੀ ਪਰਮੇਸ਼ਰ ਦੇ ਨਾਮ ਨੂੰ ਕਿਨੈ=ਕਿਸੇ ਨੇ ਵੀ ਨ ਪਾਇਆ=ਪ੍ਰਾਪਤ ਨਹੀਂ ਕੀਤਾ।

ਵਿਚਿ ਹਉਮੈ ਕਰਮ ਕਮਾਵਦੇ
ਜਿਉ ਵੇਸੁਆ ਪੁਤੁ ਨਿਨਾਉ ॥

ਜੋ ਮਨਮੁਖ ਜੀਵ ਗੁਰਾਂ ਤੋਂ ਨਾਮ ਪ੍ਰਾਪਤ ਕੀਤੇ ਤੋਂ ਬਗੈਰ ਹਉਮੈ=ਹੰਗਤਾ ਮਮਤਾ ਵਿਚ ਲੱਗ ਕੇ ਸਕਾਮ ਕਰਮ ਕਮਾਵਦੇ=ਕਮਾਉਂਦੇ ਹਨ, ਉਹ ਕਰਮ ਇਸ ਪ੍ਰਕਾਰ ਹਨ ਜਿਉ=ਜਿਵੇਂ ਵੇਸੁਆ=ਦੁਰਾਚਾਰਨ ਇਸਤਰੀ ਦਾ ਪੁਤੁ=ਪੁੱਤਰ ਨਿਨਾਉ=ਪਿਤਾ ਦੇ ਨਾਂ ਤੋਂ ਰਹਿਤ ਹੁੰਦਾ ਹੈ, ਭਾਵ ਜਿਵੇਂ ਵੇਸਵਾ ਦਾ ਪੁੱਤਰ

ਕਿਸੇ ਸਭਾ ਵਿਚ ਆਪਣੇ ਪਿਤਾ ਦਾ ਨਾਮ ਨਾ ਦੱਸਣ ਕਰਕੇ ਚੰਗਾ ਨਹੀਂ ਸਮਝਿਆ ਜਾਂਦਾ। ਤਿਵੇਂ ਗੁਰਾਂ ਤੋਂ ਹੀਣ ਪੁਰਖ ਦੇ ਯਗ, ਤਪ, ਦਾਨ, ਆਦਿ ਹੋਰ ਕਰਮ ਵੀ ਪਰਮੇਸ਼ਰ ਦੀ ਦਰਗਾਹ ਅਤੇ ਸਤਿਸੰਗਤ ਵਿਚ ਸੋਭਾ ਦਾ ਕਾਰਨ ਨਹੀਂ ਬਣਦੇ। ਵੇਸਵਾ ਦੇ ਪੁੱਤਰ ਦੇ ਪਿਉ ਦਾ ਕੀ ਨਾਮ ਦੱਸਿਆ ਜਾਵੇ। ਨਿਗੁਰੇ ਦੇ ਗੁਰੂ ਰੂਪ ਪਿਤਾ ਦਾ ਕੋਈ ਨਾਮ ਨਹੀਂ ਹੁੰਦਾ। ਨਿਗੁਰੇ ਦੇ ਜਿਤਨੇ ਵੀ ਕਰਮ ਹੁੰਦੇ ਹਨ, ਉਹ ਹਉਮੈ ਸਹਿਤ ਹੁੰਦੇ ਹਨ। ਜਿਨ੍ਹਾਂ ਨੇ ਗੁਰੂ ਸਾਹਿਬ ਤੋਂ ਉਪਦੇਸ਼ ਨਹੀਂ ਲਿਆ, ਉਹ ਵੇਸਵਾ ਦੇ ਪੁੱਤਰ ਵਾਂਗ ਨਿਨਾਉ ਹੀ ਹੁੰਦੇ ਹਨ ਜੋ ਕਿ ਕਿਸੇ ਗੁਰੂ ਪੀਰ ਦੇ ਨਹੀਂ ਹੁੰਦੇ। ਜਿਸ ਪ੍ਰਕਾਰ ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ।

ਪਿਤਾ ਜਾਤਿ ਤਾ ਹੋਈਐ
ਗੁਰੁ ਤੁਠਾ ਕਰੇ ਪਸਾਉ ॥

ਜੇਕਰ ਗੁਰੁ=ਸਤਿਗੁਰੂ ਸਾਹਿਬ ਜੀ ਤੁਠਾ=ਪ੍ਰਸੰਨ ਹੋ ਕੇ ਪਸਾਉ=ਮਿਹਰ ਦੀ ਦ੍ਰਿਸ਼ਟੀ ਦੁਆਰਾ ਨਾਮ ਦੀ ਦਾਤ ਦੇਣਾ ਕਰੇ=ਕਰਨ ਤਾਂ ਪਿਤਾ ਪਰਮੇਸ਼ਰ ਦੀ ਜਾਤਿ=ਜਾਤੀ ਵਾਲੇ ਹੋਈਐ=ਹੋਈਦਾ ਹੈ ਭਾਵ ਪਰਮੇਸ਼ਰ ਦੀ ਸਤ ਚਿਤ ਅਨੰਦ ਸਰੂਪ ਦੀ ਪ੍ਰਾਪਤੀ ਰੂਪ ਜਾਤੀ ਵਾਲਾ ਹੋਈਦਾ ਹੈ।

ਵਡਭਾਗੀ ਗੁਰੁ ਪਾਇਆ
ਹਰਿ ਅਹਿਨਿਸਿ ਲਗਾ ਭਾਉ ॥

ਜਿਨ੍ਹਾਂ ਵਡਭਾਗੀ=ਵੱਡਿਆਂ ਭਾਗਾਂ ਵਾਲਿਆਂ ਨੇ ਗੁਰੂ ਦੇ ਦਰਸ਼ਨਾਂ ਨੂੰ ਪਾਇਆ=ਪਾਉਣਾ ਕੀਤਾ ਹੈ। ਉਨ੍ਹਾਂ ਨੂੰ ਹਿਰਦੇ ਅੰਦਰ ਐਸਾ ਸਤਿਗੁਰਾਂ ਦੇ ਮਿਲਣ ਦਾ ਰਸ ਪ੍ਰਾਪਤ ਹੋਇਆ ਕਿ ਉਨ੍ਹਾਂ ਨੂੰ ਅਹਿ=ਦਿਨ ਨਿਸਿ=ਰਾਤ ਹਰ ਵੇਲੇ ਹਰਿ=ਪਰਮੇਸ਼ਰ ਦਾ ਭਾਉ=ਪ੍ਰੇਮ ਲੱਗਾ ਰਹਿੰਦਾ ਹੈ।

ਜਨ ਨਾਨਕਿ ਬ੍ਰਹਮੁ ਪਛਾਣਿਆ
ਹਰਿ ਕੀਰਤਿ ਕਰਮ ਕਮਾਉ ॥੨॥

ਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਜਨ=ਭਗਤ ਜਨਾ ਨੇ ਬ੍ਰਹਮੁ=ਪਰਮੇਸ਼ਰ ਸਾਰਿਆਂ ਵਿਚ ਆਤਮਾ ਰੂਪ ਕਰਕੇ ਪਛਾਣਿਆ=ਜਾਣ ਲਿਆ ਹੈ ਅਤੇ ਉਹ ਹਰਿ=ਹਰੀ ਪ੍ਰਮੇਸ਼ਰ ਦੀ ਕੀਰਤਿ=ਵਡਿਆਈ ਵਾ: ਕੀਰਤਿ=ਕੀਰਤਨ ਦੀ ਭਗਤੀ ਰੂਪ ਕਰਮ=ਕਰਣੀ ਨੂੰ ਕਮਾਉ=ਕਮਾਉਂਦੇ ਹਨ।

ਮਨਿ ਹਰਿ ਹਰਿ ਲਗਾ ਚਾਉ ॥

ਉਨ੍ਹਾਂ ਦੇ ਮਨ ਵਿਚ ਹਰਿ=ਹਰੀ ਪਰਮੇਸ਼ਰ ਜੋ ਹਰਿ=ਸਾਰਿਆਂ ਨੂੰ ਹਰੇ ਭਰੇ ਕਰਨ ਵਾਲਾ ਹੈ, ਉਸ ਦੇ ਨਾਮ ਦਾ ਚਾਉ=ਉਤਸ਼ਾਹ ਲਗਾ=ਲੱਗਿਆ ਰਹਿੰਦਾ ਹੈ।

ਗੁਰਿ ਪੂਰੈ ਨਾਮੁ ਦ੍ਰਿੜਾਇਆ
ਹਰਿ ਮਿਲਿਆ ਹਰਿ ਪ੍ਰਭ ਨਾਉ ॥੧॥ ਰਹਾਉ ॥

ਪੂਰੇ=ਪੂਰਿਆਂ ਗੁਰਾਂ ਨੇ ਪਰਮੇਸ਼ਰ ਦਾ ਨਾਮ ਚੰਗੀ ਤਰ੍ਹਾਂ ਦ੍ਰਿੜਾਇਆ=ਦ੍ਰਿੜ੍ਹ ਕਰਵਾ ਦਿਤਾ ਹੈ। ਜਿਨ੍ਹਾਂ ਦੇ ਹਿਰਦੇ ਵਿਚ ਪਾਪਾਂ ਦੇ ਹਰਿ=ਹਾਰਕ ਪ੍ਰਭ=ਪਰਮੇਸ਼ਰ ਦਾ ਨਾਮ ਵਸਿਆ ਹੈ, ਉਨ੍ਹਾਂ ਨੂੰ ਨਾਮੀ ਹਰਿ=ਪਰਮੇਸ਼ਰ ਮਿਲਿਆ=ਮਿਲ ਗਿਆ ਭਾਵ ਪ੍ਰਾਪਤ ਹੋ ਗਿਆ ਹੈ।

ਜਬ ਲਗੁ ਜੋਬਨਿ ਸਾਸੁ ਹੈ
ਤਬ ਲਗੁ ਨਾਮੁ ਧਿਆਇ ॥

ਹੇ ਭਾਈ! ਜਬੁ ਲਗੁ=ਜਿਤਨਾ ਚਿਰ ਵਿਚ ਸਾਸੁ=ਸੁਆਸ ਚਲਦੇ ਹਨ ਅਤੇ ਤੇਰੇ ਉਤੇ ਜੋਬਨਿ=ਜਵਾਨੀ ਹੈ, ਤਬ ਲਗੁ=ਉਤਨਾ ਚਿਰ ਤੂੰ ਪਰਮੇਸ਼ਰ ਦੇ ਨਾਮ ਨੂੰ ਧਿਆਉਣ ਰੂਪੀ ਵਣਜ ਕਰ। ਜਗਿਆਸੂ ਜਨਾਂ ਨੇ ਸਤਿਗੁਰੂ ਪਾਤਸ਼ਾਹ ਜੀ ਨੂੰ ਪ੍ਰਸ਼ਨ ਕੀਤਾ ਕਿ ਮਹਾਰਾਜ ਜੀ! ਐਸੀ ਵਣਜ ਕਰਨ ਨਾਲ ਕਿਸ ਫਲ ਦੀ ਪ੍ਰਾਪਤੀ ਹੋਵੇਗੀ? ਤਾਂ ਹਜ਼ੂਰ ਪਾਤਸ਼ਾਹ ਨੇ ਐਸਾ ਫੁਰਮਾਨ ਕੀਤਾ –

ਚਲਦਿਆ ਨਾਲਿ ਹਰਿ ਚਲਸੀ
ਹਰਿ ਅੰਤੇ ਲਏ ਛਡਾਇ ॥

ਜਦੋਂ ਸਰੀਰ ਛੱਡ ਕੇ ਪਰਲੋਕ ਨੂੰ ਜਾਣਾ ਹੋਵੇਗਾ ਤਾਂ ਸੂਖਮ ਸਰੀਰ ਦੇ ਨਾਲ ਕੇਵਲ ਅਕਾਲ ਪੁਰਖ ਪਰਮੇਸ਼ਰ ਦਾ ਜਪਿਆ ਹੋਇਆ ਨਾਮ ਰੂਪੀ ਧਨ ਚੱਲੇਗਾ। ਬਾਕੀ ਘਰ ਬਾਰ, ਪਦਾਰਥ ਆਦਿ ਸਾਰੇ ਇਥੇ ਹੀ ਰਹਿ ਜਾਣਗੇ, ਕੋਈ ਸਹਾਇਤਾ ਨਹੀਂ ਕਰੇਗਾ। ਉਸ ਹਰਿ=ਹਰੀ ਪਰਮੇਸ਼ਰ ਨੇ ਜਿਨ੍ਹਾਂ 'ਤੇ ਕ੍ਰਿਪਾ ਕੀਤੀ, ਜਿਨ੍ਹਾਂ ਨੂੰ ਨਾਮ ਦੀ ਪੂੰਜੀ ਪ੍ਰਾਪਤ ਹੋ ਗਈ, ਉਨ੍ਹਾਂ ਨੂੰ ਅੰਤੇ=ਅੰਤ ਵੇਲੇ ਛਡਾਇ=ਛੁਡਾ ਭਾਵ ਬਚਾਅ ਲਏ=ਲੈਣਾ ਕੀਤਾ ਹੈ ਭਾਵ ਕਿ ਜਮਾਂ ਦੇ ਵਸ ਅਤੇ ਜੂਨਾਂ ਵਿਚ ਭਟਕਣ ਨਹੀਂ ਦਿੰਦਾ ਸਗੋਂ ਆਪਣੇ ਸਰੂਪ ਵਿਚ ਮੇਲ ਲੈਂਦਾ ਹੈ।

*'ਚਲਦਾ..........'*

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-41)*

### ਹਮਜ਼ਾ ਗ਼ੌਂਸ

ਸ੍ਰੀ ਗੁਰੂ ਨਾਨਕ ਦੇਵ ਜੀ ਲਾਲੋ ਦੇ ਕੋਠੇ ਦੇ ਬਾਹਰਵਾਰ ਧੁੱਪੇ ਬੈਠੇ ਹਨ ਤੇ ਪਿਆਰ ਨਜ਼ਰ ਨਾਲ ਤੱਕ ਕੇ ਲਾਲੋ ਨਾਲ ਗੱਲਾਂ ਕਰ ਰਹੇ ਹਨ -

ਲਾਲੋ! ਬਈ ਸੱਜਣਾਂ! ਸੀਂ ਬੀ ਡਾਢਾ ਪੈਂਦਾ ਹੈ ਤੇ ਦਿਨ ਬੀ ਅੱਗਾਂ ਸੇਕਣ ਤੇ ਅੰਦਰੀਂ ਬੂਹੇ ਮਾਰ ਕੇ ਬੈਠਣ ਦੇ ਹਨ, ਪਰ ਸਾਡਾ ਚਿਤ ਉਦਾਸੀਆਂ ਵਿਚ ਹੈ ਤੇ ਹੁਣ ਸਾਡੇ ਕੂਚ ਹਨ।

ਲਾਲੋ - ਪਾਤਸ਼ਾਹ! ਤੇਰੀਆਂ ਉਦਾਸੀਆਂ ਪ੍ਰੀਤ ਵਾਲਿਆਂ ਨੂੰ ਡਾਢੀਆਂ ਕਸਕਦੀਆਂ ਹਨ, ਪਰ ਬਣੇ ਕੀ? ਪ੍ਰੀਤ ਨਹੀਂ ਤਾਂ ਜਿੰਦ ਨਹੀਂ, ਪ੍ਰੀਤ ਹੈ ਤਾਂ ਵਿਛੋੜਾ ਨਾਲ ਹੈ, ਵਿਛੋੜਾ ਹੈ ਤਾਂ ਕਸਕਾਂ ਅੰਗ ਸੰਗ! ਪਰ ਭਲਾ ਹੋਵੇ ਕਸਕਾਂ ਦਾ, ਵਿਛੁੜਨ ਤਾਂ ਨਹੀਂ ਦੇਂਦੀਆਂ, ਪ੍ਰੀਤ ਹੋਵੇ, ਬੰਦਾ ਜੀਉਂਦਾ ਤਾਂ ਹੋਊ। ਜੀਉਂਦਾ ਲੋਵੀਏ, ਚਾਹੇ ਪੀੜਾਂ ਵਾਲੀ ਜਿੰਦ ਹੋਵੇ, ਮੁਰਦਾ ਕੁਝ ਨਾ ਤੇ ਮੁਰਦੇ ਦਾ ਆਰਾਮ ਕੁਝ ਨਾ। ਸੁਬਹਾਨ ਤੇਰੀ ਪ੍ਰੀਤ ਨੂੰ, ਪਾਤਸ਼ਾਹ! ਸੁਅਸਥ ਤੇਰੀ ਭਾਉਣੀ ਨੂੰ, ਸਾਨੂੰ ਅਪਨਾਈ ਰੱਖ, ਜਿਵੇਂ ਤੇਰੀ ਰਜ਼ਾ।

ਗੁਰੂ ਨਾਨਕ - ਲਾਲੋ! ਪਿਆਰਿਆ! ਕਿਵੇਂ ਕੀਚੇ, ਕਰਤਾਰ ਠਾਟ ਠਟਿਆ ਈਵੇਂ। ਸੰਸਾਰ ਗਿਲਾਨ ਵਿਚ ਵਰਤ ਗਿਆ, ਪਿਆਰ ਦੀਆਂ ਤਾਰਾਂ ਤੁੱਟ ਗਈਆਂ, ਲੇਖੇ ਹਿਸਾਬ ਰਹਿ ਗਏ, ਸਰੀਰ ਟੁੱਟੇ ਰਬਾਬ ਹੋ ਗਏ, ਨਾ ਤਾਰ ਨਾ ਤੰਤ। ਮਾਲਕ ਨੂੰ ਮੋਇਆ ਹੋਇਆ ਜੱਗ ਨਹੀਂ ਭਾਉਂਦਾ ਓਸ ਬਣਾਇਆ ਸੀ ਜੀਉਂਦਾ, ਇਹ ਆਪਣੇ ਕਾਣ ਮੋਇਆ, ਕਰਤਾਰ ਵਤ ਜਿਵਾਇਆ ਲੋੜਦਾ ਏ, ਦੱਸ ਕਿਵੇਂ ਕਰੀਏ? ਹੁਕਮ ਹੈ ਰੂਹ ਫੂਕਣੇ ਦਾ ਸਿੰਙੀ-ਸਾਜ ਵਜਾਉਣ ਦਾ, ਜਿਵਾਲਣ ਦਾ ਸੋ 'ਜਿਵ ਜਿਵ ਹੁਕਮ ਤਿਵੈ ਤਿਵ ਕਾਰ।' ਲਾਲੋ! ਸੀਉਕੇ, ਪਿੰਡ ਵਿਚ ਇਕ ਜਾਨ ਪਈ ਤੜਫਦੀ ਹੈ, ਜੀਵਿਆ ਲੋੜਦੀ ਹੈ, ਹੁਕਮ ਹੋਇਆ ਹੈ ਜਾਓ ਮੇਰੇ ਨਾਮ ਦਾ ਅੰਮ੍ਰਿਤ ਪਿਲਾਓ। ਸੋ ਜਾਣਾ ਹੈ, ਹੁਕਮ ਕਮਾਉਣਾ ਹੈ, ਹੁਕਮ ਨਾਲ ਬੱਝੇ ਰਹਿਣਾ ਸਾਂਈਂ ਰੰਗ ਵਿਚ ਰੱਤੇ ਰਹਿਣਾ ਹੈ। ਹਾਂ ਲਾਲੋ।

*ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥*

*ਅੰਗ- ੪੩੯*

ਇਹ ਕਹਿੰਦਿਆਂ ਰੱਬੀ ਨੈਣ ਮੁੰਦ ਗਏ। ਇਕ ਜਲਾਲ ਚਿਹਰੇ ਤੇ ਚਮਕਿਆ, ਲਾਲੋ ਦੇ ਨੈਣ ਕੋਟਰੇ, ਜੋ ਡਲ੍ਹ-ਡਲ੍ਹ ਕਰ ਰਹੇ ਸਨ, ਡੁਲ੍ਹ ਪਏ, ਸਿਰ ਕਚਕੌਲ ਨਿਉਂ ਗਿਆ, ਚਰਨਾਂ ਤੇ ਜਾ ਲੱਗਾ, ਰੱਬੀ ਝਰਨਾਟ ਇਕ ਅਕਹਿ ਰਸ ਦੀ ਆਈ, ਕਾਂਬਾ ਤੇ ਸਰੂਰ ਹਿਲੋਰੇ ਦੇ ਗਿਆ। ਅਗਲੀ ਪਲ ਵਿਚ ਲਾਲੋ ਦੇ ਨੈਣ ਸੜਕ ਵਲ ਤੱਕਦੇ ਖੜਹੇ ਹਨ ਤੇ ਰੱਬੀ ਜੋਤ ਸਤਿਗੁਰ ਨਾਨਕ ਜੀ ਦੀ ਕੰਡ ਦੇ ਦਰਸ਼ਨ ਹੋ ਰਹੇ ਹਨ ਤੇ ਦੇਖਦੇ-ਦੇਖਦੇ ਕਲੇਜੇ ਠਾਰਨ ਵਾਲੀ ਕੰਡ ਵੀ ਉਹਲੇ ਹੋ ਗਈ।

ਵਗਦੇ ਖੂਹ ਦੀ ਗਾਧੀ 'ਤੇ ਬੈਠਾ ਰੂਪਾ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਹੈ -

ਰੁਪਿਆ! ਵਾਹ ਵਾਹ ਰੁਪਿਆ, ਨਿੱਕਿਆਂ ਹੁੰਦਿਆਂ ਵੱਛੇ ਚਾਰੇ ਤੇ ਵੱਡੇ ਹੋ ਕੇ ਖੇਤੀਆਂ ਤੇ ਪਰਿਵਾਰ, ਹੁਣ ਆਹ ਕੀ ਬਣਿਆਂ, ਇਹ ਤਣਾਂ ਕੱਸਵੀਂ ਖਿੱਚ ਕਿੱਥੋਂ ਆਈ ਗਈ? ਨਾ ਡਿੱਠਾ ਨਾ ਪਰਸਿਆ, ਨਾ ਸੁਪਨੇ ਨਾ ਜਾਗਦੇ, ਸੁਣ-ਸੁਣ ਕੇ ਕਾਲਜਾ ਗੁੰਮ। ਲਗ ਗਈਆਂ! ਪਰ ਹਾਏ! ਮੈਂ ਆਪ ਤਾਂ ਨਹੀਂ ਲਾਈਆਂ, ਇਹ ਲੱਗ ਗਈਆਂ ਜ਼ੋਰੋ ਜ਼ੋਰੀ, ਮਾਮਲੇ ਤੇ ਨੇਹੁੰ ਬੀ ਕਦੇ ਪੁੱਛ ਕੇ ਲਗਦੇ ਹਨ ਕਿ ਕਦੇ ਨੇਹੁੰ ਜ਼ੋਰੀ ਤੇ ਮਸਲਤਾਂ ਨਾਲ ਲਗਦੇ ਹਨ? ਲਗਦੇ ਹਨ ਤਾਂ ਮੱਲੋ-ਮੱਲੀ ਲਗ ਗਿਆ ਨੇਹੁੰ, ਹੁਣ ਕੀ ਬਣਦਾ ਏ, ਬਣ ਗਿਆ ਜੋ ਬਣਨਾ ਸੀ, ਹੋਰ ਬਣਤਾਂ ਅਣਬਣ ਗਈਆਂ ਇਕੋ ਬਣਤ ਬਣ ਗਈ - ਰਾਹਾਂ ਤੇ ਰਾਹਾਂ ਉਤੇ ਗੱਡੇ ਮੇਰੇ ਨੈਣ। ਚਿੜੀ ਫੜ ਕੇ ਤਾਂ ਤ੍ਰੱਬਕ ਆ ਗਏ, ਪੈਖੜ ਸੁਣੀ ਤਾਂ ਤ੍ਰੱਬਕ : ਆ ਗਏ, ਪਰ ਛਾਵਾਂ ਪਿਆ ਤਾਂ ਤ੍ਰੱਬਕ: ਆ ਗਏ।

ਆ ਗਏ, ਆ ਗਏ ਦੇ ਸੁਪਨੇ, ਆ ਗਏ, ਆ ਗਏ ਦੇ ਝਾਉਲੇ। ਆ ਗਏ ਦੀਆਂ ਬਿੜਕਾਂ, ਆ ਗਏ, ਆ ਗਏ, ਦੀਆਂ ਸੱਧਰਾਂ ਸਿੱਕਾਂ। ਮੈਨੂੰ ਥਹੁ ਹੋਵੇ ਤਾਂ ਇਨ੍ਹਾਂ ਨਿਕਰਮਣ ਪੈਰਾਂ ਨੂੰ ਲੈ ਟੁਰਾਂ, ਮੇਰੇ ਨੈਣ ਖੁੱਲ੍ਹੇ ਹੋਣ ਤਾਂ ਬਿਨ ਪੜ੍ਹੇ ਟੁਰ ਪਵਾਂ, ਜੋ ਆਪੇ ਲੈ ਅੱਪੜਨਗੇ ਤੇ ਅੰਨ੍ਹੇ ਪੈਰਾਂ ਨੂੰ ਟਿਕਾਣੇ ਪੁਜਾ ਖੜਨਗੇ। ਅੱਜ ਸੋ ਕਿਤੋਂ ਆਉਂਦੀ ਹੈ ਤਾਂ ਕੱਲ੍ਹ ਸੈਂਕੜੇ ਕੋਹਾਂ ਤੋਂ ਜਾ ਸੁੰਧਕ ਨਿਕਲਦੀ ਹੈ। ਹੇ ਕਰਤਾਰ! ਹੇ ਸਿਰਜਣਹਾਰ! ਮੇਰੀ ਮੂਰਖ ਦੀ ਬੀ ਪੁਗਾ, ਇਕ ਵੇਰ ਤਾਂ ਨੈਣ ਤ੍ਰਾਸਿਆਂ ਵਿਚ ਪਿਆਰੇ ਦੇ ਦੀਦਾਰੇ ਦਾ ਫੇਰਾ ਪੁਆ, ਮੈਂ ਓਥੇ ਤੇਰੇ ਰੰਗ ਵੇਖਾਂ ਤੇ ਰੰਗ ਵਿਚ ਡੋਬਾ ਪਾਵਾਂ। ਹੇ ਸਭ ਥਾਂ ਸੁਣਨ ਵਾਲੇ। ਕਿਸੇ ਦੇ ਸਦਕੇ ਮੇਰੀ ਝੋਲੀ ਖੈਰ ਪਾ। ਮੂਰਖਾਂ ਦਾ ਅੱਲਾ ਬੇਲੀ ਆਖਦੇ ਹਨ, ਹੇ ਮਤਹੀਨਾਂ ਦੇ ਮਾਲਕ! ਮੇਰੀ ਆਸ ਪੁਗਾ।

ਅਵਾਜ਼ ਆਈ।

ਸਤਿ ਕਰਤਾਰ, ਸਤਿ ਕਰਤਾਰ, ਸਤਿ ਕਰਤਾਰ।

ਰੂਪਾ (ਤ੍ਰੱਬਕ ਕੇ) - ਆ ਗਏ, ਆ ਗਏ, ਸੱਚਮੁੱਚ ਕਿ ਬਿੜਕਾ ਹੈ? ਮੇਰੇ ਮਨ ਦਾ ਬਿੜਕਾ ਹੈ ਕਿ ਜਾਗਦੇ ਦਾ ਸੁਪਨਾ ਹੈ? ਆ ਗਏ ਹੈਂ! ਕੀਕੂੰ ਪਛਾਣਸਾਂ? ਕਦੇ ਦੇਖੇ ਨਹੀਂ, ਹੇ ਨੈਣੋਂ! ਪਛਾਣ ਲੈਣਾ ਹੈਂ? ਆ ਗਏ।

ਆਵਾਜ਼ ਆਈ - ਸਤਿ ਕਰਤਾਰ।

ਖੂਹ ਗਿੜ ਰਿਹਾ ਹੈ, ਬੈਲ ਹੌਲੇ-ਹੌਲੇ ਚਲ ਰਹੇ ਹਨ, ਪਾਣੀ ਨਿਸਾਰ ਵਿਚੋਂ ਆਂਡ ਵਿਚ ਜਾ ਰਿਹਾ ਹੈ, ਰੂਪਾ ਗਾਧੀ ਤੇ ਨੈਣ ਮੀਟੇ ਬੈਠਾ ਕਹਿ ਰਿਹਾ ਹੈ - ਹਾਂ, ਫੇਰ ਹੇ ਕਰਤਾਰ! ਮਿਹਰ ਕਰ, ਨਿੱਤ ਦੇ ਮੰਗਤੇ ਤੇ ਤਰੁੱਠ-ਤਰੁੱਠ ਨਾ ਫੇਰ ਤਰੁੱਠ, ਤੇ ਕਹਿੰਦੇ ਦੇ ਬੰਦ ਨੈਣਾਂ ਵਿਚੋਂ ਛਮ-ਛਮ ਅੱਥਰੂ ਵਗ ਟੁਰੇ।

ਆਵਾਜ਼ ਆਈ :ਸਤਿਕਰਤਾਰ -

ਰੂਪਾ (ਬਿਹਬਲ ਹੋ ਕੇ) - ਆ ਗਏ।

ਨੈਣ ਖੋਹਲੇ ਤਾਂ ਇਕ ਖਿੱਚ ਦਾ ਤ੍ਰਿੱਖਾ ਤਣੁਕਾ ਵੱਜਾ, ਕਿਸੇ ਪਿਆਰ ਦੇ ਸੋਮੇਂ ਦੇ ਦਰਸ਼ਨ ਨੈਣਾਂ ਵਿਚ ਵੜੇ, ਕਲੇਜੇ ਵਿਚ ਉਤਰ ਕੇ ਅੰਦਰਲੇ ਦੇ ਅੰਦਰ ਧਸ ਗਏ, ਬੇਸੁਧ ਹੋ ਢੱਠਾ ਤੇ ਦੂਜੀ ਛਿਨ ਕਿਸੇ ਅੰਮ੍ਰਿਤ ਦੇ ਸੋਮੇਂ ਦੇ ਚਰਨਾਂ ਤੇ ਜਾ ਪਿਆ। ਸਿਰ ਤੇ ਪਿਆਰ ਦਾ ਹੱਥ ਫਿਰ ਰਿਹਾ ਹੈ ਤੇ ਸਤਿ ਕਰਤਾਰ-ਸਤਿ ਕਰਤਾਰ ਦੀ ਧੁਨਿ ਪਸਰ ਰਹੀ ਹੈ। ਮਾਨੋਂ ਹਵਾ ਨੂੰ ਜੀਭ ਲਗ ਰਹੀ ਹੈ ਤੇ ਸਤਿਕਰਤਾਰ ਦਾ ਸੰਗੀਤ ਮੋਲ੍ਹੇਧਾਰ ਦਸਦੇ ਮੀਂਹ ਵਾਂਗ ਤਕੜੀ ਗੁੰਜਾਰ ਪਾ ਰਿਹਾ ਹੈ।

ਸਤਿਗੁਰ ਨਾਨਕ (ਬਹੁਤ ਪਿਆਰ ਦੇ ਕੇ) - ਰੁਪਿਆ! ਉੱਠ ਜੀਵਾਂ ਹੋ, ਸੱਜਣਾ ਉੱਠ, ਉਸ ਕਰਤਾਰ ਨਾਲ ਜੁੜ ਜਾ। ਸਾਕਤ ਹੋਣਾ ਭਲਾ ਨਹੀਂ, ਜੁੜਿਆ ਰਹਿਣਾ ਠੀਕ ਹੈ। ਜੁੜੇ ਰਹਿਣ ਲਈ ਰਚਿਆ ਸੀ। ਤਰੁੱਟਣਾ ਸਾਕਤ ਹੋਣਾ (ਕੱਟੇ ਜਾਣਾ) ਸਾਡੀ ਭੁੱਲ ਹੈ, ਸਾਡੀ ਮੌਤ ਹੈ, ਜੁੜ। ਜੁੜਨਾ, ਹਾਂ ਜੀਉ ਉਠਣਾ ਹੋਸੀ।

ਹੁਣ ਰੁਪੇ ਦੇ ਲੂੰ-ਲੂੰ ਵਿਚ ਵਾਹਿਗੁਰੂ ਦੀ ਝਰਨਾਟ ਆ ਗਈ, ਮਾਨੋਂ ਟੁੱਟਾ ਰਬਾਬ ਕਿਸੇ ਤਾਰਾਂ ਤੰਦਾਂ ਪਾ ਕੇ ਕੱਸ ਦਿਤਾ ਹੈ ਤੇ ਉਹ ਸੁਰੀਲੀ ਧੁਨਿ ਵਿਚ ਵੱਜ ਉਠਿਆ ਹੈ, ਸਾਰਾ ਸਰੀਰ ਸੰਗੀਤ ਦਾ ਰੂਪ ਹੋ ਗਿਆ ਹੈ।। ਅਹਿੱਲ ਸਰੀਰ ਹੁਸਨ ਦੇ ਸੰਗੀਤ ਵਿਚ ਥਰਰ-ਥਰਰ ਕਰ ਰਿਹਾ ਹੈ, ਸਮਝ ਨਹੀਂ, ਵਰਣਨ ਨਹੀਂ, ਪਰ ਰਸ ਭਰਿਆ ਸੰਗੀਤ ਹੋ ਰਿਹਾ ਹੈ। ਇਸ ਤਰ੍ਹਾਂ ਕਿੰਨਾ ਸਮਾਂ ਲੰਘਿਆ।

ਆਵਾਜ਼ ਆਈ, ਰੁਪਿਆ ਉੱਠ?

ਹਾਂ ਜੀ, ਹੁਣ ਹੋਸ਼ ਫਿਰੀ, ਸਰੀਰਾਂ ਨੂੰ ਸੰਗੀਤ ਬਣਾ ਕੇ ਵਜਾ ਦਿਖਾਉਣ ਵਾਲਾ, ਲੂੰ-ਲੂੰ ਰਾਗ ਦੀਆਂ ਤੰਤੀਆਂ ਵਾਂਗੂੰ ਖਿੱਚ ਕੇ ਇਲਾਹੀ ਧੁਨਿ ਗੁੰਜਾ ਦੇਣ ਵਾਲਾ ਤੇ ਰਾਗ ਰੂਪ ਕਰਕੇ ਜਿਵਾ ਦੇਣ ਵਾਲਾ ਮਾਲਕ ਸੱਦ ਦੇ ਰਿਹਾ ਹੈ। ਰੂਪਾ ਕਿਸੇ ਮਸਤ ਵਾਂਗ ਉਠਿਆ, ਅੱਧੇ ਰਸ ਭਰੇ ਨੈਣਾਂ, ਅੱਧੇ ਖੁੱਲੇ ਰਸ ਦਰਸ਼ਨ ਨੈਣਾਂ ਨਾਲ ਤੱਕਦਾ ਟੁਰ ਪਿਆ। ਸਤਿਗੁਰ ਨਾਲ ਟੁਰ ਪਏ।

ਅੱਜ ਆਏ, ਹਾਂ ਜੀ, ਸਤਿਗੁਰ ਆਏ, ਹਾਂ ਤਰਸ ਰਹੇ ਦੇ ਘਰ ਆਏ। ਘਰ ਜੀ ਉਠਿਆ, ਘਰ ਦੇ ਸਾਰੇ ਬੰਦੇ ਹੀ ਉੱਠੇ। ਪਿੰਡ ਵਿਚ ਖ਼ਬਰ ਹੋਈ, ਪਿਆਸੇ ਆਏ, ਜੀਆ ਦਾਨ ਦਾ ਮੀਂਹ ਵਸਿਆ, ਪਿੰਡ ਜੀ ਉਠਿਆ। ਅੱਠ ਦਿਨ ਲੰਘ ਗਏ ਪਿਆਰ ਤੇ ਰੱਬੀ ਰੰਗ ਦੇ ਰੰਗ ਬੱਝਿਆ

'ਚਲਦਾ........।'

# ਜਨ ਪਰਉਪਕਾਰੀ ਆਏ
## (ਸਚਖੰਡ ਵਾਸੀ ਪਿਆਰੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-49)*

ਬੀਜੀ (ਮਾਤਾ ਰਣਜੀਤ ਕੌਰ ਜੀ) ਅਤੇ ਮਹਾਂਪੁਰਸ਼ ਸੰਤ ਬਾਬਾ ਵਰਿਆਮ ਸਿੰਘ ਜੀ ਦੇ ਜਨਮ ਤੇ ਸੰਯੋਗ ਬਾਰੇ ਸੰਤ ਹੀਰਾ ਸਿੰਘ ਜੀ ਨੇ 8 ਸਾਲ ਪਹਿਲਾਂ ਹੀ ਦਸ ਦਿਤਾ ਸੀ। ਇਹ ਇਕ ਵੇਰਾਂ ਦਾ ਜ਼ਿਕਰ ਇਸ ਤਰ੍ਹਾਂ ਹੈ ਕਿ ਸੰਤ ਹੀਰਾ ਸਿੰਘ ਜੀ ਜਥੇ ਸਮੇਤ ਪਿੰਡ ਧਮੋਟ ਵਿਖੇ ਜਥੇਦਾਰ ਸ. ਕਰਤਾਰ ਸਿੰਘ ਜੀ (ਸੰਤ ਬਾਬਾ ਵਰਿਆਮ ਸਿੰਘ ਜੀ ਦੇ ਪਿਤਾ ਜੀ) ਦੇ ਗ੍ਰਿਹਿ ਵਿਖੇ ਸਹਿਜ ਪਾਠ ਲਈ ਆਪਣੇ ਇਕ ਸਾਥੀ ਨਾਲ ਪਾਠ ਦੀ ਸੇਵਾ ਨਿਭਾਉਣ ਵਾਸਤੇ ਆਏ ਹੋਏ ਸਨ। ਉਸ ਵੇਲੇ ਆਪ ਜੀ ਨੇ ਭਵਿੱਖਤ ਵਾਚ ਕੇ ਸਰਦਾਰ ਕਰਤਾਰ ਸਿੰਘ ਜੀ ਨੂੰ ਇਕ ਮਹੱਤਵ ਪੂਰਨ ਬਚਨ ਕੀਤਾ ਕਿ ਆਪ ਦੇ ਗ੍ਰਿਹਿ ਵਿਖੇ ਇਕ ਪੁੱਤਰ ਜਨਮ ਲਵੇਗਾ ਅਤੇ ਮੇਰੇ ਗ੍ਰਿਹਿ ਵਿਖੇ ਇਕ ਕੰਨਿਆ ਜਨਮ ਲਵੇਗੀ, ਇਨ੍ਹਾਂ ਦੋਵਾਂ ਦਾ ਧੁਰ ਦਰਗਾਹੋਂ ਸੰਯੋਗ ਹੈ। ਇਹ ਕਹਿ ਕੇ ਉਨ੍ਹਾਂ ਨੇ ਸਰਦਾਰ ਕਰਤਾਰ ਸਿੰਘ ਜੀ ਨੂੰ ਚਾਂਦੀ ਦਾ ਇਕ ਰੁਪਿਆ ਸ਼ਗਨ ਵਜੋਂ ਭੇਂਟ ਕੀਤਾ। ਸਹਿਜ ਸੁਭਾਵ ਹੀ ਉਨ੍ਹਾਂ ਦੇ ਮੁਖੋਂ ਅੰਤਰਜਾਮਤਾ ਦਾ ਬਚਨ ਸੁਣ ਕੇ ਸੀਸ ਝੁਕਾਇਆ, ਸ਼ਗਨ ਲੈ ਕੇ ਪ੍ਰਵਾਨ ਕੀਤਾ। ਕਹਿਣ ਲੱਗੇ ਸਿੰਘ ਸਾਹਿਬ ਜੀ! ਸਤਿਬਚਨ, ਠੀਕ ਹੈ, ਸਮਾਂ ਆਉਣ ਤੇ ਵਾਹਿਗੁਰੂ ਜੀ ਦੀ ਰਜ਼ਾ ਅਨੁਸਾਰ ਨਿਭ ਜਾਵੇਗਾ। ਸੋ ਇਹ ਸੰਯੋਗ ਸਮਾਂ ਆਉਣ ਤੇ ਦੋਵਾਂ ਪਰਿਵਾਰਾਂ ਨੇ ਖੁਸ਼ੀ-ਖੁਸ਼ੀ ਬੜੇ ਚਾਵਾਂ ਮਲ੍ਹਾਰਾਂ ਨਾਲ ਇਸ ਸ਼ਾਦੀ ਦੀ ਰਸਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਨੰਦ ਕਾਰਜ ਰਾਹੀਂ ਸੰਪੰਨ ਕੀਤਾ। ਉਨ੍ਹਾਂ ਸਮਿਆਂ ਵਿਚ ਸ਼ਾਦੀ ਛੋਟੀ ਉਮਰੇ ਕੋਈ 10 ਤੋਂ 13 ਸਾਲ ਦੀ ਆਯੂ 'ਚ ਹੋ ਜਾਇਆ ਕਰਦੀ ਸੀ। ਬੀਜੀ ਆਪ ਦਸਿਆ ਕਰਦੇ ਸਨ ਕਿ ਉਹ ਸਹੁਰੇ ਪਰਿਵਾਰ ਵਿਚ ਇਸ ਤਰ੍ਹਾਂ ਘੁਲ ਮਿਲ ਗਏ ਜਿਵੇਂ ਪਹਿਲਾਂ ਤੋਂ ਹੀ ਜਾਣੂੰ ਹੁੰਦੇ ਹਨ ਅਤੇ ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਸੀ ਰਹਿੰਦਾ ਕਿ ਮੇਰੇ ਪਤੀ ਜੀ ਕਿੱਥੇ ਗਏ ਹਨ। ਘਰ ਦੇ ਸਾਰੇ ਪਰਿਵਾਰਕ ਮੈਂਬਰਾਂ ਨੂੰ ਦਰਜਾ-ਬ-ਦਰਜਾ ਯੋਗ ਸਤਿਕਾਰ ਤੇ ਪਿਆਰ ਨਾਲ ਮਿੱਠੇ ਬਚਨ ਬੋਲਦੇ ਸਨ। ਘਰ ਵਿਚ ਰਸੋਈ ਤੋਂ ਲੈ ਕੇ ਸਾਫ-ਸਫਾਈ, ਕੱਪੜੇ-ਲੀੜੇ ਦੀ ਸਾਂਭ ਸੰਭਾਲ, ਮੱਝਾਂ ਦੀਆਂ ਧਾਰਾ ਚੋਣੀਆਂ, ਦਹੀਂ ਰਿੜਕਣਾ, ਖੇਤਾਂ ਵਿਚ ਕਪਾਹ-ਨਰਮਾ ਚੁਗਣਾ ਆਦਿ ਸਾਰਾ ਕੰਮ-ਕਾਜ ਦੌੜ-ਦੌੜ ਕੇ ਬੜੇ ਚਾਅ ਨਾਲ ਕਰਿਆ ਕਰਦੇ ਸਨ। ਆਪਣੇ ਸੁਘੜ, ਧੀਰਜਮਈ ਤੇ ਆਗਿਆਕਾਰੀ ਸੁਭਾਅ ਕਰਕੇ ਸਭ ਦੇ ਹਰਮਨ ਪਿਆਰੇ ਹੋ ਗਏ। ਮਾਤਾ ਇੰਦਰ ਕੌਰ ਜੀ ਤੇ ਸ. ਕਰਤਾਰ ਸਿੰਘ ਜੀ ਨੇ ਆਪਣੇ ਬੱਚਿਆਂ ਵਾਂਗ ਧੀ ਵਾਲਾ ਪਿਆਰ ਦਿਤਾ ਤੇ ਮਹਿਸੂਸ ਨਹੀਂ ਹੋਣ ਦਿਤਾ ਕਿ ਸਹੁਰੇ ਪਰਿਵਾਰ ਵਿਚ ਵਿਆਹ ਕੇ ਆਏ ਹਨ। ਉਨ੍ਹਾਂ ਨੂੰ ਸਮਝਣ ਵਿਚ ਕੋਈ ਦੇਰ ਨਹੀਂ ਲੱਗੀ ਕਿ ਮੇਰੇ ਪਤੀ ਪ੍ਰਮੇਸ਼ਰ ਬਹੁਤ ਧਾਰਮਿਕ ਬਿਰਤੀ ਵਾਲੇ ਅਤੇ ਨਾਮ ਜਪਣ ਵਾਲੇ ਹਨ ਕਿਉਂਕਿ ਉਨ੍ਹਾਂ ਨੂੰ ਵਿਰਸੇ ਵਿਚ ਹੀ ਗੁਰਸਿੱਖੀ ਦੇ ਪ੍ਰਪੱਕ ਅਸੂਲਾਂ ਨੂੰ ਅਪਨਾਉਣ ਤੇ ਚਲਣ ਦੀ ਸਿਖਿਆ ਮਿਲੀ ਹੋਈ ਸੀ। ਇਸ ਕਰਕੇ ਕਦੀ ਵੀ ਉਹ ਆਪਣੇ ਪਤੀ-ਪ੍ਰਮੇਸ਼ਰ ਜੀ ਦੇ ਪ੍ਰਮਾਰਥ ਰਾਹ ਵਿਚ ਵਿਘਨਕਾਰੀ ਨਹੀਂ ਬਣੇ। ਸਗੋਂ ਉਨ੍ਹਾਂ ਨੂੰ ਇਸ ਗੱਲ ਦੀ ਪ੍ਰਸੰਨਤਾ ਤੇ ਮਾਣ ਸੀ ਕਿ ਉਹ ਨਾਮ ਵੀ ਜਪਦੇ ਹਨ ਤੇ ਕੀਰਤਨ ਦਾ ਸ਼ੌਕ ਵੀ ਰੱਖਦੇ ਹਨ। ਧਾਰਮਿਕ ਪ੍ਰੋਗਰਾਮਾਂ ਤੇ ਅਕਸਰ ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਪਤੀ (ਸੰਤ ਵਰਿਆਮ ਸਿੰਘ ਜੀ) ਦੇ ਕੀਰਤਨ ਰਸ ਨੂੰ ਮਾਣ ਕੇ ਅਤੇ ਗੁਰਬਾਣੀ ਪਾਠ ਸਰਵਣ ਕਰਕੇ ਆਪ ਜੀ ਬਹੁਤ ਪ੍ਰਸੰਨਤਾ ਮਹਿਸੂਸ ਹੋਇਆ ਕਰਦੀ ਸੀ। ਪੇਕੇ ਘਰ ਵਿਚ ਨਾਮ-ਬਾਣੀ ਪ੍ਰਵਾਹ-ਪ੍ਰਤਾਪ ਸਦਕਾ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਰਗੇ ਗੁਰਮੁਖ ਪਿਆਰਿਆਂ ਦੀ ਆਵਾਜਾਈ ਹੋਣ ਕਰਕੇ, ਇਸ ਗੱਲ ਦੀ ਵੀ ਸੋਝੀ ਸੀ। ਭਾਈ ਸਾਹਿਬ ਜੀ ਕਈ-ਕਈ ਦਿਨ ਇਨ੍ਹਾਂ ਦੇ

ਘਰ ਠਹਿਰ ਕੇ ਵਿਸਰਾਮ ਕਰਿਆ ਕਰਦੇ ਸਨ। ਗੁਰਸਿੱਖਾਂ ਦੀ ਸੰਗਤ ਦੁਆਰਾ ਸਾਰੀ-ਸਾਰੀ ਰਾਤ ਰੈਣ ਸਬਾਈ ਕੀਰਤਨ ਦੀਆਂ ਝੜੀਆਂ ਲਗਦੀਆਂ ਰਹਿੰਦੀਆਂ ਸਨ। ਇਸ ਕਰਕੇ ਗੁਰਬਾਣੀ ਕੀਰਤਨ ਦੇ ਰਸ ਅਤੇ ਇਸ ਦੀ ਮਹਾਨਤਾ ਅਤੇ ਪ੍ਰਧਾਨਤਾ ਨੂੰ ਭਲੀਭਾਂਤ ਸਮਝਦੇ ਸਨ।

*ਨਾਨਕ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥*
*ਅੰਗ - ੨੧੪*

ਜਿਸ ਨੂੰ ਸਿਮਰਨ-ਭਜਨ ਕਰਕੇ 'ਗੁਰਮੁਖਿ' ਪਦਵੀ ਪ੍ਰਾਪਤ ਹੋ ਜਾਵੇ ਉਹ ਅਨੇਕਾਂ ਪ੍ਰਾਣੀਆਂ ਦਾ ਉਧਾਰ ਕਰਨ ਦੇ ਸਮਰੱਥ ਹੋ ਜਾਂਦਾ ਹੈ। ਜਿਹੜਾ ਗੁਰਸਿੱਖ ਗੁਰਮਤਿ ਰਾਹ ਦਾ ਪਾਂਧੀ ਬਣ ਕੇ ਆਪ ਵੀ ਨਾਮ ਜਪਦਾ ਹੈ ਤੇ ਹੋਰਨਾਂ ਨੂੰ ਵੀ ਜਪਾਉਂਦਾ ਹੈ ਉਹ ਸੱਚੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਤੇ ਰਹਿਮਤਾਂ ਦਾ ਪਾਤਰ ਬਣ ਜਾਂਦਾ ਹੈ।

*ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥ ਅੰਗ - ੬੦੮*

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - ੩੦੬*

ਬਾਬਾ ਜੀ ਦੇ ਵੱਡੇ ਭੈਣ ਜੀ, ਸਤਿਕਾਰਯੋਗ ਜਸਵੰਤ ਕੌਰ ਜੀ, ਬੀਜੀ ਬਾਰੇ ਆਪਣੇ ਖਤ ਵਿਚ ਇਸ ਪ੍ਰਕਾਰ ਲਿਖਦੇ ਹਨ, ਬੀਬੀ ਰਣਜੀਤ ਕੌਰ ਵੀ ਗੁਰਮੁਖ ਸੰਤਾਂ ਦੀ ਬੱਚੀ ਹੈ। ਇਨ੍ਹਾਂ ਦੇ ਮਾਤਾ-ਪਿਤਾ ਬਹੁਤ ਬੜੇ ਗੁਰਮੁਖ, ਗੁਰਸਿੱਖੀ ਵਿਚ ਨਿਪੁੰਨ। ਬੀਬੀ ਰਣਜੀਤ ਕੌਰ ਜੀ ਦੇ ਮਾਤਾ ਜੀ ਨੇ ਕੋਈ ਚੀਜ਼ ਲੈਣ ਜਾਣੀ, ਜਿਥੋਂ ਖਰੀਦਣੀ, ਉਹਨੂੰ ਕਹਿਣਾ ਵੇ ਭਾਈ! ਆਪਣਾ ਟੱਬਰ ਕਿਵੇਂ ਪਾਲੇਂਗਾ, ਰੁਪਈਏ ਦੀ ਚੀਜ਼ ਬਾਰ੍ਹਾਂ ਆਨੇ ਦੀ ਦਿੰਦਾਂ ਹੈਂ? ਪੈਰਾਂ ਦਾ ਜੋੜਾ ਲੈਣ ਗਏ ਇਕ ਵਾਰ, ਉਸ ਨੇ ਬਾਰ੍ਹਾਂ ਆਨੇ ਮੁੱਲ ਕੀਤਾ। ਕਹਿੰਦੇ, ਜੇ ਰੁਪਈਆ ਲੈਣਾ ਹੈ ਤਾ ਮੈਂ ਲੈ ਜਾਂਦੀ ਹਾਂ, ਮੈਂ ਬਾਰ੍ਹਾਂ ਆਨੇ ਨੂੰ ਨਹੀਂ ਲੈਣਾ। ਇਸੇ ਤਰ੍ਹਾਂ ਬੀਬੀ ਰਣਜੀਤ ਕੌਰ ਵੀ ਇਦਾਂ ਦੇ ਸੰਤੋਖੀਆਂ ਦੀ ਬੱਚੀ ਹੈ। ਉਹ ਬਹੁਤ ਉਦਾਰ ਚਿਤ ਹਨ, ਉਹ ਵੀ ਲੋੜਵੰਦ ਨੂੰ ਗਲ ਦੇ ਵਸਤਰ ਤੱਕ ਦੇਣ ਨੂੰ ਤਿਆਰ ਹੁੰਦੇ ਸੀ। ਸਾਡੇ ਘਰ ਆ ਕੇ ਵੀ ਬੜੀ ਕਮਾਈ, ਸਾਰੇ ਕੰਮ ਕੀਤੇ। ਸਚਿਆਰ ਤੇ ਸੱਚੀ-ਸੁੱਚੀ ਸੀ, ਸਤਿ-ਸੰਤੋਖ ਵਾਲੀ, ਇਥੇ ਆ ਕੇ ਸਹੁਰੇ ਪਰਿਵਾਰ ਨਾਲ ਬੜੇ ਸੁਚੱਜੇ ਢੰਗ ਨਾਲ ਵਰਤੇ। ਛੋਟਿਆਂ ਨੂੰ ਬੱਚਿਆਂ ਵਾਂਗ ਰਖਦੇ ਅਤੇ ਮਾਤਾ ਪਿਤਾ ਦਾ ਬਹੁਤ ਸਤਿਕਾਰ ਕਰਦੇ ਸੀ। ਬਹੁਤ ਨੇਕ ਸੀ, ਕਾਰੋਬਾਰ, ਵਿਆਹ ਸ਼ਾਦੀਆਂ, ਬਹੁਤ ਸੋਹਣੀਆਂ ਆਪ ਦੀ (ਸੰਤ ਵੀਰ ਜੀ) ਕਮਾਈ ਨਾਲ ਕਰਦੇ ਰਹੇ, ਮਾਤਾ ਪਿਤਾ ਜੀ ਨੂੰ ਫਿਕਰ ਨਹੀਂ ਸੀ ਹੋਣ ਦਿਤਾ। ਗੁਰੂ ਜੀ ਸਦਾ ਚੜ੍ਹਦੀਆਂ ਕਲਾਂ ਵਿਚ ਰੱਖਣ, ਸਦਾ ਸੁਖੀ ਤੇ ਖੁਸ਼ੀਆਂ ਮਾਨਣ।

ਸੋ ਇਸ ਤਰ੍ਹਾਂ ਨਾਲ ਇਹ ਵੀ ਬਹੁਤ ਹੀ ਵਿਲੱਖਣ ਬਾਤ ਹੈ ਕਿ ਬੀਜੀ ਦੀ ਸਖਸ਼ੀਅਤ ਆਪਣੇ ਆਪ ਵਿਚ ਕਿੰਨੀ ਨਿਵੇਕਲੀ ਹੈ ਕਿ ਜਿਨ੍ਹਾਂ ਨੂੰ ਦਰਗਾਹ ਤੋਂ ਹੀ ਐਸਾ ਮਾਣ ਪ੍ਰਾਪਤ ਹੈ ਕਿ ਉਨ੍ਹਾਂ ਨੂੰ ਪਿਤਾ ਜੀ (ਸੰਤ ਬਾਬਾ ਹੀਰਾ ਸਿੰਘ ਜੀ) ਵੀ ਬ੍ਰਹਮ ਗਿਆਨੀ ਮਹਾਂਪੁਰਸ਼ ਮਿਲੇ ਅਤੇ ਪਤੀ ਜੀ (ਸੰਤ ਵਰਿਆਮ ਸਿੰਘ ਜੀ) ਵੀ ਬ੍ਰਹਮ ਗਿਆਨੀ ਮਹਾਂਪੁਰਸ਼ਾਂ ਦਾ ਸੰਯੋਗ ਪ੍ਰਾਪਤ ਹੋਇਆ। ਅਜਿਹਾ ਮਾਣ ਵੀ ਕਿਸੇ ਵਿਰਲੇ ਭਾਗਾਂ ਵਾਲੇ ਨੂੰ ਮਿਲਿਆ ਕਰਦਾ ਹੈ। ਸੰਸਾਰ ਪ੍ਰਸਿੱਧ ਯੋਗੀ ਡਾ. ਸਵਾਮੀ ਰਾਮ ਜੀ ਵੀ ਆਪ ਜੀ ਨੂੰ ਮਾਂ ਵਾਲਾ ਸਤਿਕਾਰ ਦਿੰਦੇ।

## 4. ਬੰਦਗੀ ਵਾਲੀ ਰੂਹ (ਸੰਤ ਵਰਿਆਮ ਸਿੰਘ ਜੀ)

ਆਪ ਜੀ ਦੇ ਪਿਤਾ ਜਥੇਦਾਰ ਬਾਬਾ ਕਰਤਾਰ ਸਿੰਘ ਜੀ ਦੇ ਉਚੇ ਸੁੱਚੇ ਜੀਵਨ ਬਾਰੇ ਜ਼ਿਕਰ ਕਰਦਿਆਂ ਭਾਈ ਮਨਜੀਤ ਸਿੰਘ ਜੀ ਨੇ ਦੱਸਿਆ ਕਿ ਮੇਰੇ ਦਾਦਾ ਜੀ ਦਾ ਜਨਮ ਸੰਨ 1893 ਵਿਚ ਹੋਇਆ ਸੀ। ਉਨ੍ਹਾਂ ਦਾ ਜੀਵਨ ਸਿੱਧਾ-ਸਾਦਾ ਤੇ ਪੁਰਾਤਨ ਗੁਰਸਿੱਖਾਂ ਵਾਲਾ ਸੀ। ਉਹ ਹਰ ਰੋਜ਼ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਆਦਿ ਕਰਕੇ ਆਪ ਗੁਰਦੁਆਰਾ ਸਾਹਿਬ ਜਾ ਕੇ ਕੀਰਤਨ ਕਰਦੇ ਅਤੇ ਗੁਰਬਾਣੀ ਨਿਤਨੇਮ ਕਰਿਆ ਕਰਦੇ ਸਨ ਅਤੇ ਸ਼ਾਮ ਨੂੰ ਆਪ ਗੁਰਦੁਆਰਾ ਸਾਹਿਬ ਜਾ ਕੇ ਰਹਿਰਾਸ ਕਰਿਆ ਕਰਦੇ ਸਨ। ਉਹ ਪ੍ਰਸ਼ਾਦਾ ਹੱਥ ਤੇ ਰੱਖ ਕੇ ਹੀ ਛਕਿਆ ਕਰਦੇ ਸਨ। ਆਪ ਖੇਤੀਬਾੜੀ ਕਰਕੇ ਧਰਮ ਦੀ ਕਿਰਤ ਕਰਦੇ ਅਤੇ ਹੱਲ ਵਾਹੁੰਦਿਆਂ ਜਾਂ ਫਸਲ ਦੀ ਕਟਾਈ ਕਰਦਿਆਂ ਕਿਸੇ ਦੂਜੇ ਦੇ ਖੇਤ ਦੀ ਫਲੀ ਟੁੱਟ ਕੇ ਆਪਣੇ ਖੇਤ ਵਿਚ ਗਿਰ ਜਾਵੇ

ਤਾਂ ਉਸ ਨੂੰ ਉਸੇ ਖੇਤ ਵਿਚ ਰਖ ਦਿੰਦੇ ਤੇ ਆਪਣੀ ਕਿਰਤ ਵਿਚ ਗਲਤ ਕਮਾਈ ਦਾ ਰਲਾਅ ਨਹੀਂ ਸੀ ਹੋਣ ਦਿੰਦੇ। ਬੀਜੀ ਦਸਿਆ ਕਰਦੇ ਸਨ ਕਿ ਸਾਨੂੰ ਪਿਤਾ ਜੀ ਦਾ ਹੁਕਮ ਸੀ ਕਿ ਕਦੇ ਵੀ ਦੂਜੇ ਦੇ ਖੇਤ ਵਿਚੋਂ ਸਾਗ ਆਦਿ ਜਾਂ ਗੰਨਾਂ ਨਹੀਂ ਤੋੜਨਾ, ਛੱਲੀ ਨਹੀਂ ਤੋੜਨੀ ਅਤੇ ਨਾ ਹੀ ਕੋਈ ਹੋਰ ਸਬਜ਼ੀ ਆਦਿ ਤੋੜਨੀ ਹੈ। ਜੇ ਰਸਤੇ ਵਿਚ ਕੋਈ ਚੀਜ਼ ਪਈ ਮਿਲ ਜਾਵੇ, ਬੱਚਾ ਚੁੱਕ ਲਿਆਵੇ ਤਾਂ ਕਹਿੰਦੇ ਉਥੇ ਹੀ ਰੱਖ ਕੇ ਆਵੋ ਨਹੀਂ ਤਾਂ ਆਪ ਪੁੱਛ ਕੇ, ਜਿਸ ਦੀ ਹੋਵੇ ਘਰ ਜਾ ਕੇ ਦੇ ਆਇਆ ਕਰਦੇ ਸੀ। ਜੇ ਕੋਈ ਨਾ ਮਿਲੇ ਤਾਂ ਗੁਰੂ ਘਰ (ਗੁਰਦੁਆਰੇ) ਚੜ੍ਹਾਅ ਆਉਂਦੇ ਸੀ। ਸੋ ਇਸ ਤਰ੍ਹਾਂ ਨਾਲ ਆਪ ਕਿਰਤ ਨੂੰ ਸੁੱਚੀ ਰੱਖਦੇ ਸਨ ਤੇ ਪਰਿਵਾਰ ਨੂੰ ਵੀ ਇਹੀ ਸਿੱਖਿਆ ਦਿਆ ਕਰਦੇ ਸਨ। ਹੱਲ ਚਲਾਉਂਦਿਆਂ ਜਾਂ ਖੂਹ ਚਲਾਉਂਦਿਆਂ ਕਦੀ ਵੀ ਬੱਲਦਾਂ ਨੂੰ ਪਰਾਣੀ ਜਾਂ ਛਾਟਾ ਨਹੀਂ ਸੀ ਮਾਰਦੇ ਕੇਵਲ ਕੱਪੜੇ ਦੇ ਪਰਨੇ ਨਾਲ ਸਪਰਸ਼ ਕਰਕੇ ਤੋਰਿਆ ਕਰਦੇ ਸਨ। ਜਦੋਂ ਫਸਲ ਤਿਆਰ ਹੋ ਕੇ ਘਰ ਆਉਂਦੀ ਤਾਂ ਪਹਿਲੀ ਕਣਕ ਦੀ ਜਾਂ ਮੱਕੀ ਦੀ ਬੋਰੀ ਗੁਰਦੁਆਰਾ ਸਾਹਿਬ ਲੰਗਰ ਵਾਸਤੇ ਦਿਆ ਕਰਦੇ ਸਨ। ਗੁਰਸਿੱਖੀ ਦੇ ਪਿਆਰ ਦੀ ਤੜਫ ਰਖਦੇ ਸਨ ਤੇ ਲੋੜ ਪੈਣ 'ਤੇ ਦੇਸ਼ ਕੌਮ ਵਾਸਤੇ ਅਕਾਲੀ ਮੋਰਚਿਆਂ ਵਿਚ ਵੀ ਭਾਗ ਲੈਂਦੇ ਸਨ।

ਮਹਾਂਪੁਰਸ਼ (ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ) ਦੀ ਬਿਰਤੀ ਤਾਂ ਬਚਪਨ ਤੋਂ ਹੀ ਭਗਤੀ ਭਾਵ ਵਾਲੀ ਸੀ। ਇਨ੍ਹਾਂ ਦੇ ਵੱਡੇ ਭੈਣ ਜੀ, ਬੀਬੀ ਜਸਵੰਤ ਕੌਰ ਜੀ ਨੇ ਦਾਸ ਨੂੰ ਦੱਸਿਆ ਸੀ ਕਿ ਸਾਡੇ ਘਰ ਵਿਚ ਵੀ ਜੀ (ਸੰਤ ਵਰਿਆਮ ਸਿੰਘ ਜੀ) ਦਾ ਦੂਜਾ ਜਨਮ ਸੀ। ਪਹਿਲੇ ਜਨਮ ਵਿਚ ਛੋਟੀ ਉਮਰ ਵਿਚ ਹੀ ਸਰੀਰ ਛੱਡ ਕੇ ਚਲੇ ਗਏ ਸਨ। ਦੂਜੇ ਜਨਮ ਵਿਚ ਜਦ ਆਏ, ਥੋੜ੍ਹੀ ਸੋਝੀ ਆਈ ਤਾ ਪਹਿਲੇ ਜਨਮ ਦੇ ਵਸਤਰ ਤੇ ਖਿਡੌਣੇ ਦੱਸਣ ਲਗ ਪਏ ਕਿ ਫਲਾਣੀ ਜਗ੍ਹਾ 'ਤੇ ਰੱਖੇ ਹੋਏ ਹਨ। ਕਿਉਂਕਿ ਮਾਤਾ (ਇੰਦਰ ਕੌਰ ਜੀ) ਨੂੰ ਦਸ ਕੇ ਗਏ ਸੀ ਕਿ ਮਾਂ! ਮੈਂ ਹੁਣ ਚੱਲਿਆਂ ਹਾਂ ਪਰ ਅਗਲਾ ਜਨਮ ਇਥੇ ਹੀ ਲਵਾਂਗਾ ਤੇ ਫੇਰ ਬਚਪਨ ਵਿਚ ਨਹੀਂ ਜਾਵਾਂਗਾ। ਇਸ ਬਾਰੇ ਬਾਬਾ ਜੀ ਨੂੰ, ਉਨ੍ਹਾਂ ਨੇ ਆਪਣੇ ਹਸਤ ਲਿਖਤ ਖਤ ਵਿਚ ਇਸ ਪ੍ਰਕਾਰ ਲਿਖਿਆ ਹੋਇਆ ਹੈ।

ਜਦੋਂ ਚੋਲਾ ਛੱਡਣਾ ਸੀ, ਦਸ ਦਿਨ ਪਹਿਲਾਂ ਕਹਿਣ ਲੱਗ ਪਏ ਸੀ। ਬੇਬੇ! ਮੈਨੂੰ ਮਾਰੋਗੇ ਤਾਂ ਮੈਂ, ਮਾਮੀ, ਛੋਟੀ ਕੋਲ ਚਲੇ ਜਾਣਾ ਪਰ ਵਿਚਾਰੀ ਬੇਬੇ ਨੂੰ ਕੀ ਪਤਾ ਸੀ ਕਿ ਮੇਰਾ ਬੱਚਾ ਸੰਤ ਹੈ, ਸੱਚੀਆਂ ਗੱਲਾਂ ਕਰਦੈ।" ਬੇਬੇ ਨੇ ਧੋਤੇ ਕੱਪੜੇ, ਖਾਕੀ ਬੂਟ, ਚਿੱਟਾ ਚੂੜੀਦਾਰ ਰੇਬ ਪਜਾਮਾ, ਫੱਟੀਆਂ ਵਾਲੀ ਨੀਲੀਆਂ, ਹਰੀਆ ਧਾਰੀਆਂ ਵਾਲੀ ਬੋਛਕੀ ਦੀ ਕਮੀਜ਼ ਪਵਾ ਦਿਤੇ ਅਤੇ ਕਾਲੇ ਬੂਟ ਤੇ ਕਮੀਜ਼ ਆਦਿ ਕੱਪੜੇ ਸੰਦੂਕ ਵਿਚ ਲਕੋ ਦਿਤੇ, ਨਵੇਂ ਖੂਹ ਵਲ ਨੂੰ ਨਰਮਾਂ ਚੁਗਣ ਵਾਸਤੇ ਤੁਰ ਪਏ। ਕਹਿੰਦੇ, ਖੂਹ ਤੇ ਨਹੀਂ, ਮੈਂ ਟੋਭੇ ਵੱਲ ਨੂੰ ਜਾਣੈ। ਬੇਬੇ ਨੇ ਧੱਕਾ ਮਾਰ ਕੇ ਕਿਹਾ ਚੱਲ, ਕਹਿੰਦੇ ਜੇ ਅੱਜ ਨਹੀਂ ਜਾਣ ਦਿੰਦੇ ਤਾਂ ਮੈਨੂੰ ਕੱਲ੍ਹ ਨੂੰ ਰੋਕ ਕੇ ਦਿਖਾਇਓ, ਮੈਂ ਚਲੇ ਜਾਣੈ। ਬੇਬੇ ਨੇ ਕੱਪੜਾ ਵਿਛਾ ਕੇ ਛੋਟੇ ਕਾਕੇ ਗੁਰਨਾਮ ਸਿੰਘ ਨੂੰ ਵੀ ਲਿਟਾ ਦਿਤਾ ਤੇ ਆਪ ਕਪਾਹ ਚੁਗਣ ਚਲੀ ਗਈ, ਇਹ ਘੰਟਾ ਕੁ ਖੇਡਦਾ ਰਿਹਾ ਫੇਰ ਉਸ ਨਾਲ ਪੈ ਗਿਆ। 10-15 ਮਿੰਟ ਬਾਦ ਕਹਿੰਦਾ, ਬੀਬੀ! ਬੇਰੀਆਂ ਕੋਲ ਦੋ ਬਾਬੇ ਮੈਨੂੰ ਬੁਲਾ ਰਹੇ ਨੇ, ਕਹਿੰਦੇ ਸਾਡੇ ਨਾਲ ਚੱਲ। ਬੇਬੇ ਜੀ ਵੀ ਆ ਗਏ, ਉਨ੍ਹਾਂ ਨੇ ਨਵ੍ਹਾ ਦਿਤਾ, ਬਾਪੂ ਜੀ ਆ ਕੇ ਗੁੱਸੇ ਹੋਏ ਕਿ ਹੁਣੇ ਦੁਬਾਰਾ ਕਿਉਂ ਨਵ੍ਹਾ ਦਿਤਾ। ਬੇਬੇ ਨੇ ਕੱਪੜੇ ਪੁਆਏ ਤੇ ਵੀਰ ਨੂੰ ਤੇਜ ਬੁਖਾਰ ਚੜ੍ਹ ਗਿਆ। ਮੇਰਾ, ਵੀਰ ਦੀਆਂ ਗੱਲਾਂ ਵੱਲ ਧਿਆਨ ਸੀ, ਕਹੀ ਜਾਵੇ, ਹੁਣ ਮੈਂ ਛੋਟੀ ਮਾਮੀ ਰਾਮ ਕੌਰ ਦੇ ਚਲੇ ਜਾਣਾ ਹੈ, ਉਥੇ ਰਹਿਣਾ ਨਹੀਂ ਛੇਤੀ ਮੁੜ ਆਉਣਾ ਹੈ। ਬੇਬੇ ਜੀ ਨੇ ਚੁੱਕ ਲਿਆ, ਘਰ ਨੂੰ ਤੁਰ ਪਏ, ਦਰ ਵਿਚ ਬਾਬਾ ਜੀ ਬੈਠੇ ਸਨ। ਵੀਰ ਜੀ ਨੂੰ ਮੰਜੇ 'ਤੇ ਲਿਟਾ ਦਿਤਾ। ਬਾਬਾ ਜੀ ਨੇ ਦੇਖਿਆ ਬੁਖਾਰ ਹੈ, ਕਹਿੰਦੇ ਭਾਈ! ਇਸ ਨੂੰ ਗਰਮ-ਗਰਮ ਦੁੱਧ ਪਿਆਵੋ। ਬੇਬੇ ਜੀ ਦੁੱਧ ਦਾ ਛੰਨਾ ਲਿਆਏ, ਬਹੁਤ ਕਿਹਾ ਪੀ ਲੈ, ਕਹਿੰਦੇ ਹੁਣ ਨਹੀਂ ਪੀਣਾ ਫੇਰ ਪੀਆ ਕਰੂੰਗਾ। ਫੇਰ ਬੇਬੇ ਜੀ, ਥਾਲ ਵਿਚ, ਇਕ ਫੁਲਕਾ, ਦਾਲ ਸਬਜ਼ੀ, ਰੱਖ ਕੇ ਲਿਆਏ, ਕਹਿੰਦੇ ਮੇਰੀ ਬੁੱਕਲ 'ਚ ਬਹਿ ਜਾ। ਕਹਿੰਦੇ, ਬੁੱਕਲ 'ਚ ਬੈਠ ਜਾਨਾਂ, ਪਰ ਫੁਲਕਾ ਨਹੀਂ

ਛਕਣਾ। ਮੰਜੇ ਉਤੇ ਪਾ ਦਿਤਾ। ਬਾਬਾ ਜੀ ਸਾਨੂੰ ਕਹਿੰਦੇ, ਭਾਈ! ਤੁਸੀਂ ਉਪਰ (ਕੋਠੇ 'ਤੇ) ਜਾਓ, ਇਹ ਇਥੇ ਮੇਰੇ ਕੋਲ ਹੀ ਸੌਵੇਂਗਾ। ਰਾਤ ਨੂੰ ਬਾਬਾ ਜੀ ਕੋਲੋਂ ਚੁਪ ਕੇ ਉਠ ਕੇ ਰਸੋਈ ਵਿਚ ਕੱਪੜਾ ਵਿਛਾ ਕੇ ਭੁੰਜੇ ਹੀ ਲੇਟ ਗਏ। ਅੱਧੀ ਰਾਤ ਨੂੰ ਬੇਬੇ ਜੀ ਨੂੰ ਹਾਕ ਮਾਰੀ, ਬੇਬੇ ਜੀ ਨੇ ਪਹੁੰਚ ਕੇ ਦੀਵੇ ਦੀ ਲੋਅ ਕੀਤੀ ਤੇ ਦੇਖਿਆ, ਮੇਰੇ ਸੰਤ ਵੀਰ ਜੀ ਉਡਾਰੀ ਮਾਰ ਗਏ ਅਤੇ ਕੁਝ ਮਹੀਨੇ ਬਾਦ ਛੋਟਾ ਕਾਕਾ ਗੁਰਨਾਮ ਵੀ ਚੜ੍ਹਾਈ ਕਰ ਗਿਆ।

ਨਾਨਕਿਆਂ ਦੇ ਜਾ ਕੇ ਮਾਮੀ ਦੇ ਉਦਰ ਵਿਚ ਪ੍ਰਵੇਸ਼ ਕਰ ਗਏ ਅਤੇ ਇਕ ਰਾਤ ਨੂੰ ਸੁਪਨੇ ਵਿਚ ਬੇਬੇ ਜੀ ਕੋਲ ਆ ਕੇ ਕਹਿੰਦੇ ਬੇਬੇ! ਬਾਂਹ ਪਰੇ ਕਰ ਮੈਂ ਤੁਹਾਡੇ ਨਾਲ ਪੈਣਾ ਹੈ। ਬੇਬੇ ਕਹਿੰਦੀ, ਨਾ ਭਾਈ, ਤੂੰ ਠੱਗ ਗਿਆ ਮੈਨੂੰ, ਤੇਰਾ ਵੀਰ ਵੀ ਛਲ ਗਿਆ। ਕਹਿੰਦਾ, ਮੇਰਾ ਕਹਿਣਾ ਮੰਨੋ, ਸੱਚ ਮੰਨੋ, ਮੈਂ ਕਦੇ ਤੁਹਾਡੇ ਕੋਲੋਂ ਜਾਣਾ ਨਹੀਂ। ਬੇਬੇ ਕਹਿੰਦੀ, ਕੀ ਨਿਸ਼ਾਨੀ ਹੋਊ ਤੇਰੀ, ਦੱਸ ਮੈਨੂੰ? ਕਹਿੰਦੇ, ਮੇਰੇ ਲੱਕ ਦੇ ਕੋਲ ਦੋ ਦਾਗ ਚਿੱਟੇ ਹਨ, ਉਹ ਮੋਢਿਆਂ ਕੋਲ ਹੋਣਗੇ। ਰੰਗ ਮੇਰਾ ਅੱਗੇ ਵਰਗਾ ਨਹੀਂ ਹੋਣਾ, ਅੱਖਾਂ ਮੋਟੀਆਂ ਹੋਣਗੀਆਂ। ਬੇਬੇ ਜੀ ਨੇ ਬਾਂਹ ਪਰ੍ਹੇ ਕਰ ਲਈ, ਨਾਲੇ ਕਹਿੰਦਾ, ਦੂਜੇ ਪਾਸੇ ਦੂਜਾ ਵੀਰ ਵੀ ਪੈ ਜਾਊਗਾ, ਓਹ ਵੀ ਆਊਗਾ। ਘਰ ਵਿਚ ਬਾਬਾ ਜੀ ਨੇ ਸਹਿਜ ਪਾਠ ਪ੍ਰਕਾਸ਼ ਕਰਵਾ ਲਿਆ। ਜਦ ਤਿੰਨ ਦਿਨ ਹੋਏ ਚਾਚਾ ਜੀ ਨੂੰ ਸੁਪਨਾ ਆਇਆ। ਕਹਿੰਦੇ, ਹਰਨਾਮ ਸਿੰਘ ਆਇਆ, ਅੰਦਰ ਵੜਿਆ ਭਗਵੇਂ ਕੱਪੜਿਆਂ ਦੀ ਗਿਲਟੀ ਮਾਰੀ ਹੋਈ, ਛੋਟਾ ਜਿਹਾ ਭਗਵਾਂ ਪਟਕਾ ਸਿਰ ਨੂੰ ਲਪੇਟਿਆ ਹੋਇਆ, ਹੱਥ ਵਿਚ ਭਗਵੇਂ ਕੱਪੜੇ ਦਾ ਝੋਲਾ ਹੈ। ਝੋਲੇ ਵਿਚ ਹੱਥ ਪਾ ਕੇ ਰੁਪਈਆ ਕੱਢਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਰੱਖ ਕੇ, ਮੱਥਾ ਟੇਕ ਕੇ ਬੈਠ ਗਿਆ। ਚਾਚਾ ਜੀ ਕਹਿੰਦੇ, ਜਾਈਂ ਨਾ, ਅਸੀਂ ਬਹੁਤ ਉਦਾਸ ਹਾਂ। ਕਹਿੰਦਾ ਅੱਛਾ ਜੀ! ਚਾਚਾ ਜੀ ਦੀ ਅੱਖ ਖੁਲ੍ਹ ਗਈ, ਉਠ ਕੇ ਬਾਪੂ ਜੀ ਨੂੰ ਸਾਰਾ ਸੁਪਨਾ ਦੱਸਿਆ ਤੇ ਉਨ੍ਹਾਂ ਨੇ ਸਾਰਿਆਂ ਨੂੰ ਜਗਾਇਆ, ਸਾਰੇ ਕੋਠੇ ਤੋਂ ਹੇਠਾਂ ਆ ਗਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ। ਜਦ ਪੱਟੀ ਦਾ ਲੜ ਚੁੱਕਿਆ, ਚਾਂਦੀ ਦਾ ਨਵਾਂ ਚਿੱਟਾ ਰੁਪਿਆ ਪਿਆ ਦੇਖਿਆ, ਚੁੱਕ ਲਿਆ। ਸੰਤ ਪੁੱਤਰ ਮਾਤਾ ਦੇ ਉਦਰ ਵਿਚ ਪ੍ਰਵੇਸ਼ ਹੋ ਗਏ ਤੇ ਬੇਬੇ ਜੀ ਹਰ ਵਕਤ ਖੁਸ਼ ਰਹਿੰਦੇ ਸੀ।

ਜਿਵੇਂ ਉਪਰ ਦਸਿਆ ਹੈ ਕਿ ਪਹਿਲੇ ਜਨਮ ਦਾ ਨਾਮ ਹਰਨਾਮ ਸਿੰਘ ਸੀ, ਜਦ ਵੀ ਅਮੋਲਕ ਬਚਨ ਕਰਦੇ ਹੁੰਦੇ ਸੀ। ਆਪਣੇ ਖੂਹ 'ਤੇ ਸੰਤ ਆਉਂਦੇ ਹੁੰਦੇ ਸੀ 'ਜਟਾਂ ਵਾਲੇ'। ਉਪਦੇਸ਼ ਗੁਰੂ ਦਾ ਦਿੰਦੇ ਸੀ, ਮੰਨਦਾ ਸਾਰਾ ਪਰਿਵਾਰ ਸੀ। ਬਾਬਾ ਜੀ ਨੇ ਚਾਰ ਖਣਾਂ ਦਾ ਕੋਠਾ ਬਣਾ ਦਿਤਾ ਸੀ, 2-2 ਮਹੀਨੇ ਰਹਿੰਦੇ ਹੁੰਦੇ ਸੀ। ਅੰਮਾਂ ਨੇ ਰੋਟੀ ਦੇ ਜਾਣੀ। ਆਪ ਦੇ ਜਨਮ ਤੋਂ ਮਗਰੋਂ ਵੀ ਆਏ ਉਹੀ ਸੰਤ, ਜਟਾਂ ਵਾਲੇ। ਸੰਤ ਬਾਬਾ ਜੀ ਮਸਤੂਆਣੇ ਵਾਲੇ ਵੀ ਤਿੰਨ ਵਾਰ ਆਏ, ਆਪਣੇ ਖੂਹ 'ਤੇ ਰਹੇ ਸਨ।

ਇਕ ਵਾਰ, ਵੀਰ ਜੀ! ਤੁਸੀਂ ਖੂਹ 'ਤੇ ਖੇਡਦੇ ਫਿਰਦੇ ਸੀ, ਖੇਡਦੇ-ਖੇਡਦੇ ਬਾਬਾ ਜੀ ਦੀ ਗੋਦੀ ਵਿਚ ਬੈਠ ਗਏ। ਤੁਹਾਡੇ ਚਰਨਾਂ ਵਲ ਜਦ ਜਟਾਂ ਵਾਲੇ ਸੰਤਾਂ ਨੇ ਦੇਖਿਆ, ਉਹ ਕਹਿੰਦੇ ਬਾਬਾ ਜੀ! ਤੁਸੀਂ ਬਹੁਤ ਭਾਗਾਂ ਵਾਲੇ ਹੋ, ਆਪ ਦੇ ਘਰ ਇਹ ਬਾਲਕ ਬਹੁਤ ਤਪੱਸਵੀ ਆਇਆ ਹੈ। ਇਸ ਦਾ ਕਦੇ ਮੂੰਹ ਨਾ ਫਿਟਕਾਰਿਓ, ਇਹਦੇ ਚਰਨਾਂ ਵਿਚ ਪਦਮ ਰੇਖਾ ਹੈ, ਇਹ ਤਪੱਸਵੀ ਹੈ, ਸੰਤ ਬਣੇਗਾ ਬਹੁਤ ਵੱਡਾ। ਉਸ ਵੇਲੇ ਮੈਂ ਵੀ ਤੇਰੇ ਨਾਲ ਸੀ, ਆਪਾਂ ਦੋਨੋਂ ਜਣੇ ਬਾਬਾ ਜੀਆਂ ਨਾਲ ਖੂਹ ਤੇ ਗਏ ਸੀ। ਆਪ ਦੀ ਡੀਲ-ਡੌਲ, ਰੰਗ-ਰੂਪ ਬਹੁਤ ਸੁੰਦਰ ਸੀ। ਉਮਰ ਤਾਂ ਸਾਢੇ ਤਿੰਨ ਸਾਲ ਦੀ ਉਦੋਂ ਸੁੰਦਰ ਚਿਹਰਾ ਤੇ ਉਚੇ ਤੇ ਭਰਵੇਂ ਸਰੀਰ ਕਰਕੇ 6-7 ਸਾਲ ਦੇ ਬੱਚੇ ਵਰਗੇ ਲਗਦੇ ਸੀ। ਦੇਖਣ ਵਾਲੇ, ਖੜ੍ਹ ਕੇ ਦੇਖਣ ਲਗ ਜਾਂਦੇ ਸੀ। ਜਦ ਕਿਸੇ ਨੇ ਪੁੱਛਣਾ ਕਾਕਾ, ਕੈਂ ਸਾਲ ਦਾ ਹੈ? ਬਾਬਾ ਜੀ ਨੇ ਕਹਿਣਾ 5-6 ਸਾਲ ਦਾ ਹੈ, ਸੱਚ ਨਾ ਦੱਸਣਾ, ਹੋਣਹਾਰ ਦੀਆਂ ਅਲਹਿਦਾ ਖੇਲ੍ਹਾਂ ਸੀ।

ਪੰਜ ਸਾਲ ਦੀ ਆਯੂ ਵਿਚ ਹੀ ਪਿਤਾ ਜੀ ਨਾਲ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰ ਲਿਆ ਸੀ। 1930 ਵਿਚ ਹਾਲੇ ਆਪ ਛੇਵੀਂ ਵਿਚ ਹੀ ਪੜ੍ਹਦੇ ਸਨ ਕਿ ਆਪ ਦੀ ਸ਼ਾਦੀ ਹੋ ਗਈ ਸੀ।

*'ਚਲਦਾ.......।'*

# ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਾਂਝੀਵਾਲਤਾ
## (ਪਹਿਲੇ ਪ੍ਰਕਾਸ਼ ਪੁਰਬ 19 ਅਗਸਤ 'ਤੇ ਵਿਸ਼ੇਸ਼)

*ਡਾ. ਗੁਰਨੇਕ ਸਿੰਘ*

ਸਾਂਝੀਵਾਲਤਾ ਤੋਂ ਭਾਵ ਅਜਿਹੀ ਵਸਤੂ ਜਾਂ ਵਿਚਾਰ ਤੋਂ ਹੈ ਜਿਸ ਤੋਂ ਸਮੁੱਚਾ ਜਗਤ ਭਾਈਚਾਰਾ ਲਾਹਾ ਪ੍ਰਾਪਤ ਕਰ ਸਕਦਾ ਹੈ, ਜਿਸ ਨੂੰ ਲੋਕਾਈ ਆਪਣੇ ਨਿਜੀ ਅਤੇ ਸਮੂਹਿਕ ਹਿਤਾਂ ਲਈ ਵਰਤ ਸਕਦੀ ਹੈ। ਦੂਸਰੇ ਸ਼ਬਦਾਂ ਵਿਚ ਜਿਸ ਵਸਤੂ ਤੇ ਸਭ ਦਾ ਹੱਕ ਹੋਵੇ ਜਾਂ ਅਜਿਹੀ ਵਿਚਾਰਧਾਰਾ ਜਿਸ ਨੂੰ ਅਮਲ ਵਿਚ ਲਿਆ ਕੇ ਮਨੁੱਖਾ ਜੀਵਨ ਸੁਖਾਲਾ ਅਤੇ ਖੁਸ਼ਹਾਲ ਬਣਾ ਸਕੇ। ਅਸੀਂ ਦੇਖਦੇ ਹਾਂ ਕਿ ਕੁਦਰਤ ਵਿਚ ਅਜਿਹੀਆਂ ਵਸਤਾਂ ਦੀ ਭਰਮਾਰ ਹੈ ਜਿਨ੍ਹਾਂ ਦੀ ਵਰਤੋਂ ਨਾਲ ਸਮੁੱਚਾ ਜਗਤ ਆਪਣਾ ਜੀਵਨ ਜਿਉਂ ਰਿਹਾ ਹੈ। ਜਿਵੇਂ ਹਵਾ, ਪਾਣੀ, ਧੁੱਪ, ਖਣਿਜ ਪਦਾਰਥ, ਧਰਤੀ, ਜੰਗਲ ਆਦਿ। ਇਹ ਸਾਰੇ ਕਿਸੇ ਇਕ ਮਨੁੱਖ ਜਾਂ ਕਿਸੇ ਇਕ ਕੌਮ ਜਾਂ ਦੇਸ਼ ਲਈ ਨਹੀਂ ਹਨ। ਹਵਾ ਅਤੇ ਪਾਣੀ ਸਮੁੱਚੀ ਲੋਕਾਈ ਦੀ ਜੀਵਨ ਧੜਕਣ ਦਾ ਸਰੋਤ ਹੈ। ਇਸੇ ਤਰ੍ਹਾਂ ਇਕ ਅਜਿਹਾ ਵਿਚਾਰ ਜਿਹੜਾ ਸਮੁੱਚੀ ਲੋਕਾਈ ਨੂੰ ਰਹਿਨੁਮਾਈ ਦੇ ਸਕਣ ਦੇ ਸਮਰੱਥ ਹੋਵੇ ਅਤੇ ਜਿਸ ਦੀ ਅਗਵਾਈ ਨਾਲ ਜਾਂ ਜਿਸ ਨੂੰ ਅਮਲ ਵਿਚ ਲਿਆਉਣ ਨਾਲ ਸਮੁੱਚੀ ਲੋਕਾਈ ਬੇਹਤਰ ਜੀਵਨ ਜਿਉ ਸਕੇ। ਇਸੇ ਤਰ੍ਹਾਂ ਜਿਸ ਧਰਮ ਗ੍ਰੰਥ ਦਾ ਸੰਦੇਸ਼ ਸਮੁੱਚੀ ਲੋਕਾਈ ਲਈ ਨਾ ਹੋ ਕੇ ਕਿਸੇ ਇਕ ਹਿੱਸੇ ਲਈ ਹੋਵੇ, ਉਹ ਨਿਰਸੰਦੇਹ ਸਰਵਵਿਆਪੀ ਸੰਦੇਸ਼ ਦਾ ਦਾਅਵਾ ਗੁਆ ਬੈਠਦਾ ਹੈ। ਪਰ ਜਿਸ ਧਰਮ ਗ੍ਰੰਥ ਦੀ ਵਿਚਾਰਧਾਰਾ ਸਮੁੱਚੀ ਮਨੁੱਖਤਾ ਲਈ ਹੋਵੇ, ਉਸ ਨੂੰ ਸਰਵ ਮਨੁੱਖਤਾ ਲਈ ਕਲਿਆਣਕਾਰੀ ਹੋਣ ਦੇ ਨਾਤੇ ਸਵੀਕਾਰਿਆ ਜਾ ਸਕਦਾ ਹੈ।

ਇਸ ਸੰਦਰਭ ਵਿਚ ਵਿਚਾਰਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਅਜਿਹਾ ਧਾਰਮਿਕ ਗ੍ਰੰਥ ਹੈ ਜਿਸ ਦਾ ਉਪਦੇਸ਼, ਜੀਵਨ ਫਲਸਫਾ ਜਾਂ ਸਿਧਾਂਤ ਕਿਸੇ ਇਕ ਨਿਸ਼ਚਿਤ ਖਿਤੇ ਦੇ ਲੋਕਾਂ ਲਈ ਨਾ ਹੋ ਕੇ ਸਮੁੱਚੀ ਮਨੁੱਖਤਾ ਲਈ ਲਾਹੇਵੰਦ ਸਾਬਤ ਹੋ ਨਿਬੜਦਾ ਹੈ। ਅਜੋਕੇ ਸਮਕਾਲੀ ਸਮੇਂ ਵਿਚ ਉਤਰ ਆਧੁਨਿਕ ਕਾਲ (post modernism) ਦੇ ਸੰਕਲਪ ਦਾ ਸਿੱਟਾ (global village) ਹੋਂਦ ਵਿਚ ਆਇਆ ਹੈ ਭਾਵ ਕਿ ਨਿਰਸੰਦੇਹ ਇਹ ਉਪਰੋਕਤ ਵਿਚਾਰਧਾਰਾ ਦਾ ਉਦਗਮ ਰੂਪ ਵਿਚ ਸਿੱਟੇ ਦੇ ਤੌਰ ਤੇ ਹੋਂਦ ਵਿਚ ਆਇਆ ਹੈ ਪਰ ਇਸ ਦਾ ਪੂਰਨ ਵਿਕਸਤ ਅਤੇ ਸਵੈ ਸੰਪੰਨ ਸਵੈ ਆਸ਼ਰਿਤ ਰੂਪ ਗੁਰੂ ਕਾਲ ਵਿਚ ਹੋਂਦ ਵਿਚ ਆ ਚੁੱਕਾ ਸੀ ਭਾਵ ਕਿ ਅੱਜ ਤੋਂ ਕਈ ਸਦੀਆਂ ਪਹਿਲਾਂ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਨਿੱਖੜ ਅੰਗ ਬਣ ਚੁੱਕਾ ਸੀ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਚਨਾਕਾਰ ਗੁਰੂਆਂ ਅਤੇ ਭਗਤਾਂ ਦਾ ਉਪਦੇਸ਼ ਕਿਸੇ ਇਕ ਖਿਤੇ ਦੇ ਲੋਕਾਂ ਲਈ ਨਹੀਂ ਸੀ ਬਲਕਿ ਸਮੁੱਚੀ ਲੋਕਾਈ ਲਈ ਪ੍ਰਤਿਪਾਦਤ ਕੀਤਾ ਗਿਆ ਸੀ। ਇਸ ਵਿਚਾਰ ਦਾ ਪ੍ਰਤਿਪਾਦਨ ਕਰਦਿਆਂ ਗੁਰੂ ਜੀ ਨੇ ਪੂਰੇ ਵਿਸਤ੍ਰਿਤ ਵਿਸਾਲ ਬ੍ਰਹਿਮੰਡ ਨੂੰ ਭਾਵੇਂ ਇਹ ਕਿਸੇ ਨਸਲ, ਜਾਤ, ਧਰਮ ਅਤੇ ਰੰਗ ਦਾ ਹੋਵੇ ਇਸ ਦਾ ਸ਼ਹਿਰੀ ਭਾਵ ਕਿ ਬਸਿੰਦਾ ਮੰਨਿਆ ਹੈ। ਇਨ੍ਹਾਂ ਸਾਰੇ ਸ਼ਹਿਰੀਆਂ ਵਿਚ ਆਪਸ ਵਿਚ ਗੂੜ੍ਹਾ ਪਿਆਰ, ਭਾਵ ਅਤੇ ਗਹਿਰੀ ਮਿੱਤਰਤਾ ਹੈ। ਇਸ ਸਾਂਝੇ ਸ਼ਹਿਰ ਵਿਚ ਸਾਰੇ ਸ਼ਹਿਰੀ ਬਿਨਾਂ ਰੋਕ ਟੋਕ ਦੇ ਜਿੱਥੇ ਚਾਹੁੰਣ ਜਾ ਸਕਣ। ਕਿਸੇ ਦੇ ਮਨ ਵਿਚ ਕੋਈ ਡਰ, ਭਉ ਜਾਂ ਫ਼ਿਕਰ ਚਿੰਤਾ ਨਾ ਹੋਵੇ। ਸਾਰਿਆਂ ਦੀ ਸਾਂਝੀ ਰਾਜਨੀਤਿਕ ਵਿਵਸਥਾ ਹੋਵੇ ਜਿਸ ਵਿਚ ਨਿਆਂ ਦੇਣ ਵਾਲੀ ਸਰਕਾਰ ਸਥਾਪਤ ਹੋਵੇ ਜਿਥੇ ਕਿਸੇ ਨਾਲ ਧੱਕਾ ਜਾਂ ਅਨਿਆਂ ਨਾ ਹੋਵੇ। ਇਸ ਲਈ ਅਜਿਹੀ ਸਰਕਾਰ ਨੂੰ ਜਿਹੜੀ ਨਿਆਂ ਅਤੇ ਨੈਤਿਕ ਨਿਯਮਾਂ ਤੇ ਆਧਾਰਿਤ ਹੋਵੇ ਕਦੇ ਬਦਲਣ ਦੀ ਲੋੜ ਹੀ ਮਹਿਸੂਸ ਨਾ ਹੋਵੇ। ਧਨ ਸੰਪਤੀ ਸਰਬ ਮਨੁੱਖਤਾ ਦੀ ਸਾਂਝੀ ਹੋਵੇ। ਵਿਅਕਤੀਗਤ ਕਬਜ਼ੇ ਦਾ ਪੂਰਨ ਅਭਾਵ ਹੋਵੇ ਜਿਸ ਕਰਕੇ ਟੈਕਸ ਜਾਂ ਜੁਰਮਾਨੇ ਭਰਨ ਦੀ ਨਿਰੰਤਰ ਚਿੰਤਾ ਅਤੇ ਡਰ ਦਾ ਪੂਰਨ ਅਭਾਵ ਹੋਵੇ। ਅਜਿਹੀ ਸਰਬ ਪ੍ਰਮਾਣਿਤ ਸਥਾਪਤ ਸਰਕਾਰ ਦੇ ਕਾਰਜ ਕਾਲ ਵਿਚ ਨਾ ਕੋਈ ਕਿਸੇ ਵਿਸ਼ੇਸ਼ ਲਾਲਚ ਵਸ ਪਾਪ ਕਰੇ ਅਤੇ ਨਾ ਹੀ ਕੋਈ ਕਿਸੇ ਨੂੰ ਡਰਾਵੇ ਅਤੇ ਨਾ ਹੀ ਕੋਈ ਕਿਸੇ ਤੋਂ ਡਰੇ ਭਾਵ ਸਾਰੇ ਡਰ ਰਹਿਤ ਆਪਣੀ ਪ੍ਰੇਮ ਭਾਵ ਵਿਚ ਭਿਜ ਅਨੰਦਿਤ ਜੀਵਨ ਜਿਉਣ। ਇਸ ਤਰ੍ਹਾਂ ਸਾਰੇ ਆਪਸ ਵਿਚ ਭਰਾਵਾਂ ਦੀ ਤਰ੍ਹਾਂ ਵਿਚਰਣ ਅਤੇ ਅਪਰਾਧ ਕਰਨ ਤੋਂ ਗੁਰੇਜ ਕਰਨ। ਇਸ ਤਰ੍ਹਾਂ ਦੀ

ਸਥਾਪਤ ਸਰਕਾਰ ਵਿਚ ਹਮੇਸ਼ਾ ਲੋਕ ਭਲਾਈ ਦੇ ਵਿਕਾਸ ਦੇ ਕੰਮ ਹੁੰਦੇ ਰਹਿਣ। ਅਜਿਹੇ ਸਮਾਜ ਵਿਚ ਸਰਬ ਮਨੁੱਖ ਬਰਾਬਰੀ ਇਕ ਵਿਸ਼ੇਸ਼ ਸਮਾਜਿਕ ਅੰਗ ਹੋਵੇ ਅਤੇ ਇਕ ਦੂਸਰੇ ਤੋਂ ਭਿੰਨ ਭੇਦਤਾ ਜਾਂ ਵਿਤਕਰਾ ਨਾ ਹੋਵੇ ਅਤੇ ਨਾ ਹੀ ਕਿਸੇ ਸ਼ਹਿਰੀ ਦਾ ਦੂਜਾ ਜਾਂ ਤੀਜਾ ਦਰਜਾ ਹੋਵੇ। ਇਸ ਤਰ੍ਹਾਂ ਅਜਿਹੀ ਅਦੁੱਤੀ ਬਰਾਬਰੀ ਦਾ ਅਹਿਸਾਸ ਸਾਰਿਆਂ ਦੇ ਹਿਰਦਿਆਂ ਵਿਚ ਵਸਦਾ ਹੋਵੇਗਾ ਤਾਂ ਨਿਰਸੰਦੇਹ ਅਜਿਹੇ ਵਿਸ਼ਵ ਰੂਪੀ ਸ਼ਹਿਰ ਦੀ ਪ੍ਰਸਿੱਧੀ ਸਰਵ ਵਿਆਪਕ ਅਤੇ ਸਰਵ ਪਰਿਪੂਰਨ ਹੋਵੇਗੀ। ਅਜਿਹੀ ਸਮਾਜਕ ਸਥਾਪਤੀ ਵਿਚ ਵਿਅਕਤੀਗਤ ਪ੍ਰਸਿੱਧੀਆਂ ਲਈ ਜਦੋ-ਜਹਿਦ ਅਤੇ ਇਕ ਦੂਸਰੇ ਦੇ ਹੱਕਾਂ ਉਤੇ ਡਾਕਿਆਂ ਦਾ ਪੂਰਨ ਅਭਾਵ ਹੋਣ ਕਰਕੇ ਸਰਵ ਵਿਆਪਕ ਮਨੁੱਖਤਾ ਦੀ ਮਹਿਮਾ ਦੇ ਅਤਿ ਸੁਖਦਾਈ ਵਾਤਾਵਰਣ ਦਾ ਆਨੰਤ ਪ੍ਰਸਾਰ ਦ੍ਰਿਸ਼ਟੀ ਆਵੇਗਾ। ਇਸ ਤਰ੍ਹਾਂ ਅਜਿਹੇ ਸਮਤਾ ਭਾਵ ਕਿ ਬਰਾਬਰੀ ਵਾਲੇ ਮਾਨਵੀ ਸਮਾਜ ਵਿਚ ਦੁੱਖਾਂ ਅੰਦੇਸ਼ਿਆਂ ਅਤੇ ਕਲਾ ਕਲੇਸ਼ਾਂ ਦਾ ਪੂਰਨ ਤੌਰ ਤੇ ਅਭਾਵ ਅਤੇ ਅਣਹੋਂਦ ਹੋਵੇਗੀ। ਇਥੇ ਨਿਰਧਨ ਅਤੇ ਧਨਵਾਨ ਦੇ ਵਿਤਕਰਿਆਂ ਦੀ ਪੂਰਨ ਅਣਹੋਂਦ ਹੋਵੇਗੀ ਅਤੇ ਇਸ ਤਰ੍ਹਾਂ ਸਮੱਸਤ ਮਨੁੱਖੀ ਬਰਾਬਰੀ ਦੀ ਹਮੇਸ਼ਾਂ ਲਈ ਸਥਾਪਤੀ ਹੋ ਸਕੇਗੀ। ਗੁਰਬਾਣੀ ਵਿਚ ਅਜਿਹੇ ਉਤਕ੍ਰਿਸ਼ਟ ਮਾਨਵਵਾਦੀ ਵਿਚਾਰਾਂ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਗਿਆ ਹੈ।

*ਬੇਗਮ ਪੁਰਾ ਸਹਰ ਕੋ ਨਾਉ ॥*
*ਦੂਖੁ ਅੰਦੋਹੁ ਨਹੀ ਤਿਹਿ ਠਾਉ ॥*
*ਨਾਂ ਤਸਵੀਸ ਖਿਰਾਜੁ ਨ ਮਾਲੁ ॥*
*ਖਉਫੁ ਨ ਖਤਾ ਨ ਤਰਸੁ ਜਵਾਲੁ ॥ ੧ ॥*
*ਅਬ ਮੋਹਿ ਖੂਬ ਵਤਨ ਗਹ ਪਾਈ ॥*
*ਊਹਾਂ ਖੈਰਿ ਸਦਾ ਮੇਰੇ ਭਾਈ ॥ ੧ ॥ ਰਹਾਉ ॥*
*ਕਾਇਮੁ ਦਾਇਮੁ ਸਦਾ ਪਾਤਿਸਾਹੀ ॥*
*ਦੋਮ ਨ ਸੇਮ ਏਕ ਸੋ ਆਹੀ ॥*
*ਆਬਾਦਾਨੁ ਸਦਾ ਮਸਹੂਰ ॥*
*ਊਹਾਂ ਗਨੀ ਬਸਹਿ ਮਾਮੂਰ ॥ ੨ ॥*
*ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥*
*ਮਹਰਮ ਮਹਲ ਨ ਕੋ ਅਟਕਾਵੈ ॥*
*ਕਹਿ ਰਵਿਦਾਸ ਖਲਾਸ ਚਮਾਰਾ ॥*
*ਜੋ ਹਮ ਸਹਰੀ ਸੁ ਮੀਤੁ ਹਮਾਰਾ ॥ ੩ ॥ ੨ ॥*

*ਅੰਗ- ੩੪੫*

ਇਸ ਤਰ੍ਹਾਂ ਵਿਚਾਰਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਹ ਸੰਦੇਸ਼ ਤੇ ਉਪਦੇਸ਼ ਸਰਵਵਿਆਪੀ, ਸਰਬਕਾਲੀ, ਸਰਬਦੇਸੀ, ਸਰਬਸਾਂਝਾ, ਸਰਬਹਿਤਕਾਰੀ ਅਤੇ ਕਲਿਆਨਕਾਰੀ ਹੈ। ਇਸ ਤੱਥ ਦੀ ਪੁਸ਼ਟੀ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਤੋਂ ਭਲੀ ਭਾਂਤ ਹੁੰਦੀ ਹੈ -

*ਪਰਥਾਇ ਸਾਖੀ ਮਹਾ ਪੁਰਖ ਬੋਲਦੇ*
*ਸਾਝੀ ਸਗਲ ਜਹਾਨੈ ॥* *ਅੰਗ- ੬੪੭*

ਜਿਸ ਤਰ੍ਹਾਂ ਉਪਰੋਕਤ ਵਿਚਾਰਿਆ ਗਿਆ ਹੈ ਕਿ ਅਜੋਕੇ ਸਮੇਂ ਵਿਚ ਉਦਭਵ (Global village) ਦੀ ਧਾਰਨਾ ਨੇ ਸੰਸਾਰ ਵਿਸਤ੍ਰਿਤ ਪਰਵਿਰਿਤਿਤ ਦੂਰੀਆਂ ਅਤੇ ਹਰ ਕਿਸਮ ਦੇ ਸਮਾਜਿਕ ਵਿਭਾਜਨ ਨੂੰ ਖਤਮ ਕਰਕੇ ਸਮੁੱਚੀ ਲੋਕਾਈ ਨੂੰ ਇਕ ਕੇਂਦਰੀ ਬਿੰਦੂ ਤੇ ਇਕੱਤਰ ਕਰ ਦਿਤਾ ਹੈ। ਜਿਸ ਵਿਚ ਸਮੇਂ ਤੇ ਸਥਾਨ ਦੀ ਦੂਰੀ ਦਾ ਲੱਗਭੱਗ ਅਭਾਵ ਹੋ ਗਿਆ ਹੈ। ਇਸ ਸੰਦਰਭ ਵਿਚ ਗੁਰਬਾਣੀ ਉਪਦੇਸ਼ ਦੀ ਪਰਸੰਗਕਤਾ ਅਤੇ ਸਾਰਥਿਕਤਾ ਅੱਜ ਵੀ ਉਤਨੀ ਹੀ ਅਨਿਵਾਰਯ ਹੈ ਜਿਤਨੀ ਇਸਦੇ ਹੋਂਦ ਵਿਚ ਆਉਣ ਸਮੇਂ ਸੀ। ਸਮੇਂ ਦੇ ਬੀਤਣ ਨਾਲ ਇਸ ਦੀ ਉਪਯੋਗਤਾ ਵਿਚ ਕੋਈ ਅੰਤਰ ਨਹੀਂ ਆਇਆ। ਇਸ ਲਈ ਇਹ ਜਿਥੇ ਪੂਰਵੀ ਦੁਨੀਆਂ ਲਈ ਅਤਿ ਲਾਹੇਵੰਦ ਹੈ ਉਥੇ ਇਹ ਅਜੋਕੇ ਪੱਛਮੀ ਵਿਗਿਆਨਕ ਦੁਨੀਆਂ ਲਈ ਵੀ ਉਤਨੀ ਹੀ ਸਾਰਥਕ, ਲਾਭਦਾਇਕ ਅਤੇ ਫਲਦਾਇਕ ਹੈ। ਇਸ ਦੀ ਇਕ ਸਪੱਸ਼ਟ ਉਦਾਹਰਣ ਯੂ.ਐਸ.ਏ. ਵਿਚ ਦੇਖੀ ਜਾ ਸਕਦੀ ਹੈ। ਜਿਥੇ ਉਨੀਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਅਨੇਕਾਂ ਅਮਰੀਕਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰਬਗਤਾ ਪਰਿਪੂਰਨ ਸੰਦੇਸ਼ ਅਤੇ ਉਪਦੇਸ਼ ਨੂੰ ਧਾਰਨ ਕਰਕੇ ਸਿੱਖੀ ਜੀਵਨ ਜਿਊਣ ਵਿਚ ਆਪਣੀ ਰੁਚੀ ਦਿਖਾਈ ਹੈ ਅਤੇ ਸਿੱਖੀ ਧਾਰਨ ਕਰਕੇ ਮਾਣ ਮਹਿਸੂਸ ਕਰ ਰਹੇ ਹਨ। ਇਸ ਲਈ ਇਹ ਸੰਦੇਸ਼ ਸਾਰੇ ਸੰਸਾਰ ਲਈ, ਸਭ ਲੋਕਾਂ ਅਤੇ ਸਮਿਆਂ ਲਈ ਸਾਂਝਾ, ਸਮਾਨ ਤੇ ਕਲਿਆਣਕਾਰੀ ਹੈ। ਇਸ ਸੰਬੰਧ ਵਿਚ ਜਦੋਂ ਪੰਜਵੇਂ ਗੁਰੂ ਅਰਜਨ ਦੇਵ ਜੀ ਨਿਮਨ ਲਿਖਤ ਫੁਰਮਾਉਂਦੇ ਹਨ ਤਾਂ ਇਹ ਉਪਰੋਕਤ ਤੱਥ ਸਪੱਸ਼ਟ ਹੋ ਜਾਂਦਾ ਹੈ -

*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥*
*ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ*
*ਘਟਿ ਘਟਿ ਨਾਨਕ ਮਾਝਾ ॥ ੪ ॥ ੩ ॥ ੫੦ ॥*

*ਅੰਗ- ੭੪੮*

ਇਸ ਤਰ੍ਹਾਂ ਵਰਤਮਾਨ ਯੁੱਗ ਦੇ ਮਨੁੱਖਾਂ ਦੇ ਸਾਰੇ ਜਾਤੀ ਤੇ ਨਸਲੀ ਮੱਤ ਮਤਾਂਤਰੀ ਦੇ ਦੇਸ਼ ਦੇਸ਼ਾਂਤਰੀ ਭਿੰਨ-ਭੇਦਾਂ ਨੂੰ ਗੁਰੂ ਜੀ ਮੂਲੋਂ ਹੀ ਨਕਾਰ ਕੇ ਜਾਤੀ-ਵਿਭਾਜਨ ਦਾ ਖੰਡਨ ਕਰਕੇ ਸਮੁੱਚੀ ਲੋਕਾਈ ਦੇ ਸਾਂਝੇ ਉਪਦੇਸ਼ ਹੋਣ ਦੀ ਪੁਸ਼ਟੀ ਕਰ ਦਿੰਦੇ ਹਨ। ਇਸੇ ਵਿਚਾਰ ਨੂੰ ਹੋਰ ਸਪੱਸ਼ਟ ਕਰਦੇ ਹੋਏ ਫੁਰਮਾਉਂਦੇ ਹਨ -

*ਗੁਰੁ ਨਾਨਕੁ ਉਪਦੇਸੁ ਕਹਤੁ ਹੈ*
*ਜੋ ਸੁਨੈ ਸੋ ਪਾਰਿ ਪਰਾਨਥ ॥ ੪ ॥ ੧ ॥ ੧੦ ॥*

*ਅੰਗ- ੧੦੦੧*

ਅਜੋਕੇ ਸਮੇਂ ਵਿਚ ਪ੍ਰਸਿੱਧ ਭਾਰਤੀ ਰਿਸ਼ੀ ਪ੍ਰੋਫ਼ੈਸਰ ਸਾਧੂ ਟੀ.ਐਲ.ਵਾਸਵਾਨੀ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ (World Scripture) ਅਰਥਾਤ 'ਜਗਤ ਦਾ ਧਰਮ ਗ੍ਰੰਥ' ਆਖਿਆ ਹੈ। ਉਹ ਕਹਿੰਦੇ ਹਨ ਕਿ ਇਹ ਸ਼ਬਦ ਜਗਤ ਆਤਮਾ ਵਿਚੋਂ ਫੁੱਟ ਨਿਕਲੇ ਹਨ। (Out of the world soul it rolled) ਇਸੇ ਲਈ ਇਕ ਮਹਾਨ ਜਗਤ ਪ੍ਰਸਿੱਧ ਇਤਿਹਾਸਕਾਰ ਸਰ ਅਰਨਲਡ ਟਾਇਨਬੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਇਕ ਸਰਬਸਵੀ ਸਬਦ ਸੰਗ੍ਰਹਿ (Catholic anthology) ਬਿਆਨਿਆ ਅਤੇ ਮਨੁੱਖ ਜਾਤੀ ਦਾ ਸਾਂਝਾ ਰੂਹਾਨੀ ਖਜ਼ਾਨਾ (mankinds common spiritual treasure) ਸਵੀਕਾਰ ਕਰਦਿਆਂ ਗੁਰੂ ਗ੍ਰੰਥ ਨੂੰ ਨਮੋਮਸਤਕ ਹੁੰਦਿਆਂ ਹੋਇਆਂ ਲਿਖਿਆ ਹੈ : It is important that it Should be brought within the direct reach of as many people as posssible. ਇਸ ਤਰ੍ਹਾਂ ਟਾਇਨਬੀ ਨੇ ਇਸ ਅਨਮੋਲ ਖਜ਼ਾਨੇ ਨੂੰ ਵੱਧ ਤੋਂ ਵੱਧ ਲੋਕਾਂ ਦੇ ਨੇੜੇ ਪਹੁੰਚਾਉਣ ਅਤੇ ਵਰਸਾਉਣ ਉਤੇ ਜ਼ੋਰ ਦਿਤਾ ਹੈ।

ਉਪਰੋਕਤ ਵਿਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਿਤ ਹੈ ਕਿਉਂਕਿ ਇਸ ਪਾਵਨ ਗ੍ਰੰਥ ਦੇ ਅਖੀਰ ਤੇ ਮੁੰਦਾਵਣੀ ਨਾਮੀ ਸ਼ਬਦ ਵਿਚ ਇਸ ਦੇ ਸਰਵਵਿਆਪੀ ਸਮੁੱਚੀ ਲੋਕਾਈ ਲਈ ਸੰਦੇਸ਼ ਅਤੇ ਉਪਦੇਸ਼ ਦੀ ਝਲਕ ਸਾਫ ਦਿਖਾਈ ਦਿੰਦੀ ਹੈ। ਗੁਰੂ ਜੀ ਸਮੁੱਚੀ ਮਾਨਵਜਾਤੀ ਨੂੰ ਸੰਬੋਧਿਤ ਹੁੰਦੇ ਹੋਏ ਫੁਰਮਾਉਂਦੇ ਹਨ -

*ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥*
*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ*
*ਜਿਸ ਕਾ ਸਭਸੁ ਅਧਾਰੋ॥*
*ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥*
*ਏਹ ਵਸਤੁ ਤਜੀ ਨਹ ਜਾਈ*
*ਨਿਤ ਨਿਤ ਰਖੁ ਉਰਿ ਧਾਰੋ ॥*
*ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥*

*ਅੰਗ - ੧੪੨੯*

ਇਸ ਸ਼ਬਦ ਰਾਹੀਂ ਗੁਰੂ ਜੀ ਨੇ ਸਮੁੱਚੀ ਲੋਕਾਈ ਦੇ ਵਰਤਨ ਲਈ ਤਿੰਨ ਅਨਮੋਲ ਪਦਾਰਥਾਂ ਦਾ ਜ਼ਿਕਰ ਕੀਤਾ ਹੈ। 1. ਸਤਿ 2. ਸੰਤੋਖ 3. ਵੀਚਾਰ। ਇਨ੍ਹਾਂ ਦੇ ਨਾਲ ਪ੍ਰਭੂ ਅੰਮ੍ਰਿਤ ਰੂਪੀ ਨਾਮ ਨੂੰ ਸਾਰੀ ਮਨੁੱਖਤਾ ਦੇ ਅਧਾਰ ਤੇ ਆਸਰੇ ਲਈ ਸਥਾਪਤ ਕਰ ਦਿਤਾ ਹੈ। ਇਹ ਇਕ ਅਜਿਹੀ ਖੁਰਾਕ ਹੈ ਜਿਸ ਦੇ ਆਸਰੇ ਮਨੁੱਖੀ ਆਤਮਾ ਬਲਵਾਨ ਹੁੰਦੀ ਹੈ। ਇਸ ਲਈ ਅਜਿਹੀ ਖੁਰਾਕ ਦਾ ਸੇਵਨ ਕਰਨ ਨਾਲ ਮਨੁੱਖ ਮੁਕਤੀ ਪ੍ਰਾਪਤ ਕਰੇਗਾ। ਇਹ ਭਿੰਨ ਅਦੁੱਤੀ ਅਨਮੋਲ ਪਦਾਰਥ ਗੁਰੂ ਜੀ ਨੇ ਸਮੁੱਚੀ ਮਨੁੱਖਤਾ ਲਈ ਰੱਖੇ ਹਨ ਜਿਨ੍ਹਾਂ ਦਾ ਸ਼ਾਇਦ ਇਸ ਰੂਪ ਵਿਚ ਸੰਸਾਰ ਦੇ ਕਿਸੇ ਵੀ ਕਿਸਮ ਦੇ ਧਾਰਮਕ ਜਾਂ ਲੋਕਿਕ ਸਾਹਿਤ ਵਿਚ ਅਭਾਵ ਮਿਲਦਾ ਹੈ, ਕਿਉਂਕਿ ਸਮੁੱਚੀ ਮਨੁੱਖੀ ਵਿਅਕਤੀਤਵ ਦੀ ਘਾੜਤ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਨਾਮ ਦੀ ਬਹੁਤ ਮਹਿਮਾ ਗਾਇਣ ਕੀਤੀ ਗਈ ਹੈ ਅਤੇ ਇਸ ਉਤੇ ਥਾਂ ਪਰ ਥਾਂ ਜ਼ੋਰ ਦਿਤਾ ਗਿਆ ਹੈ।

ਸੋ ਉਪਰੋਕਤ ਵਿਚਾਰ ਤੋਂ ਕੁਝ ਤੱਥ ਉਘੜ ਕੇ ਸਾਹਮਣੇ ਆਉਂਦੇ ਹਨ 1. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਸਰਵ ਵਿਆਪੀ ਅਤੇ ਸਰਬਕਾਲੀ ਹੈ। 2. ਸਮੁੱਚੀ ਮਨੁੱਖਤਾ ਇਕ ਹੈ। ਕਿਸੇ ਵੀ ਕਿਸਮ ਦਾ ਵਿਭਾਜਨ ਜਾਂ ਵੰਡ ਜੋ ਕਿ ਰੰਗ, ਨਸਲ, ਜਾਤ, ਧਰਮ ਦੇ ਨਾਮ ਤੇ ਕੀਤਾ ਜਾਂਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦੀ ਕੋਈ ਥਾਂ ਨਹੀਂ ਹੈ, ਇਸ ਨੂੰ ਪੂਰਨ ਤੌਰ ਤੇ ਨਕਾਰਿਆ ਗਿਆ ਹੈ। 3. ਕਿਸੇ ਇਕ ਫਿਰਕੇ, ਜਾਤੀ ਜਾਂ ਮਨੁੱਖ ਲਈ ਨਹੀਂ ਸਗੋਂ ਸਰਵ ਮਨੁੱਖਤਾ ਦੇ ਵਿਕਾਸ ਉਤੇ ਬਲ ਦਿਤਾ ਗਿਆ ਹੈ 4. ਇਹ ਵਿਕਾਸ ਪਹਿਲ ਦੇ ਅਧਾਰ ਤੇ ਆਤਮਿਕ ਹੈ ਅਤੇ ਦੂਸਰੇ ਦਰਜੇ ਤੇ ਸਮਾਜਿਕ ਅਤੇ ਆਰਥਿਕ ਹੈ। ਕਿਉਂਕਿ ਆਤਮਿਕ ਵਿਕਾਸ ਸਾਰੀਆਂ ਤਰੱਕੀਆਂ, ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਦਾ ਮੂਲ ਹੈ। ਇਸ ਲਈ ਇਹ ਸਮੁੱਚੀ ਸਮਾਜਿਕ ਬਣਤਰ ਅਤੇ ਮਨੁੱਖ ਦਾ ਆਧਾਰ ਹੈ।

*ਚਲਦਾ.............।'*

# ਈਸ਼੍ਵਰ ਅਮੋਲਕ ਲਾਲ
# (ਭਾਗ ਦੂਜਾ)
# ਈਸ਼ਵਰ ਹਰੀ ਅਤੇ ਹਰੀ ਈਸ਼ਵਰ

5. ੧ਓ ਸਤਿਗੁਰ ਪ੍ਰਸਾਦਿ

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ ॥*     *ਅੰਗ - ੧੩੬੬*

*ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥*     *ਅੰਗ - ੧੨*

*ਚੌਰਾਸੀਹ ਲੱਖ ਜੋਨ ਵਿਚ ਉੱਤਮ ਜਨਮ ਸੁ ਮਾਨਸ ਦੇਹੀ॥*     *ਭਾਈ ਗੁਰਦਾਸ ਜੀ, ਵਾਰ ੧/੩*

ਮਾਨੁਸ਼ ਸਰੀਰ ਅਸ਼ਰਫ-ਉਲ-ਮਖ਼ਲੂਕਾਤ ਕਹਿਲਾਤਾ ਹੈ ਔਰ ਪ੍ਰਭੂ ਮਿਲਾਪ ਵਾਸਤੇ ਦੁਰਲਭ ਮੌਕਾ ਹੈ। ਮਾਨੁਸ਼ ਸ਼ਰੀਰ ਲਾਖ ਚੌਰਾਸੀ ਜੂਨੀਓਂ ਮੇਂ ਸ੍ਰੇਸ਼ਟ ਔਰ ਆਲ੍ਹਾ ਹੈ। ਇਸ ਕੋ ਤਮਾਮ ਮਤ ਮਤਾਂਤਰ ਵਾਲੋਂ ਨੇ ਅਸ਼ਰਫ-ਉਲ-ਮਖ਼ਲੂਕਾਤ ਮਾਨਾ ਹੈ। ਤਮਾਮ ਜੀਨੀਓਂ ਕਾ ਬਾਦਸ਼ਾਹ ਮਾਨਾ ਹੈ। ਇਸ ਮਾਨੁਖ ਦੇਹੀ ਕਾ ਮੁੱਦਾ ਪ੍ਰਭੂ ਪ੍ਰਾਪਤੀ ਹੈ। ਪ੍ਰਮੇਸ਼੍ਵਰ ਕੋ ਮਿਲਨਾ ਹੈ ਜੋ ਕਿ ਹਰ ਏਕ ਪ੍ਰਾਨੀ ਕੇ ਹਮੇਸ਼ਾ ਹੀ ਸਾਥ ਹੈ। ਕਭੀ ਭੀ ਦੂਰ ਨਹੀਂ ਹੈ। ਜੈਸੇ ਹਰ ਏਕ ਇਨਸਾਨ ਕਾ ਮੂੰਹ ਔਰ ਆਂਖੇਂ ਕਭੀ ਭੀ ਦੂਰ ਨਹੀਂ ਹੋਤੀ ਲੇਕਿਨ ਅਪਨਾ ਮੂੰਹ ਔਰ ਆਂਖੇ ਦੇਖਨੇ ਕੇ ਲੀਏ ਸ਼ੀਸ਼ੇ ਕੀ ਜ਼ਰੂਰਤ ਪੜਤੀ ਹੈ। ਹਾਲਾਂਕਿ ਆਂਖੇਂ ਤਮਾਮ ਕੋ ਦੇਖਤੀ ਹੈਂ ਲੇਕਿਨ ਅਪਨੇ ਆਪ ਕੋ ਨਜ਼ਦੀਕਤਰ ਹੋਨੇ ਕੇ ਬਾਵਜੂਦ ਭੀ ਬਗੈਰ ਸ਼ੀਸ਼ੇ ਕੀ ਮਦਦ ਸੇ ਨਹੀਂ ਦੇਖ ਸਕਦੀ ਔਰ ਵੋਹ ਭੀ ਤਬ, ਜਬ ਸ਼ੀਸ਼ਾ ਬਿਲਕੁਲ ਸੀਧਾ ਹੋ, ਉਲਟਾ ਨਾ ਹੋ ਔਰ ਬਿਲਕੂਲ ਸਾਫ਼ ਹੋ, ਮੈਲਾ ਨਾ ਹੋ ਔਰ ਮੂੰਹ ਕੇ ਬਿਲਕੁਲ ਸਾਮਨੇ ਠਹਿਰਾ ਹੋ। ਮੂੰਹ ਕੇ ਇਧਰ ਉਧਾਰ ਨਾ ਹੋ ਔਰ ਹਿਲਤਾ ਜੁਲਤਾ ਨਾ ਹੋ। ਤਬ ਸ਼ੀਸ਼ੇ ਮੇਂ ਅਪਨਾ ਮੂੰਹ ਔਰ ਆਂਖੇਂ ਜਿਊਂ ਕੀ ਤਿਊਂ ਨਜ਼ਰ ਆਤੀ ਹੈਂ ਵਰਨਾ ਨਹੀਂ। ਇਸੀ ਤਰਹਿ ਪ੍ਰਮਾਤਮਾ ਹਰ ਏਕ ਕੋ ਅਪਨਾ ਸਰੂਪ ਹੋਨੇ ਸੇ ਇਤਨਾ ਹੀ ਨਜ਼ਦੀਕਤਰ ਹੈ ਜੈਸੇ ਹਰ ਏਕ ਕੋ ਅਪਨਾ ਮੂੰਹ ਔਰ ਆਂਖੇਂ। ਉਸ ਪ੍ਰਮਾਤਮਾ ਕੇ ਦਰਸ਼ਨ ਮਨ ਰੂਪੀ ਸ਼ੀਸ਼ੇ ਮੇਂ ਹੋਤੇ ਹੈਂ ਜਬ ਕਿ ਮਨ ਮੇਂ ਨਾਸਤਕ ਭਾਵਨਾ ਨਾ ਹੋ ਔਰ ਮਨ ਮੇਂ ਪ੍ਰਾਗੰਦਾ ਖ਼ਿਆਲੋਂ ਕੀ ਮੈਲ ਨਾ ਹੋ ਔਰ ਵਿਖਸ਼ੇਪ ਦੋਸ਼ ਨਾ ਹੋ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕੇ ਘਰ ਕੇ (ਵੇਦ-ਵਿਆਸ) ਬ੍ਰਹਮਵਿਤ, ਨੇਸ਼ਠੀ ਔਰ ਸ੍ਰੋਤਰੀ ਸਿੱਖ ਭਾਈ ਸਾਹਿਬ ਭਾਈ ਗੁਰਦਾਸ ਸਾਹਿਬ ਜੀ ਜਿਨ ਕੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਚਾਬੀ ਮਾਨੀ ਗਈ ਹੈ, ਪਰਮ ਪਦਵੀ ਕੀ ਪ੍ਰਾਪਤੀ ਕੇ ਮੁੰਦਰਜਾ ਜ਼ੈਲ ਸਾਧਨ ਦਰਜ ਕਰਤੇ ਹੈਂ। ਮਨਮੱਤ ਕੋ ਛੋੜ ਕਰ ਗੁਰਮਤਿ ਕੋ ਧਾਰਨ ਕਰਨਾ।

*੧. ਹਉ ਤਿਸੁ ਘੋਲਿ ਘੁਮਾਇਆ, ਗੁਰਮਤਿ ਰਿਦੈ ਗਰੀਬੀ ਆਵੈ॥ (ਆਜਜ਼ੀ)*
*੨. ਹਉ ਤਿਸੁ ਘੋਲਿ ਘੁਮਾਇਆ, ਪਰ ਨਾਰੀ ਦੈ ਨੇੜਿ ਨ ਜਾਵੈ॥ (ਜਤ, ਬ੍ਰਹਮਚਰਜ)*
*੩. ਹਉ ਤਿਸੁ ਘੋਲਿ ਘੁਮਾਇਆ, ਪਰ ਦਰਬੈ ਨੋ ਹਥੁ ਨ ਲਾਵੈ॥ (ਚੋਰੀ ਰਹਿਤ, ਸੰਤੋਖ)*
*੪. ਹਉ ਤਿਸੁ ਘੋਲਿ ਘੁਮਾਇਆ, ਪਰ ਨਿੰਦਾ ਸੁਣਿ ਆਪੁ ਹਟਾਵੈ॥ (ਪਰਾਈ ਨਿੰਦਾ ਰਹਿਤ)*
*੫. ਹਉ ਤਿਸੁ ਘੋਲਿ ਘੁਮਾਇਆ, ਸਤਿਗੁਰ ਦਾ ਉਪਦੇਸ ਕਮਾਵੈ॥ (ਗੁਰ ਉਪਦੇਸ਼ ਦਾ ਸਿਮਰਨ)*
*੬. ਹਉ ਤਿਸੁ ਘੋਲਿ ਘੁਮਾਇਆ, ਥੋੜਾ ਸਵੈ ਥੋਵਾ ਹੀ ਖਾਵੈ॥ (ਅਲਪ ਅਹਾਰ, ਅਲਪ ਨੀਂਦ)*
*ਗੁਰਮੁਖਿ ਸੋਈ ਸਹਜਿ ਸਮਾਵੈ॥ (ਸਹਿਜ ਸਮਾਈ)*

*(ਵਾਰਾਂ ਭਾਈ ਗੁਰਦਾਸ ਜੀ - ਵਾਰ ੧੨)*

ਇਨ ਛੇ ਸਾਧਨੋਂ ਵਾਲਾ ਗੁਰਮੁਖ ਏਕ ਹੀ ਜਨਮ ਮੇਂ ਬ੍ਰਹਮ ਗਿਆਨ ਪ੍ਰਾਪਤ ਕਰ ਕੇ ਮੋਖਸ਼ ਪਦਵੀ ਹਾਸਲ ਕਰ ਲੇਤਾ ਹੈ। 1. ਆਜਜ਼ੀ 2. ਜਤ, ਬ੍ਰਹਮਚਰਜ 3. ਚੋਰੀ ਰਹਿਤ ਸੰਤੋਖ 4. ਪਰਾਈ ਨਿੰਦਾ ਸੇ ਰਹਿਤ 5. ਗੁਰੂ ਉਪਦੇਸ਼, ਗੁਰੂ ਸ਼ਬਦ ਯਾ ਗੁਰ ਮੰਤ੍ਰ ਕਾ ਅਭਿਆਸ 6. ਅਲਪ ਅਹਾਰ, ਅਲਪ ਨੀਂਦ ਮੋਖਸ਼ ਕੇ ਸਾਧਨ ਹੈਂ। ਇਸ ਸੇ ਸਾਫ਼ ਜ਼ਾਹਿਰ ਹੈ ਕਿ ਹਮੇਂ ਪ੍ਰਮੇਸ਼੍ਵਰ ਕੇ ਮਿਲਾਪ ਔਰ ਦਰਸ਼ਨੋਂ ਕੇ ਵਾਸਤੇ ਅਪਨੇ ਮਨ ਰੂਪੀ ਸ਼ੀਸ਼ੇ ਕੇ ਪੀਛੇ ਬਤਾਏ ਦੋਸ਼ ਦੂਰ ਕਰਨੇ ਪੜੇਂਗੇ। ਯਾਨਿ ਨਾਸਤਕ ਭਾਵਨਾ ਕੋ ਦੂਰ ਕਰਨਾ

ਔਰ ਮਲ ਕੋ ਦੂਰ ਕਰਨਾ ਔਰ ਵਿਖਸ਼ੇਪ ਯਾਨਿ ਮਨ ਜੀ ਚੰਚਲਤਾ ਕੋ ਦੂਰ ਕਰਨਾ ਹੋਗਾ ਔਰ ਇਨ ਦੋਸ਼ੋਂ ਕੋ ਦੂਰ ਹੂਏ ਸੇ ਏਕ ਔਰ ਦੋਸ਼ ਜਿਸ ਕੋ ਅਵਰਨ ਕਹਿਤੇ ਹੈਂ ਬਹੁਤ ਜਲਦੀ ਹੀ ਦੂਰ ਹੋ ਜਾਇਆ ਕਰਤਾ ਹੈ ਕਿ ਗੁਰੂ ਕ੍ਰਿਪਾ ਸੇ ਦੂਰ ਹੋਤਾ ਹੈ। ਇਨ ਦੋਸ਼ੋਂ ਕੋ ਦੂਰ ਕਰਨੇ ਕੇ ਵਾਸਤੇ ਸਤਿਸੰਗ ਔਰ ਗੁਰੂ ਕ੍ਰਿਪਾ ਅਤੀਅੰਤ ਜ਼ਰੂਰੀ ਹੈ।

*ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥ ਅੰਗ - ੧੧੬੨*

ਯਾਨਿ ਸਾਧ ਸੰਗਤ ਔਰ ਗੁਰੂ ਕੀ ਕ੍ਰਿਪਾ ਸੇ ਸਰੀਰ ਰੂਪੀ ਕਿਲੇ ਕਾ ਰਾਜਾ ਜੋ ਕਿ ਮਨ ਹੈ, ਕਾਬੂ ਕਰ ਲੀਆ ਜਾਤਾ ਹੈ। ਵੋਹੀ ਜੀਵ ਔਰ ਈਸ਼੍ਵਰ ਕੇ ਦਰਮਿਆਨ ਪਰਦਾ ਰੂਪੀ ਹੈ। 1. ਮਲ 2. ਵਿਖਸ਼ੇਪ 3. ਅਵਰਨ ਕੇ ਉਲਟ (1) ਕਰਮ (2) ਉਪਾਸ਼ਨਾ (3) ਗਿਆਨ ਹੋਤੇ ਹੈਂ।

ਮਲ ਦੋਸ਼ ਕੇ, ਨਿਸ਼ਕਾਮ ਕਰਮ, ਦਾਨ, ਇਸ਼ਨਾਨ, ਗੁਰੂ ਔਰ ਸਾਧ ਸੰਗਤ ਕੀ ਸੇਵਾ ਹੀ ਵਿਨਾਸ਼ਕ ਹੈ। ਜੈਸੇ ਸ਼ੀਸ਼ੇ ਕੋ ਮਾਰਜਨ ਕਰਨੇ ਸੇ ਸਾਫ਼ ਹੋ ਜਾਤਾ ਹੈ ਵੈਸੇ ਹੀ ਇਨ ਸੇ ਮਨ ਸਾਫ਼ ਹੋ ਜਾਤਾ ਹੈ।

ਸਵਾਲ - ਨਿਰਬਾਣ ਪਦਵੀ ਕਿਸ ਅਭਿਆਸ ਸੇ ਪ੍ਰਾਪਤ ਹੋਤੀ ਹੈ? ਯਾਨਿ ਨਿਰਵਿਕਲਪ ਅਵਸਥਾ ਕੀ ਪ੍ਰਾਪਤੀ ਵਾਸਤੇ ਕੌਨ ਸਾ ਅਭਿਆਸ ਕਰਨਾ ਚਾਹੀਏ?

ਜਵਾਬ : ਤਮਾਮ ਸੰਕਲਪ ਵਿਕਲਪ ਸੇ ਰਹਿਤ ਹੋ ਕਰ ਗੁਰ ਸ਼ਬਦ ਯਾ ਨਾਮ ਕਾ ਅਭਿਆਸ (ਸਿਮਰਨ) ਕਰੋ। ਜਬ ਯੇਹ ਅਵਸਥਾ ਪਰਪੱਕ ਹੋ ਜਾਵੇ ਉਸ ਸੇ ਬਾਦ ਆਪ ਕੋ ਅਸਥੂਲ, ਸੂਖਸ਼ਮ ਔਰ ਕਾਰਨ ਸਰੀਰ ਸੇ ਅਲੈਹਦਾ ਆਤਮਾ ਮਹਿਸੂਸ ਕਰੋ। ਯਾਨਿ ਜਿਸਮ ਪ੍ਰਾਨ, ਕਰਮ ਇੰਦ੍ਰੇ ਔਰ ਗਿਆਨ ਇੰਦ੍ਰੇ ਔਰ ਮਨ ਸੇ ਔਰ ਇਨ ਕੇ ਧਰਮੋਂ ਸੇ ਨਿਆਰਾ ਆਪ ਕੋ ਨਿਰਾਕਾਰ ਸਤਿ-ਚਿੱਤ-ਅਨੰਦ ਪਰੀਪੂਰਨ ਆਤਮਾ ਮਾਨੋ ਔਰ ਉੱਤਮ ਅਭਿਆਸ ਕਰੋ। ਜਿਸ ਵਕਤ ਯੇਹ ਅਵਸਥਾ ਪਰਪੱਕ ਹੋ ਜਾਵੇ ਤੋ ਅਪਨੀ ਬਿਰਤੀ ਸੇ ਤਮਾਮ ਨਾਮ ਔਰ ਰੂਪ ਕੋ ਨਿਕਾਲ ਕਰ ਸਿਰਫ ਅਨਾਮ ਔਰ ਅਰੂਪ ਮੇਂ ਲਗਾ ਕਰ ਨਿਰਵਿਕਲਪ ਬਨਾਓ। ਜਿਸ ਵਕਤ ਬਿਰਤੀ ਅਪਨਾ ਸਰੂਪ ਯਾਨਿ ਫੁਰਨਾ ਬਿਲਕੁਲ ਗਵਾ ਦੇਗੀ, ਤਬ ਬਾਕੀ ਨਿਰਾਕਾਰ, ਨਿਰਵਿਕਲਪ, ਚਿਦਾਕਾਸ਼ ਔਰ ਪਰਮਾਨੰਦ ਔਰ ਕੇਵਲ ਕੇਵਲੀ ਰੂਪ ਜੋ ਕਿ ਅਪਨਾ ਸਰੂਪ ਹੈ, ਉਸ ਸਮੇਂ ਹਮੇਸ਼ਾ ਕੇ ਲੀਏ ਲੀਨ ਹੋ ਜਾਓ ਔਰ ਵਿਖਸ਼ੇਪ ਦੋਸ਼ ਕੋ ਦੂਰ ਕਰਨੇ ਕਾ ਉਪਾਉ ਉਪਾਸ਼ਨਾ ਮਾਨਾ ਗਿਆ ਹੈ। ਜਿਸ ਮੇਂ ਗੁਰਬਾਣੀ ਕਾ ਪਾਠ ਔਰ ਕੀਰਤਨ, ਨਾਮ, ਸਿਮਰਨ ਔਰ ਧਿਆਨ ਸ਼ਾਮਲ ਹੈਂ। ਗੁਰਬਾਣੀ ਕੇ ਪਾਠ ਮੇਂ ਮਨ ਕਾ ਲਗਾਨਾ ਜ਼ਰੂਰੀ ਹੈ। ਇਸ ਵਾਸਤੇ ਪਹਿਲੇ ਪਹਿਲ ਇਸ ਕੇ ਲਗ ਮਾਤਰ ਔਰ ਅਖਰੋਂ ਮੇਂ ਧਿਆਨ ਰਖ ਕਰ ਪਾਠ ਕਰਨਾ ਚਾਹੀਏ ਔਰ ਦੂਸਰਾ ਦਰਜਾ ਗੁਰਬਾਣੀ ਕੇ ਅਰਥੋਂ ਮੇਂ ਖਿਆਲ ਕੋ ਲੀਨ ਕਰਨਾ ਠੀਕ ਹੈ ਔਰ ਕੀਰਤਨ ਮੇਂ ਜਲਦੀ ਮਨ ਇਕਾਗਰ ਹੋ ਜਾਤਾ ਹੈ ਕਿਉਂਕਿ ਸੰਗੀਤ ਹੋਨੇ ਸੇ। ਬਾਦ ਮੇਂ ਮੂਲ ਮੰਤ੍ਰ (ਸ਼ਬਦ) ਮੇਂ ਖਿਆਲ ਲਗਾਓ।

ਮੂਲਮੰਤ੍ਰ

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਸਲੋਕ ਹੈ।*

'ੴ' ਮਹਾ ਮੰਤ੍ਰ ਹੈ। ''ਵਾਹਿਗੁਰੂ'' ਗੁਰ ਮੰਤ੍ਰ ਹੈ।

ਇਨ ਕੇ ਅਭਿਆਸ ਕੀ ਜੁਗਤੀ ਭੀ ਸੰਤੋਂ ਸੇ ਮਿਲਤੀ ਹੈ, ਅਪਨੇ ਆਪ ਨਹੀਂ। ਬੈਖਰੀ, ਮੱਧਮਾ, ਪਸੰਤੀ, ਪਰਾ, ਅਨਹਦ ਸ਼ਬਦ ਔਰ ਗੁਰ ਮੰਤ੍ਰ ਕੇ ਅਭਿਆਸ ਔਰ ਇਕਾਗਰਤਾ ਕੇ ਅਸਥਾਨ ਹੈ। ਇਨ ਤਰੀਕੋਂ ਸੇ ਮਨ ਕੀ ਇਕਾਗਰਤਾ ਹੋ ਕਰ ਸ਼ਾਂਤੀ, ਸੁਖ ਔਰ ਆਤਮ ਦਰਸ਼ਨ ਹੋਤਾ ਹੈ।

*ਪੂਰੇ ਗੁਰ ਕਾ ਸੁਨਿ ਉਪਦੇਸੁ ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥*
*ਸਾਸਿ ਸਾਸਿ ਸਿਮਰਹੁ ਗੋਬਿੰਦ ॥ ਮਨ ਅੰਤਰ ਕੀ ਉਤਰੈ ਚਿੰਦ ॥*
*ਆਸ ਅਨਿਤ ਤਿਆਗਹੁ ਤਰੰਗ ॥ ਸੰਤ ਜਨਾ ਕੀ ਧੂਰਿ ਮਨ ਮੰਗ ॥*
*ਆਪੁ ਛੋਡਿ ਬੇਨਤੀ ਕਰਹੁ ॥ ਸਾਧਸੰਗਿ ਅਗਨਿ ਸਾਗਰੁ ਤਰਹੁ ॥*
*ਹਰਿ ਧਨ ਕੇ ਭਰਿ ਲੇਹੁ ਭੰਡਾਰ ॥ ਨਾਨਕ ਗੁਰ ਪੂਰੇ ਨਮਸਕਾਰ ॥ ਅੰਗ - ੨੯੫*

*'ਚਲਦਾ............।'*

ਵਿਦੇਸ਼ਾਂ ਵਿਚ ਵਸਦੀ ਸੰਗਤ ਨੂੰ ਬੇਨਤੀ ਹੈ ਜੀ ਜੇਕਰ ਤੁਸੀਂ ਕਿਸੇ ਵੀ ਤਰ੍ਹਾਂ ਦਾ ਘਰ ਵਿਚ ਟੀ.ਵੀ. ਉਤੇ ਦੇਖਣ ਲਈ ਸੈਟ ਟੋਪ ਬਾਕਸ (ਆਈ.ਪੀ. ਟੀ.ਵੀ.) ਵਰਤਦੇ ਹੋ ਤਾਂ ਉਸ ਵਿਚ ਰਤਵਾੜਾ ਸਾਹਿਬ ਚੈਨਲ ਵੇਖਣ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ ਜੀ। ਜੇਕਰ ਸੰਗਤ ਪਹਿਲਾਂ ਹੀ ਆਈ.ਪੀ. ਟੀ.ਵੀ. ਬਾਕਸ ਵਰਤਦਾ ਹੈ ਉਸ ਵਿਚ ਰਤਵਾੜਾ ਸਾਹਿਬ ਚੈਨਲ ਵੇਖ ਰਹੇ ਹੋ ਤਾਂ ਕਿਰਪਾ ਕਰਕੇ ਆਪਣੇ ਸੈਟ ਟੋਪ ਬਾਕਸ ਦਾ ਨਾਮ ਅਤੇ ਚੈਨਲ ਦਾ ਨੰਬਰ ਹੇਠ ਲਿਖੇ ਨੰਬਰਾਂ ਤੇ ਦੱਸਣ ਦੀ ਕ੍ਰਿਪਾਲਤਾ ਕਰ ਕਰਨੀ ਜੀ।

**ਮੋਬਾਇਲ ਨੰਬਰ: +91-98728-14385, 94172-14385**




## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਭਾਦੁਇ ਸੰਗਰਾਂਦ - 16 ਅਗਸਤ, ਦਿਨ ਸਨਿੱਚਰਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

**ਵਿਸ਼ੇਸ਼ ਗੁਰਮਤਿ ਸਮਾਗਮ - 8 ਅਗਸਤ, ਦਿਨ ਸ਼ੁਕਰਵਾਰ (ਸਮਾਂ ਸਵੇਰੇ 9.00 ਵਜੇ ਤੋਂ ਸ਼ਾਮੀ 3.30 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**

**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | Amout |
|---|---|
| 1 Year | Rs. 300/- |
| 3 Year | Rs. 750/- |
| 5 Year | Rs. 1200/- |
| Life (20 Year) | Rs. 3000/- |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।**

## PURSUANT OF GOVT. OF INDIA FCRA GUIDELINES REGARDING DONATIONS FROM ABROAD

